ਸਰਦਾਰ ਅਜਮੇਰ ਸਿੰਘ (ਸਮਰਾਲਾ, ਜਨਰਲ): ਮਾਨਯੋਗ ਸਪੀਕਰ ਸਾਹਿਬ, ਮੇਰਾ ਮਨਸ਼ਾ ਤਾਂ ਇਸ ਬਿਲ ਤੇ ਬੋਲਣ ਦਾ ਨਹੀਂ ਸੀ ਪਰ ਕਿਉਂਕਿ ਇਸ ਹਾਊਸ ਦੀ ਇਕ hon. Lady Member ਵਲੋਂ ਇਤਰਾਜ਼ ਕੀਤਾ ਗਿਆ ਹੈ ਕਿ ਮੈਂਬਰਾਂ ਦਾ Compensatory Allowance ਤੇ Daily Allowance ਬਹੁਤ ਜ਼ਿਆਦਾ ਹੈ ਇਸ ਕਰਕੇ ਮੈਨੂੰ ਬੋਲਣ ਦੀ ਲੋੜ ਪਈ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਇਕ sentimental ਅਪੀਲ ਕੀਤੀ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਕਿਧਰੇ ਇਹ impression ਨਾ ਲਿਆ ਜਾਏ ਕਿ ਜੇ ਇਕ hon. Lady Member ਨੇ ਇਹ ਕਿਹਾ ਹੈ ਤੇ ਸ਼ਾਇਦ ਬਾਕੀ ਦੇ ਸਾਰੇ ਮੈਂਬਰ ਵੀ ਇਹ ਖ਼ਿਆਲ ਰਖਦੇ ਹਨ ਕਿ Compensatory Allowance ਦੀ ਰਕਮ ਕੁਝ ਜ਼ਿਆਦਾ ਹੈ, ਮੈਂ ਇਸ ਸੰਬਧ ਵਿਚ ਕੁਝ ਕਹਿਣਾ ਜ਼ਰੂਰੀ ਸਮਝਦਾ ਹਾਂ। ਸਪੀਕਰ ਸਾਹਿਬ, ਮੁਸੱਲਮਾ ਤੌਰ ਤੇ ਸਾਰੇ ਸੱਜਣ ਜਾਣਦੇ ਹਨ ਕਿ partition ਤੋਂ ਪਹਿਲਾਂ ਜਿਹੜਾ 300 ਰੁਪਏ ਮਾਹਵਾਰ Compensatory Allowance ਮਿਲਦਾ ਸੀ ਉਸ ਦੇ ਮੁਕਾਬਲੇ ਵਿਚ ਅੱਜ 300 ਰੁਪਏ ਦੀ value 70 ਜਾਂ 75 ਰੁਪਏ ਬਣਦੀ ਹੈ। ਜਦੋਂ Assembly ਦੀ ਬੈਠਕ ਨਹੀਂ ਹੁੰਦੀ ਤਾਂ ਮੈਂਬਰਾਂ ਨੇ ਆਪਣੀ Constituencies ਵਿਚ ਭਾਵੇਂ ਉਹ single ਹੋਵੇ ਜਾਂ double ਪੈਦਲ ਤੇ ਟੁਰ ਕੇ ਨਹੀਂ ਜਾਣਾ ਹੁੰਦਾ, ਨਾ ਹੀ ਗੱਡਿਆਂ ਤੇ ਚੜ੍ਹ ਕੇ ਜਾਣਾ ਹੁੰਦਾ ਹੈ। ਉਨ੍ਹਾਂ ਨੂੰ ਕੋਈ vehicle engage ਕਰਕੇ ਤਿੰਨ ਚਾਰ ਦਫ਼ਾ ਆਪਣਿਆਂ ਹਲਕਿਆਂ ਵਿਚ ਜਾਣਾ ਪੈਂਦਾ ਹੈ। ਇਸ ਲਈ ਇਹ ਰਕਮ ਕਿਸੇ ਲਿਹਾਜ਼ ਨਾਲ ਜ਼ਿਆਦਾ ਨਹੀਂ ਸਮਝੀ ਜਾ ਸਕਦੀ। ਪਿਛਲੀ ਅਸੈਂਬਲੀ ਵਿਚ ਸੱਚਰ ਸਾਹਿਬ ਨੇ ਇਕ ਵਾਰੀ debate ਦਾ ਜਵਾਬ ਦੇਂਦਿਆਂ ਹੋਇਆਂ ਵਿਸਥਾਰ ਨਾਲ ਦਸਿਆ ਸੀ ਕਿ ਜੇ ਮੈਂਬਰ ਆਪਣੀ duty ਨੂੰ ਚੰਗੀ ਤਰ੍ਹਾਂ ਸਰਅੰਜਾਮ ਦੇਵੇ ਤਾਂ ਉਸ ਦਾ ਇਹ 300 ਰੁਪਿਆ ਸਾਰਾ ਖ਼ਰਚ ਹੋ ਜਾਂਦਾ ਹੈ ਤੇ ਉਸ ਨੂੰ ਕੋਈ ਬੱਚਤ ਨਹੀਂ ਹੁੰਦੀ। ਫਿਰ hon. Lady Member ਨੇ ਕਿਹਾ ਹੈ ਕਿ Saturday ਨੂੰ off day ਰਖਕੇ ਸਰਕਾਰੀ ਖਜ਼ਾਨੇ ਤੇ Travelling Allowance ਦਾ burden ਪਾਉਣ ਦਾ ਜਤਨ ਕੀਤਾ ਜਾਂਦਾ ਹੈ। ਇਹ ਬਿਲਕੁਲ ਗ਼ਲਤ ਗੱਲ ਹੈ। ਆਖਿਰ ਮੈਂਬਰਾਂ ਨੇ ਆਪਣੀ Constituency ਨਾਲ in touch ਰਹਿਣਾ ਹੁੰਦਾ ਹੈ। ਇਸ ਦੇ ਅਲਾਵਾ ਉਨ੍ਹਾਂ ਨੂੰ ਨਿਜੀ ਕੰਮ ਵੀ ਪੈ ਜਾਂਦੇ ਹਨ; ਇਸ ਲਈ ਇਕ ਹਫ਼ਤੇ ਬਾਅਦ ਉਨ੍ਹਾਂ ਦਾ ਘਰ ਜਾਣਾ ਕੋਈ ਗ਼ੈਰ-ਮੁਨਾਸਬ ਗੱਲ ਨਹੀਂ। ਜੇ Saturday ਨੂੰ ਛੁੱਟੀ ਨਾ ਕੀਤੀ ਜਾਏ ਤਾਂ ਐਤਵਾਰ ਦੇ ਦਿਨ ਉਹ ਘਰ ਜਾ ਕੇ ਇਕ ਦਿਨ ਵਿਚ ਵਾਪਸ ਨਹੀਂ ਆ ਸਕਦੇ। ਇਸ ਚੀਜ਼ ਨੂੰ ਇਸ ਨੁਕਤਾ ਨਿਗਾਹ ਨਾਲ ਵੇਖਣਾ ਕਿ ਦੋ ਛੁੱਟੀਆਂ ਮੈਂਬਰਾਂ ਨੂੰ Travelling Allowance ਦੁਆਉਣ ਦੀ ਨੀਅਤ ਨਾਲ ਦਿਤੀਆਂ ਜਾਂਦੀਆਂ ਹਨ, ਇਹ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਦਿਆਨਤਦਾਰੀ ਤੇ ਸ਼ੱਕ ਕਰਨ ਵਾਲੀ ਗੱਲ ਹੈ। ਮਾਨਯੋਗ Lady Member ਨੇ ਇਸ ਤਰ੍ਹਾਂ ਦੀਆਂ ਗੱਲਾਂ ਕਹਿ ਕੇ ਮੈਂ ਸਮਝਦਾ ਹਾਂ ਕਿ ਇਸ ਮਾਮਲੇ ਵਿਚ charitable view ਨਹੀਂ ਲਿਆ।

ਇਸ ਦੇ ਅਲਾਵਾ, ਸਪੀਕਰ ਸਾਹਿਬ, ਜਿਥੋਂ ਤਕ Daily Allowance ਦਾ ਤਅੱਲੁਕ ਹੈ ਆਪ ਜਾਣਦੇ ਹੋ ਕਿ ਇਹ 20 ਰੁਪਏ ਤੋਂ reduce ਕਰ ਕੇ 7/8/- ਕਰ ਦਿਤਾ ਗਿਆ ਸੀ। ਇਸ ਰਕਮ ਨੂੰ ਕਹਿਣਾ ਕਿ ਇਹ excessive ਹੈ ਕਿਸੇ ਤਰ੍ਹਾਂ

[ਸਰਦਾਰ ਅਜਮੇਰ ਸਿੰਘ]

ਵੀ ਮੁਨਾਸਬ ਗੱਲ ਨਹੀਂ । ਫੇਰ, ਸਪੀਕਰ ਸਾਹਿਬ, ਇਸ ਗੱਲ ਦਾ ਜ਼ਿਕਰ ਕਰਨਾ ਮੁਨਾਸਬ ਨਹੀਂ ਕਿ ਮੈਂਬਰ ਕਿੰਨਾ ਰੁਪਿਆ election ਤੇ ਖ਼ਰਚ ਕਰਕੇ ਇਥੇ ਆਉਂਦੇ ਹਨ ਤੇ ਇਨ੍ਹਾਂ items ਤੋਂ ਉਹ ਖ਼ਰਚ ਪੂਰਾ ਕਰਨ ਦੇ ਜਤਨ ਇਸ ਤਰ੍ਹਾਂ ਨਹੀਂ ਕੀਤੇ ਜਾ ਸਕਦੇ । ਮੈਂ ਅਰਜ਼ ਕਰਾਂਗਾ ਕਿ ਜੋ ਕੁਝ ਵੀ ਮੈਂਬਰਾਂ ਨੂੰ Allowances ਦੀ ਸ਼ਕਲ ਵਿਚ ਦਿੱਤਾ ਜਾਂਦਾ ਹੈ ਉਹ minimum possible ਹੈ and they are not deriving any benefit out of it. I would say that making of such sentimental appeals and thereby gaining cheap popularity is not at all proper. ਮੈਂ ਕਹਾਂਗਾ ਕਿ ਇਹ ਬਿਲ ਹੂ-ਬਹੂ ਇਸੇ ਤਰ੍ਹਾਂ ਪਾਸ ਹੋ ਜਾਣਾ ਚਾਹੀਦਾ ਹੈ ।

श्री निहाल सिंह (महेन्द्रगढ़) : स्पीकर साहिब, मैम्बरान के Allowances के मुतअल्लिक कहा गया है कि इस में तख़फ़ीफ़ की जानी चाहिये । इस बारे में खास तौर पर Lady Members की तरफ़ से एतराज़ किया गया है ।

Kanwarani Jagdish Kaur : Not from all lady members please.
(Voices from the Treasury Benches : कंवरानी साहिबा हमेशा हमारा साथ देती हैं ।)

श्री निहाल सिंह : इस में मैम्बरों के कमाने का कोई सवाल नहीं । लेडी मेम्बर्ज़ को इतने पैसों की ज़रूरत नहीं होती क्योंकि उन के घरवाले कमाने वाले होते हैं । (हंसी) हमारी बीवियां तो कमाती नहीं हैं ।

श्रीमती सरला देवी शर्मा : On a point of order, Sir. क्या मैं पूछ सकती हूं कि उन की 300 रुपये के अलावा भी कोई आमदनी है ?

अध्यक्ष महोदय : यह point of order नहीं है । आप को क्यों हमदरदी हो गई है ? (This is not a point of order. I wonder why the hon. Lady Member should express her sympathy.)

श्री निहाल सिंह : अगर हम ने पब्लिक के साथ justification करनी है तो हमें उन की मुश्किलों को attend करने के लिये टाइम देना ही पड़ता है । अगर हमारा कोई side business न हो तो फिर इस ढंग से सिर्फ़ ऐसे आदमी हो आ सकते है जैसे हमारे ज्ञानी जी हैं । (हंसी) Average आदमी के लिये आना मुश्किल होगा ।

Shri Harbhagwan Maudgil: Sir, I beg to move—

That the question be now put.

ਸਰਦਾਰ ਅਜਮੇਰ ਸਿੰਘ : ਗਿਆਨੀ ਜੀ ਦੇ ਮੁਤਅੱਲਕ ਗਲਤਫ਼ਹਿਮੀ ਪੈਦਾ ਹੋ ਗਈ ਹੈ । ਉਹ ਸਾਫ਼ ਹੋ ਜਾਣੀ ਚਾਹੀਦੀ ਹੈ । (ਹਾਸਾ)

अध्यक्ष महोदय : हमें तो किसी गलतफ़हमी का पता नहीं है । (We are not aware of any misunderstanding.)

मौलवी अब्दुल ग़नी डार (नूह) : स्पीकर साहिब, मैं इस बिल की ताईद करता हूं । मगर एक अर्ज़ अपनी सरकार से करना चाहता हूं । अगर मैसूर और दूसरी स्टेटस में स्पीकर्ज़ के लिये उसी तरह कार का इन्तज़ाम है जिस तरह मनिस्टरज़ और डिपटी मनिस्टरज़ के लिये है तो यह ठीक नहीं कि यहां न हो ।

अध्यक्ष महोदय : मिहरबानी करके इस मज़मून को छोड़ दीजिये। (The hon. Member may please leave this topic.)

मौलवी अब्दुल ग़नी डार : यह ढिल्लों साहिब की इज्ज़त का सवाल नहीं, स्पीकर साहिब की शान का सवाल है। अगर्चि इस वक्त सरकार ने इस बिल में यह इन्तज़ाम नहीं किया है, मैं उम्मीद करता हूं कि वह ज़रूर इस तरफ़ तवज्जुह देंगे।

स्पीकर साहिब, एक और अर्ज़ मैं ने करनी है। यह जो फर्स्ट क्लास में या थर्ड क्लास में या बस में मेम्बरों के सफ़र करने का झगड़ा है यह दूर हो सकता है अगर हमारी सरकार मेम्बर साहिबान को सारे सूबे के लिये फर्स्ट क्लास का पास दे दे जैसा कि पार्लियामेंट के मेम्बरों के लिये है। पार्लियामेंट के मेम्बरों को यह हक हासिल है कि वे जहां भी जाना चाहें फर्स्ट क्लास में जा सकते हैं।

अध्यक्ष महोदय : मगर यह पास देने का मामला गवर्नमेंट आफ़ इंडिया के अख्तियार में है। (But this matter of granting passes is within the jurisdiction of the Government of India)

मौलवी अब्दुल ग़नी डार : मेरी बहन अगर दिला दें तो हम लोगों की खिदमत करते रहेंगे।

श्रीमती ओम प्रभा जैन : क्या मैं इन बातों का जो मेम्बर साहिब ने की हैं जवाब दे सकती हूं?

अध्यक्ष महोदय : नहीं जी। (No please.)

वित्त मंत्री (श्री मोहन लाल) : स्पीकर साहिब, अच्छा होता अगर श्रीमती ओम प्रभा जैन यह controversy पैदा न करतीं। यह नया बिल नहीं है। यह देर से चला आ रहा है। जिस वक्त यह ऐक्ट पास हुआ था इस पर काफ़ी ग़ौरो खौज़ हुआ था। अब इस की details में जाना आवश्यक न होगा। उन्हों ने मेम्बर साहिबान के Compensatory Allowance, Travelling Allowance और Halting Allowance पर एतराज़ किया है और इस तरह उन से बेइन्साफ़ी की है। मेम्बर साहिबान को यहां पर लगातार रहना पड़ता है। बाज़ दफ़ा तो सेशन एक महीना या इस से भी ज़्यादा रहता है। हरेक के मुतअल्लिक उन्हों ने यह कैसे तसव्वर कर लिया कि उन की वैसी ही प्रैक्टिस है जैसी कि दिल्ली में होती है। (हंसी) इस लिये उन को charitable view लेना चाहिये। इस के अलावा यहां उन के ऐसे भाई भी हैं जिन का सारा वक्त पब्लिक की सेवा में गुज़र जाता है। वे न सिर्फ सेशन में यहां आते हैं बल्कि उस के बाद भी उन की पोज़ीशन ऐसी है कि वे अपना कोई कमाई का धंधा नहीं करते। उन को भी मेरी बहन को नज़र अंदाज़ नहीं करना चाहिये। जब ऐसा बिल पेश हो तो sentimental होने से ग़लत चीज़ बन जाती है। मैं समझता था कि इस बिल पर controversy नहीं होगी। यह impression न लिया जाए कि Treasury Benches पर बैठने वाले मेम्बरों में ऐसी कोई feeling हैं जिस का इज़हार श्रीमती ओम प्रभा ने किया है। उन्हों ने Saturday को off day करने पर एतराज़ किया है। उन्हें यह नज़र-अंदाज़

[वित्त मंत्री]
नहीं करना चाहिये कि किसी मेंबर का अपनी constituency से बहुत देर तक दूर रहना ठीक नहीं होता। अगर आप लगातार यहां बैठे रहें और आप की ग़ैर-हाज़री में आप की constituency में कोई अहम वाक्या हो जाए तो आप उस की तरफ़ कैसे ध्यान दे सकते हैं ? आप का अपनी constituency में होना उतना ही ज़रूरी है जितना यहां होना। अगर मेंबर साहिबान constituency की ज़रूरियात को cater करने के लिये जाते हैं तो यह मज़ाक की बात नहीं है। यह उन की duty है।

कोई वक्त था कि मेम्बर साहिबान का Daily Allowance 20 रुपये से भी ज़्यादा था। आप की पार्लियामेंट है; वहां पर कितने सुलझे हुए दिमाग़ हैं। वहां 400 रुपये Compensatory Allowance और जब मीटिंग हो तो 21 रुपये Daily Allowance मेम्बर्ज़ को मिलता है। इस की पूरी justification है। अगर पार्लियामेंट के काम में आप की सेवा के लिये आठ या नौ महीने दिल्ली में लगें तो क्यों ऐसा न हो? इस लिये जो कुछ श्रीमती ओम प्रभा ने कहा शायद जज़बाती तौर पर कहा था। वरना अगर वह मेम्बर साहिबान की सेवा का भी view ले लेतीं तो शायद वह अपनी observations में इतनी uncharitable न होतीं। जैसा कि सरदार अजमेर सिंह ने कहा है, 300 रुपये के allowance की इतनी बड़ी वुक़त नहीं है। सही बात तो यह है कि हम चाहते हैं कि किसी तरह हमारे low-paid employees की आमदन बढ़े क्योंकि price index बढ़ा हुआ है। इस लिये 300 रुपये के मुतअल्लिक इतना वावेला मचाने में कोई justification दिखाई नहीं देती।

मान जी ने दूसरे हाऊस के मुताल्लिक कुछ कहा है। मेरा चूंकि दूसरे हाऊस से संबंध है, इसलिये कुछ कहना मुनासिब तो नहीं। फिर भी यह अर्ज़ कर दूं कि इस में Pepsu पर burden कैसे डाला गया है ? Chairman और Deputy Chairman तो पहले भी थे। इसलिये यह Exchequer पर कोई नया बोझ नहीं है। मैं दूसरे House की justification या Non-justification की बात में नहीं जाना चाहता। अगर Exchequer पर कोई नया बोझ डाला गया है तो आप वह बतलाएं कि कौन सा है। दरअसल किसी और बात को कहने के लिये Pepsu का नाम ले कर argument करना मुनासब नहीं था। इसलिये मैं अर्ज़ करूंगा कि इस Bill में कोई controversy वाली बात तो नहीं होनी चाहिए थी। इस को जिस तरह से मैं ने consideration stage पर पेश किया है इसी तरह पास करना चाहिये।

Mr. Speaker : Question is—

That the Punjab Laws (Application) Bill be passed.

The motion was carried.

THE PUNJAB LAND REVENUE (SURCHARGE) (SECOND AMENDMENT BILL

Minister for Revenue (Giani Kartar Singh) : Sir, I beg to introduce the Punjab Land Revenue (Surcharge) (Second Amendment), Bill.

Minister for Revenue (Giani Kartar Singh) : Sir, I beg to move—

> That the Punjab Land Revenue (Surcharge) (Second Amendment) Bill. be taken into consideration at once.

यह Bill इस मकसद के साथ House में लाया गया है; जिस तरह पंजाब और पैप्सू में एक ही कानून जारी किये जा रहे हैं, लागू किये जा रहे हैं उसी तरह जो पंजाब में surcharge लगा हुआ है और उस surcharge के मुतअल्लिक जो कानून हैं उसे Pepsu में जारी किया जाए। सिर्फ़ एक एहतियात इस में हम ने की है और वह एहतियात यह है कि अगर इस Bill में हम उस चीज़ को न लिखते तो कई भाई यह मतालबा करते कि साबका Pepsu के इलाका में land revenue के rates high हैं, अगर वहां surcharge लगाया जाए तो उन लोगों को बहुत ज्यादा रकम देनी पड़ेगी। तो जो यह आवाज़ निकलनी थी उस का इंतज़ाम करके हमने पहले ही इस Bill में रख दिया है कि वहां surcharge तो लगाया जाए लेकिन इस Bill के पास होते ही, इस के जारी होते ही नहीं लगेगा। उस के बाद Notification होगा और वह Notification उस वक्त किया जाएगा जब कि Pepsu के जो land revenue के rates हैं वह पंजाब की सतह पर आ जाएं। Pepsu का land revenue पंजाब की सतह पर लाने के लिये तेज़ रफ्तारी से कारवाई हो रही है और 6 महीनों में पंजाब और Pepsu के land revenue rates बराबर हो जाएंगे। जब वह बराबर हो जाएंगे, जिस ज़िला या इलाका में वह बराबर होते जाएंगे फिर Notification करेंगे कि यह surcharge वहां भी जारी कर दिया जाए। इस एहतियात के साथ और इस पाबंदी के साथ कि वहां land revenue के rates बराबर करेंगे surcharge लेना है। मैं समझता हूं कि इस House के Member साहिबान को इस Bill पर कोई एतराज़ नहीं होगा और वह इसे जल्द ग़ौर कर के पास करने की कार्रवाई करेंगे।

Mr. Speaker : Motion moved—

> That the Punjab Land Revenue (Surcharge) (Second Amendment) Bill be taken into consideration at once.

(*At this stage Mr. Deputy Speaker occupied the Chair*).

ਪੰਡਤ ਰਾਮ ਕਿਸ਼ਨ ਭੜੋਲੀਆਂ (ਊਨਾ) : ਸ਼੍ਰੀਮਾਨ ਡਿਪਟੀ ਸਪੀਕਰ ਸਾਹਿਬ, ਜਿਹੜਾ ਬਿਲ ਰੈਵਿਨਿਊ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ ਇਸ ਦੇ ਅੰਦਰ ਬਹੁਤ ਅਹਿਮ ਤਰੁਟੀਆਂ ਹਨ ਔਰ ਇਸ ਦੇ ਵਿਚ ਬਹੁਤ ਸੰਜੀਦਾ ਨੁਕਸ ਹਨ ਜਿਹੜੇ ਮੈਂ ਰਵਿਨਿਊ

[ਪੰਡਤ ਰਾਮ ਕਿਸ਼ਨ ਭੜੋਲੀਆਂ]
ਮਨਿਸਟਰ ਸਾਹਿਬ ਦੇ ਸਾਹਮਣੇ ਪੇਸ਼ ਕਰਨੇ ਚਾਹੁੰਦਾ ਹਾਂ ਤਾਕਿ ਉਹ ਉਨ੍ਹਾਂ ਨੂੰ ਇਸ ਦੇ ਵਿਚੋਂ ਕੱਢ ਦੇਣ ਔਰ ਇਹ ਬਿਲ ਮੁਕੰਮਲ ਹੋ ਜਾਏ । ਪਹਿਲੀ ਚੀਜ਼ ਇਨ੍ਹਾਂ ਨੇ ਸਟੇਟਮੈਂਟ ਆਫ਼ ਆਬਜੈਕਟਸ ਐਂਡ ਰੀਜ਼ਨਜ਼ ਦੇ ਵਿਚ ਵੀ ਕਹੀ ਹੈ ਔਰ ਆਪਣੀ ਤਕਰੀਰ ਦੇ ਵਿਚ ਵੀ ਇਹ ਗੱਲ ਕਹੀ ਹੈ ਕਿ ਅਸੀਂ ਏਸ ਨੂੰ ਜਲਦੀ ਲਾਗੂ ਨਹੀਂ ਕਰ ਰਹੇ ਬਲਕਿ ਜਿਹੜੇ ਮਗਰੋਂ ਨੁਕਸ ਨਿਕਲਣੇ ਸਨ ਉਨ੍ਹਾਂ ਨੂੰ ਪਹਿਲਾਂ ਹੀ ਕੱਢ ਦੇਣਾ ਚਾਹੁੰਦੇ ਹਾਂ । ਪੈਪਸੂ ਦੇ ਅੰਦਰ ਮਾਲੀਆ ਅਗੇ ਹੀ ਵੱਧ ਹੈ । ਉਸ ਨੂੰ ਘਟਾ ਕੇ ਜਦੋਂ ਉਹ ਪੰਜਾਬ ਦੇ ਬਰਾਬਰ ਹੋ ਜਾਏਗਾ ਤਦ ਹੀ ਅਸੀਂ ਸਰਚਾਰਜ ਲਾਵਾਂਗੇ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੈਪਸੂ .... (*Interruption.*)

खान अब्दुल गफ़ार खां : On a point of orde , Sir. नुकाइस की संजीदगी की तारीफ़ फ़रमा दीजिए ।

ਪੰਡਤ ਰਾਮ ਕਿਸ਼ਨ ਭੜੋਲੀਆਂ : ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਪੈਪਸੂ ਅੱਠਾਂ ਰਿਆਸਤਾਂ ਦਾ ਇਕ ਮਜਮੂਆ ਸੀ ਔਰ ਹਰ ਰਿਆਸਤ ਦੇ ਅੰਦਰ ਮੁਖਤਲਿਫ ਕਿਸਮ ਦਾ ਮਾਲੀਆ ਸੀ । ਇਹ ਠੀਕ ਹੈ ਕਿ ਉਨ੍ਹਾਂ ਅੱਠਾਂ ਰਿਆਸਤਾਂ ਦੇ ਵਿਚ ਚੰਦ ਰਿਆਸਤਾਂ ਐਸੀਆਂ ਹਨ ਜਿਨ੍ਹਾਂ ਦੇ ਵਿਚ ਮਾਲੀਆ ਪੰਜਾਬ ਨਾਲੋਂ ਜ਼ਿਆਦਾ ਹੈ । ਕਈ ਐਸੀਆਂ ਰਿਆਸਤਾਂ ਵੀ ਹਨ ਜਿਸ ਤਰ੍ਹਾਂ ਜੀਂਦ ਔਰ ਪਟਿਆਲੇ ਦਾ ਬਹੁਤ ਸਾਰਾ ਹਿੱਸਾ, ਜਿਥੇ ਮਾਲੀਆ ਘੱਟ ਹੈ । ਇਸ ਲਈ ਮੈਂ ਰੈਵਿਨਿਊ ਮਨਿਸਟਰ ਸਾਹਿਬ ਪਾਸ ਦਰਖਾਸਤ ਕਰਾਂਗਾ ਕਿ ਸਾਬਕਾ ਪੈਪਸੂ ਵਿਚ ਜਿਸ ਇਲਾਕੇ ਵਿਚ ਮਾਲੀਆ ਪੰਜਾਬ ਨਾਲੋਂ ਘੱਟ ਹੈ ਉਥੇ ਮਾਲੀਆ ਪੰਜਾਬ ਦੇ ਬਰਾਬਰ ਨਾ ਕੀਤਾ ਜਾਏ । ਕੇਰਲ ਦੇ ਅੰਦਰ ਏਸੇ ਤਰ੍ਹਾਂ ਹੋਇਆ ਹੈ । ਟਰਾਵਨਕੋਰ ਔਰ ਮਾਲਾਬਾਰ ਦੇ ਦੂਸਰੇ ਡਿਸਟਰਿਕਟ ਮਿਲਾਕੇ ਕੇਰਲ ਬਣਾਇਆ ਹੈ । ਉਥੇ ਜਿਸ ਇਲਾਕੇ ਵਿਚ ਮਾਲੀਆ ਜ਼ਿਆਦਾ ਸੀ ਉਹ ਘਟਾ ਦਿਤਾ ਗਿਆ ਹੈ, ਜਿਥੇ ਥੋੜਾ ਸੀ ਉਥੇ ਉਹੋ ਹੀ ਲਾਗੂ ਕੀਤਾ ਗਿਆ ਹੈ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਸਾਬਕਾ ਪੈਪਸੂ ਦੇ ਇਲਾਕੇ ਵਿਚ ਜਿਥੇ ਮਾਲੀਆ ਪਹਿਲਾਂ ਹੀ ਘੱਟ ਹੈ ਉਸ ਨੂੰ ਵਧਾ ਕੇ ਪੰਜਾਬ ਦੇ ਮਾਲੀਏ ਦੇ ਬਰਾਬਰ ਨਾ ਕੀਤਾ ਜਾਵੇ, ਉਸ ਨੂੰ ਓਸੇ ਸ਼ਰਹ ਤੇ ਰਹਿਣ ਦਿਤਾ ਜਾਏ । ਇਸ ਦੇ ਨਾਲ ਹੀ ਇਸ ਬਿਲ ਵਿਚ ਦੂਜੀ ਬੁਰਾਈ ਇਹ ਹੈ ਕਿ ਸਾਬਕਾ ਪੈਪਸੂ ਵਿਚ ਮੁਜ਼ਾਰਿਆਂ ਦੀ ਹਿਫਾਜ਼ਤ ਦੇ ਨਾਉਂ ਹੇਠ ਇਕ ਐਕਟ ਬਣਿਆ ਹੈ । ਉਸ ਦੇ ਵਿਚ ਇਹ ਦਰਜ ਹੈ ਕਿ ਜਿਹੜੇ ਮੁਜ਼ਾਰੇ ਜ਼ਮੀਨ ਦੇ ਉਤੇ ਦੇਰੀਨਾ ਕਾਬਜ਼ ਹਨ ਔਰ ਉਹ ਜਾਗੀਰਦਾਰਾਂ ਦੀਆਂ ਜ਼ਮੀਨਾਂ ਖਰੀਦਣਾ ਚਾਹੁੰਦੇ ਹਨ ਉਹ ਦੋ ਸੌ ਰੁਪਿਆ ਫ਼ੀ ਏਕੜ ਜਾਂ ਮਾਲੀਏ ਦਾ 90 ਗੁਣਾ ਅਦਾ ਕਰ ਦੇਣ । ਇਸ ਦਾ ਨਤੀਜਾ ਇਹ ਹੋਵੇਗਾ ਕਿ ਅਗਰ ਇਸ ਬਿਲ ਨੂੰ ਅਸੀਂ ਇਸ ਸ਼ਕਲ ਵਿਚ ਪਾਸ ਕਰ ਦਿਤਾ ਤਾਂ ਜਿਨ੍ਹਾਂ ਸਾਬਕਾ ਰਿਆਸਤਾਂ ਵਿਚ ਮਾਲੀਆ ਪੰਜਾਬ ਨਾਲੋਂ ਥੋੜ੍ਹਾ ਹੈ, ਉਹ ਵਧ ਜਾਏਗਾ । ਜਿਤਨਾ ਮਾਲੀਆ ਵਧੇਗਾ, ਉਤਨੀ ਉਸ ਜ਼ਮੀਨ ਦੀ ਕੀਮਤ ਵਧ ਜਾਏਗੀ । ਇਸ ਬਿਲ ਨੂੰ ਏਸੇ ਸ਼ਕਲ ਵਿਚ ਪਾਸ ਕਰਨ ਦੇ ਨਾਲ ਜਾਗੀਰਦਾਰਾਂ ਦੀ ਮਦਦ ਹੋਏਗੀ, ਜਿਹੜੇ ਗੈਰ-ਮੌਰੂਸੀ ਮੁਜ਼ਾਰੇ ਹਨ ਉਨ੍ਹਾਂ ਦੀ ਮਦਦ ਨਹੀਂ ਹੋਏਗੀ । ਇਸ ਲਈ ਮੈਂ ਰੈਵਿਨਿਊ ਮਨਿਸਟਰ ਸਾਹਿਬ ਅਗੇ ਅਰਜ਼ ਕਰਦਾ ਹਾਂ ਕਿ ਇਸ ਵਲ ਖ਼ਾਸ ਤੌਰ ਤੇ ਧਿਆਨ ਦਿਤਾ ਜਾਏ ।

ਤੀਸਰੀ ਚੀਜ਼ ਜਿਹੜੀ ਮੈਂ ਉਨ੍ਹਾਂ ਦੇ ਸਾਹਮਣੇ ਲਿਆਉਣੀ ਚਾਹੁੰਦਾ ਹਾਂ ਔਰ ਜਿਹੜੀ ਇਸ ਬਿਲ ਵਿਚ ਦਰਜ ਨਹੀਂ ਹੋਈ ਉਹ ਇਹ ਹੈ ਕਿ ਇਰੀਗੇਸ਼ਨ ਅਤੇ ਪਾਵਰ ਮਨਿਸਟਰ ਸਾਹਿਬ ਆਪ ਇਹ ਮੰਨਦੇ ਹਨ, ਸਾਰੀ ਹਕੂਮਤ ਇਹ ਮੰਨਦੀ ਹੈ, ਸਾਰਾ ਹਾਊਸ ਇਹ ਮੰਨਦਾ ਹੈ ਕਿ ਸਾਬਕਾ ਪੈਪਸੂ ਵਿਚ ਬਹੁਤ ਸਾਰਾ ਇਲਾਕਾ ਸੇਮ-ਜ਼ਦਾ ਹੋ ਗਿਆ ਹੈ । ਜਿਸ ਤਰ੍ਹਾਂ ਮਿਸਾਲ ਦੇ ਤੌਰ ਤੇ ਕਈ ਅਮੈਂਡਮੈਂਟਸ ਵੀ ਇਸ ਅਮੈਂਡਿੰਗ ਬਿਲ ਤੇ ਆਈਆਂ ਹਨ, ਜਿਨ੍ਹਾਂ ਦੇ ਵਿਚ ਇਹ ਧਿਆਨ ਦਿਲਾਇਆ ਗਿਆ ਹੈ, ਮਸਲਨ ਸੰਗਰੂਰ ਡਿਸਟਰਿਕਟ ਔਰ ਕਈ ਹੋਰ ਇਸ ਕਿਸਮ ਦੀਆਂ ਜਗ੍ਹਾਂ ਹਨ ਜਿਹੜੇ ਇਲਾਕੇ ਸੇਮ-ਜ਼ਦਾ ਹੋ ਗਏ ਹਨ ਔਰ ਜਿਥੇ ਬਹੁਤ ਸਾਲਾਂ ਤੱਕ, ਅਗਰ ਸਰਕਾਰ ਨੇ ਇੰਤਜ਼ਾਮ ਨਾ ਕੀਤਾ, ਕੋਈ ਫ਼ਸਲ ਨਹੀਂ ਹੋਏਗੀ । ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਇਲਾਕਿਆਂ ਵਿਚ ਕਤਈ ਤੌਰ ਤੇ ਮਾਲੀਆ ਮੁਆਫ਼ ਕਰ ਦਿਤਾ ਜਾਏ । ਅਗਰ ਇਹ ਮਾਲੀਆ ਏਸੇ ਤਰ੍ਹਾਂ ਰਿਹਾ ਔਰ ਇਨ੍ਹਾਂ ਸੇਮ-ਜ਼ਦਾ ਇਲਾਕਿਆਂ ਨੂੰ ਮੁਸਤਸਨਾ ਕਰਾਰ ਨਾ ਦਿਤਾ ਤਾਂ ਉਨ੍ਹਾਂ ਕਿਸਾਨਾਂ ਤੇ ਬਹੁਤ ਭਾਰ ਪਏਗਾ । ਇਸ ਲਈ ਮੈਂ ਰੈਵਿਨਿਊ ਮਨਿਸਟਰ ਸਾਹਿਬ ਅਗੇ ਬੇਨਤੀ ਕਰਾਂਗਾ ਕਿ ਉਹ ਇਸ ਨੂੰ ਇਸ ਬਿਲ ਵਿਚ ਮਨਜ਼ੂਰ ਕਰਨ ਔਰ ਦਰਜ ਕਰਨ ।

ਚੌਥੀ ਚੀਜ਼ ਜਿਹੜੀ ਮੈਂ ਇਨ੍ਹਾਂ ਅਗੇ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਜਿਸ ਤਰ੍ਹਾਂ Kangra District ਦੀ Kulu Division ਇਨ੍ਹਾਂ ਨੇ ਇਸ ਚੀਜ਼ ਤੋਂ ਮੁਸਤਸਨਾ ਕਰਾਰ ਦਿੱਤੀ ਹੈ ਅਤੇ ਗੁੜਗਾਵਾਂ ਦਾ ਜ਼ਿਲ੍ਹਾ ਵੀ ਮੁਸਤਸਨਾ ਕਰਾਰ ਦਿਤਾ ਹੈ ਇਸੇ ਤਰ੍ਹਾਂ ਪਹਿਲੀ ਅਸੈਂਬਲੀ ਨੇ ਸਾਰਾ ਜ਼ਿਲ੍ਹਾ ਕਾਂਗੜਾ ਅਤੇ ਤਹਿਸੀਲ ਊਨਾ ਨੂੰ backward ਇਲਾਕਾ ਕਰਾਰ ਦਿੱਤਾ ਸੀ । ਉਹ ਪਹਾੜੀ ਇਲਾਕੇ ਹਨ ਅਤੇ ਬਹੁਤ ਸਾਰੇ hon. Members ਕਿਸੇ ਨਾ ਕਿਸੇ ਕੰਮ ਪਹਾੜਾਂ ਤੇ ਜਾਂਦੇ ਰਹਿੰਦੇ ਹਨ, ਉਨ੍ਹਾਂ ਨੂੰ ਖਬਰ ਹੀ ਹੈ ਕਿ ਉਥੇ ਖੇਤਾਂ ਦੀ ਕਿਡੀ ਖਰਾਬ ਹਾਲਤ ਹੁੰਦੀ ਹੈ । ਖੇਤਾਂ ਵਿਚ ਵਟਾਂ ਹੀ ਵਟਾਂ ਨਜ਼ਰ ਆਉਂਦੀਆਂ ਹਨ । ਇਸ ਕਰਕੇ ਸਾਰੇ ਜ਼ਿਲ੍ਹੇ ਕਾਂਗੜੇ ਨੂੰ ਅਤੇ ਤਹਿਸੀਲ ਊਨਾ ਨੂੰ ਇਸ ਤੋਂ ਮੁਸਤਸਨਾ ਕਰਾਰ ਦੇਣਾ ਚਾਹੀਦਾ ਹੈ । ਅੰਤ ਵਿਚ ਫਿਰ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਨ੍ਹਾਂ ਰਿਆਸਤਾਂ ਵਿਚ ਮਾਲੀਆ ਪੰਜਾਬ ਨਾਲੋਂ ਘਟ ਹੈ ਉਨ੍ਹਾਂ ਨੂੰ ਪੰਜਾਬ ਦੀ ਸਤਹ ਉਪਰ ਨਾ ਲਿਆਂਦਾ ਜਾਵੇ । ਇਸ ਗੱਲ ਨਾਲ ਮੁਜ਼ਾਰਿਆਂ ਦੀ ਹਿਫਾਜ਼ਤ ਹੋਵੇਗੀ । ਸੇਮ-ਜ਼ਦਾ ਇਲਾਕਿਆਂ ਨੂੰ ਮੁਸਤਸਨਾ ਕਰਾਰ ਦਿੱਤਾ ਜਾਵੇ । ਕਾਂਗੜਾ ਜ਼ਿਲ੍ਹਾ ਸਾਲਮ ਅਤੇ ਤਹਿਸੀਲ ਊਨਾ ਨੂੰ ਵੀ exempt ਕੀਤਾ ਜਾਵੇ । ਮੈਂ ਇਹੋ ਅਰਜ਼ ਕਰਨੀ ਚਾਹੁੰਦਾ ਹਾਂ ।

ਸਰਦਾਰ ਭੁਪਿੰਦਰ ਸਿੰਘ ਮਾਨ (ਸਮਾਨਾ, ਜਨਰਲ) : ਜਨਾਬ ਡਿਪਟੀ ਸਪੀਕਰ ਸਾਹਿਬ, ਮਾਮਲਾ ਵਧਾਉਣ ਦਾ ਕਾਨੂੰਨ ਪੈਪਸੂ ਉਪਰ ਲਾਗੂ ਕਰਨ ਲਈ ਇਹ ਬਿਲ ਹਾਊਸ ਵਿਚ ਪੇਸ਼ ਕੀਤਾ ਗਿਆ ਹੈ । ਇਸ ਲਈ ਦਲੀਲ ਇਹ ਦਿੱਤੀ ਗਈ ਹੈ ਕਿ ਅਜਿਹੇ ਕਨੂੰਨਾਂ ਦੀ ਹੋਂਦ ਹੋਣੀ ਚਾਹੀਦੀ ਹੈ ਜਿਹੜੇ ਕਿ ਪੰਜਾਬ ਅਤੇ ਪੈਪਸੂ ਵਿਚ ਇਕੋ ਤਰ੍ਹਾਂ ਨਾਲ ਲਾਗੂ ਹੋਣ ਅਰਥਾਤ ਕਨੂੰਨਾਂ ਵਿਚ uniformity ਪੈਦਾ ਕਰਨ ਦਾ ਉਨ੍ਹਾਂ ਦਾ ਮਕਸਦ ਹੈ । ਜਿਸ ਦਿਨ ਤੋਂ ਇਹ ਅਸੈਂਬਲੀ ਬਣੀ ਹੈ ਅਤੇ ਕਨੂੰਨ ਆਉਣੇ ਸ਼ੁਰੂ ਹੋਏ ਹਨ, ਦਲੀਲ ਬਰਾਬਰ ਇਹੋ ਦਿੱਤੀ ਜਾਂਦੀ ਹੈ ਕਿ ਸਾਰੀਆਂ ਰਿਆਸਤਾਂ ਵਿਚ ਇਕੋ ਜਿਹੇ ਕਨੂੰਨ ਹੋਣੇ ਚਾਹੀਦੇ ਹਨ ਅਤੇ ਉਸੇ ਅਸੂਲ ਦੇ ਮੁਤਾਬਿਕ ਪੰਜਾਬ ਦਾ ਕਨੂੰਨ ਪੈਪਸੂ ਉਪਰ ਲਾਗੂ ਕੀਤਾ ਜਾ ਰਿਹਾ ਹੈ । ਮੈਂ ਇਨ੍ਹਾਂ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਇਕੋ ਜਿਹੇ ਕਨੂੰਨ ਲਾਗੂ ਕਰਨ

[ਸਰਦਾਰ ਭੁਪਿੰਦਰ ਸਿੰਘ ਮਾਨ]

ਦਾ ਮਕਸਦ ਹੈ ਤਾਂ ਅਜਿਹੇ ਕਨੂੰਨ ਜਿਹੜੇ ਕਿ ਪੈਪਸੂ ਉਪਰ ਲਾਗੂ ਹਨ ਪੰਜਾਬ ਉਪਰ ਕਿਉਂ ਨਹੀਂ ਲਾਗੂ ਕਰਦੇ ਤਾਂ ਜੋ ਕਨੂੰਨ ਵੀ ਇਕੋ ਜਿਹੇ ਹੋ ਜਾਣ ਅਤੇ ਲੋਕਾਂ ਨਾਲ ਵਧੀਕੀ ਵੀ ਨਾ ਹੋਵੇ । ਦਰ ਅਸਲ ਇਕੋ ਜਿਹਾ ਕਨੂੰਨ ਪਾਸ ਕਰਨ ਦੇ ਬਹਾਨੇ ਪੈਪਸੂ ਵਾਲਿਆਂ ਨਾਲ ਇਕ ਅਜਿਹਾ ਧੱਕਾ ਕਰਨਾ ਹੈ ਜਿਹੜਾ ਕਿ ਪੰਜਾਬ ਵਾਲਿਆਂ ਨੇ ਪਹਿਲਾਂ ਕਬੂਲ ਕੀਤਾ ਹੋਇਆ ਹੈ। ਸਰਕਾਰ ਦਾ ਮਕਸਦ ਪੈਪਸੂ ਵਾਲਿਆਂ ਨੂੰ ਵੀ ਉਸੇ ਜੂਲੇ ਜੋਣ ਦਾ ਹੈ ਜਿਸ ਵਿਚ ਕਿ ਪੰਜਾਬ ਵਾਲਿਆਂ ਨੂੰ ਪਹਿਲੇ ਜੁੱਤਾ ਹੋਇਆ ਹੈ । ਵਰਨਾ ਕਨੂੰਨਾਂ ਨੂੰ ਇਕੋ ਜਿਹਾ ਕਰਨਾ ਹੋਵੇ ਤਾਂ ਹੋਰ ਬਹੁਤ ਸਾਰੇ ਅਹਿਮ ਕਨੂੰਨ ਹਨ, ਜ਼ਰੂਰੀ ਕਨੂੰਨ ਹਨ ਪਰ ਉਨ੍ਹਾਂ ਨੂੰ ਇਕੋ ਜਿਹਾ ਨਹੀਂ ਕੀਤਾ ਜਾ ਰਿਹਾ।

ਡਿਪਟੀ ਸਪੀਕਰ ਸਾਹਿਬ, ਮੇਰੇ ਦੋਸਤ Communist Member ਨੇ ਪੈਪਸੂ ਦੀ ਮਿਸਾਲ ਦਿੱਤੀ ਹੈ । ਦਰਅਸਲ ਉਹ ਹਰ ਇਕ ਚੀਜ਼ ਨੂੰ ਆਪਣੇ ਨਜ਼ਰੀਏ ਨਾਲ ਹੀ ਵੇਖਦੇ ਹਨ, ਜਿਵੇਂ ਕਿ ਅੰਗਰੇਜ਼ੀ ਵਿਚ ਕਿਹਾ ਜਾਂਦਾ ਹੈ "to smell a rat"। ਮਤਲਬ ਇਹ ਕਿ ਉਨ੍ਹਾਂ ਨੂੰ ਅਜਿਹੀਆਂ ਚੀਜ਼ਾਂ ਦੀ ਖੁਸ਼ਬੋ ਆ ਜਾਂਦੀ ਹੈ ਜਿਹੜੀਆਂ ਕਿ ਕਿਸੇ ਜਗ੍ਹਾ ਉਪਰ ਹੋਣ । ਉਹ ਸਮਝਦੇ ਹਨ ਕਿ ਇਸ ਦੇ ਨਾਲ ਮੁਜ਼ਾਰਿਆਂ ਨਾਲ ਬੜਾ ਧੱਕਾ ਹੋਵੇਗਾ ਅਤੇ ਜ਼ਿਮੀਂਦਾਰਾਂ ਅਤੇ ਬਿਸਵੇਦਾਰਾਂ ਨੂੰ ਫ਼ਾਇਦਾ ਹੋਵੇਗਾ । ਲੇਕਿਨ ਹਕੀਕਤ ਇਸ ਦੇ ਉਲਟ ਹੈ । ਜੇਕਰ ਅਜ ਸਰਕਾਰ ਮੁਜ਼ਾਰਿਆਂ ਨੂੰ ਕਿਸੇ ਜ਼ਮੀਨ ਦਾ ਮਾਲਕ ਬਣਾਉਣਾ ਚਾਹਵੇ ਤਾਂ ਵਧੇ ਹੋਏ ਮਾਮਲੇ ਦੇ ਅਨੁਸਾਰ 90 ਗੁਣਾ ਮੁਆਵਜ਼ਾ ਦੇਣਾ ਪਵੇਗਾ । ਲੇਕਿਨ ਗੌਰਮੈਂਟ ਦਾ ਇਹ ਕਹਿਣਾ ਕਿ ਅਸੀਂ ਵਧੇ ਹੋਏ ਮਾਮਲੇ ਨੂੰ ਘਟਾ ਦੇਵਾਂਗੇ ਅਤੇ ਘਟੇ ਹੋਏ ਮਾਮਲੇ ਦਾ 90 ਗੁਣਾ compensation ਦਿੱਤਾ ਜਾਵੇਗਾ, ਇਸ ਗੱਲ ਦਾ ਸਬੂਤ ਹੈ ਕਿ ਇਹ ਕਾਨੂੰਨ ਮੁਜ਼ਾਰਿਆਂ ਦੇ ਹੱਕ ਵਿਚ ਜਾਂਦਾ ਹੈ ਨਾ ਕਿ ਮਾਲਕਾਂ ਦੇ ਹੱਕ ਵਿਚ ਜਾਂਦਾ ਹੈ । ਉਹ ਤਾਂ ਤਦ ਹੋਵੇ ਜੇਕਰ ਮੌਜੂਦਾ ਮਾਮਲੇ ਦੇ ਬਮੂਜਬ ਉਨ੍ਹਾਂ ਨੂੰ ਮੁਆਵਜ਼ਾ ਦਿਤਾ ਜਾਵੇ । ਲੇਕਿਨ ਗਿਆਨੀ ਜੀ ਨੇ ਬੜੇ ਫ਼ਖਰ ਨਾਲ ਇਹ ਕਿਹਾ ਹੈ ਕਿ ਅਸੀਂ ਵਧੇ ਹੋਏ ਮਾਮਲੇ ਨੂੰ ਘਟਾ ਦੇਵਾਂਗੇ ਅਤੇ ਉਸ ਦੇ ਮੁਤਾਬਿਕ compensation ਦੇ ਕੇ ਜ਼ਮੀਨਾਂ ਮੁਜ਼ਾਰਿਆਂ ਨੂੰ ਸੌਂਪ ਦੇਵਾਂਗੇ । ਇਸ ਕਰਕੇ ਮੈਂ ਅਰਜ਼ ਕਰਦਾ ਹਾਂ ਕਿ ਮੈਨੂੰ Communist Member ਦੀ ਦਲੀਲ ਪੂਰੀ ਘਟਦੀ ਨਹੀਂ ਮਲੂਮ ਹੁੰਦੀ । (*Interruption*)

ਸਰਦਾਰ ਅੱਛਰ ਸਿੰਘ ਛੀਨਾ : ਉਨ੍ਹਾਂ ਨੇ ਜੀਂਦ ਦੇ ਬਾਰੇ ਗੱਲ ਕੀਤੀ ਸੀ ।

ਸਰਦਾਰ ਭੁਪਿੰਦਰ ਸਿੰਘ ਮਾਨ : ਪੈਪਸੂ ਵਿਚ ਕੇਵਲ ਜੀਂਦ ਦਾ ਇਲਾਕਾ ਹੀ ਨਹੀਂ ਹੈ। ਜੀਂਦ ਤੋਂ ਪਰੇ ਹੋਰ ਵੀ ਘਣੇ ਇਲਾਕੇ ਹਨ । ਗਿਆਨੀ ਜੀ ਨੂੰ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇਕਰ ਉਨ੍ਹਾਂ ਨੇ ਕਨੂੰਨਾਂ ਵਿਚ uniformity ਕਰਨੀ ਹੈ ਤਾਂ ਉਹ ਪੈਪਸੂ ਦੇ ਬਣੇ ਹੋਏ ਕਨੂੰਨ ਵੀ ਪੰਜਾਬ ਵਿਚ ਲਾਗੂ ਕਰਨ । ਇਹ ਗੱਲ ਠੀਕ ਹੈ ਕਿ ਉਥੇ ਅਸੈਂਬਲੀ ਛੋਟੀ ਸੀ ਪਰ ਉਥੇ ਕੰਮ ਬੜੇ ਗਹੁ ਅਤੇ ਵਿਚਾਰ ਨਾਲ ਹੁੰਦਾ ਸੀ । ਐਥੇ ਵਾਂਗਰ ਨਹੀਂ ਸੀ ਹੁੰਦਾ ਕਿ ਇਕ ਇਕ ਮਿੰਟ ਦੇ ਬਾਅਦ ਕਨੂੰਨ ਘੜ ਘੜ ਕੇ ਤਿਆਰ ਕਰੀ ਜਾਂਦੇ ਹਨ, ਜਿਵੇਂ ਟਕਸਾਲ ਵਿਚੋਂ ਸਿੱਕੇ ਬਣਕੇ ਨਿਕਲਦੇ ਹਨ। ਪੈਪਸੂ ਵਿਚ ਐਨੀ ਜਲਦਬਾਜ਼ੀ ਨਹੀਂ ਸੀ ਹੁੰਦੀ ਉਥੇ ਬੜੇ ਗੌਰੋਖੋਜ਼ ਨਾਲ ਕਨੂੰਨ ਪਾਸ ਕੀਤੇ ਜਾਂਦੇ । ਐਥੇ ਤਾਂ ਇਕ Bill ਵੀ Select Committee ਦੇ ਸਪੁਰਦ ਨਹੀਂ ਕੀਤਾ

ਗਿਆ । ਕਦੇ ਕੋਈ amendment ਨਹੀਂ ਮਨਜ਼ੂਰ ਕੀਤੀ ਗਈ ਅਤੇ ਨਾ ਹੀ ਕੋਈ ਬਿਲ public opinion ਲਈ circulate ਕੀਤਾ ਗਿਆ ਹੈ। ਵਜ਼ੀਰ ਉਠਦੇ ਹਨ ਅਤੇ ਕਹਿੰਦੇ "I beg leave to introduce ..." ਉਸ ਦੇ ਇਕ ਮਿੰਟ ਬਾਅਦ ਕਹਿੰਦੇ ਹਨ ਕਿ ਬਿਲ consider ਕੀਤਾ ਜਾਵੇ, ਅਤੇ ਉਸ ਦੇ ਇਕ ਮਿੰਟ ਬਾਅਦ ਕਹਿੰਦੇ ਹਨ ਕਿ ਬਿਲ ਪਾਸ ਕੀਤਾ ਜਾਵੇ, ਵਗ਼ੈਰਾ ਵਗ਼ੈਰਾ। ਕੇਵਲ ਅਧੇ ਘੰਟੇ ਦੇ ਅੰਦਰ ਅੰਦਰ ਬਿਲ ਪਾਸ ਕਰਕੇ ਅਹੁ ਮਾਰਦੇ ਹਨ । ਮੈਂ ਅਜਿਹੀ ਜਮਹੂਰੀਅਤ ਦਾ ਕਾਇਲ ਨਹੀਂ ਹਾਂ। ਅੰਤ ਵਿਚ ਮੈਂ ਫਿਰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਕਨੂੰਨਾਂ ਵਿਚ uniformity ਲਿਆਉਣ ਵਾਸਤੇ ਪੈਪਸੂ ਦੇ ਕਨੂੰਨਾਂ ਨੂੰ ਪੰਜਾਬ ਵਿਚ ਲਾਗੂ ਕਰਨਾ ਚਾਹੀਦਾ ਹੈ, ਨਾ ਕਿ ਪੰਜਾਬ ਦੇ ਸਾਰੇ ਕਨੂੰਨਾਂ ਨੂੰ ਪੈਪਸੂ ਵਿਚ ਲਾਗੂ ਕੀਤਾ ਜਾਵੇ ।

ਸਰਦਾਰ ਭਾਗ ਸਿੰਘ (ਰਾਏਕੋਟ 'ਰਿਜ਼ਰਵਡ') : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਇਸ ਸ਼ਕਲ ਵਿਚ ਹਿਮਾਇਤ ਨਹੀਂ ਕਰ ਸਕਦਾ । ਮੇਰੇ ਸਵਾਲ ਦੇ ਜਵਾਬ ਵਿਚ ਸਾਡੇ Minister for Irrigation and Power ਨੇ ਦਸਿਆ ਸੀ ਕਿ ਘਟ ਤੋਂ ਘਟ 32 ਲੱਖ ਏਕੜ ਜ਼ਮੀਨ ਪੰਜਾਬ ਵਿਚ ਅਜਿਹੀ ਹੈ ਜਿਹੜੀ ਕਿ ਸੇਮ ਦੇ ਕਾਰਨ ਬਿਲਕੁਲ unprotected ਬਣ ਚੁੱਕੀ ਹੈ । ਜੇਕਰ ਇਹ ਬਿਲ ਪਾਸ ਹੋ ਜਾਂਦਾ ਹੈ ਤਾਂ ਇਹ ਉਨ੍ਹਾਂ ਕਿਸਾਨਾਂ ਉਪਰ ਵੀ ਲਾਗੂ ਹੋ ਜਾਵੇਗਾ ਜਿਹੜੇ ਕਿ ਉਸ 32 ਲੱਖ ਏਕੜ ਦੇ ਮਾਲਕ ਹਨ, ਜਿਨ੍ਹਾਂ ਨੂੰ ਰੱਜ ਕੇ ਰੋਟੀ ਨਹੀਂ ਮਿਲਦੀ ਅਤੇ ਜਿਨ੍ਹਾਂ ਦੇ ਘਰ ਢਹਿਣ ਤੇ ਆਏ ਹੋਏ ਹਨ ।

ਇਸ ਕਰਕੇ ਮੈਂ Revenue Minister ਸਾਹਿਬ ਦੇ ਅਗੇ ਦਰਖਾਸਤ ਕਰਾਂਗਾ ਕਿ ਜਿਹੜੇ ਕਿਸਾਨ ਉਨ੍ਹਾਂ 32 ਲੱਖ ਏਕੜਾਂ ਉਪਰ ਵਸਦੇ ਹਨ ਉਨ੍ਹਾਂ ਉਪਰ ਮਜ਼ੀਦ ਬੋਝ ਕਿਸੇ ਸੂਰਤ ਵਿਚ ਨਾ ਪਾਇਆ ਜਾਵੇ । ਮੈਂ ਹਾਊਸ ਦਾ ਜ਼ਿਆਦਾ ਵਕਤ ਨਹੀਂ ਲੈਣਾ ਚਾਹੁੰਦਾ ਬਲਕਿ with the strongest words at my command ਇਸ ਦੀ opposition ਕਰਦਾ ਹਾਂ । ਇਸ ਦੇ ਵਿਚ ਇਹ amendment ਕੀਤੀ ਜਾਣੀ ਚਾਹੀਦੀ ਹੈ ਕਿ ਜਿਹੜੇ water-logged areas ਹਨ ਉਨ੍ਹਾਂ ਉਪਰ ਇਸ ਕਾਨੂੰਨ ਨੂੰ ਨਾ ਲਾਗੂ ਕੀਤਾ ਜਾਵੇ ।

ਸਰਦਾਰ ਅੱਛਰ ਸਿੰਘ ਛੀਨਾ (ਅਜਨਾਲਾ) : ਡਿਪਟੀ ਸਪੀਕਰ ਸਾਹਿਬ, ਮੈਂ ਬੋਲਣਾ ਨਹੀਂ ਚਾਹੁੰਦਾ ਸੀ ਪਰ ਮਾਨ ਜੀ ਨੇ ਅਜਿਹੀ ਗੱਲ ਕੀਤੀ ਹੈ ਜਿਸ ਕਾਰਨ ਮੈਨੂੰ ਬੋਲਣਾ ਪੈ ਗਿਆ ਹੈ । ਮੇਰਾ ਵਿਚਾਰ ਹੈ ਕਿ ਅੱਵਲ ਤਾਂ ਮਾਨ ਸਾਹਿਬ ਨੇ communist Member ਦੀ speech ਨਹੀਂ ਸੁਣੀ ਅਤੇ ਜੇਕਰ ਸੁਣੀ ਹੈ ਤਾਂ ਸਮਝੀ ਨਹੀਂ । ਉਨ੍ਹਾਂ ਨੇ landlords ਦਾ ਨਾਂ ਸੁਣਿਆ ਹੈ, ਤਾਂ ਉਠ ਕੇ landlords ਨੂੰ defend ਕਰਨ ਲਗ ਪਏ ਹਨ । ਉਨ੍ਹਾਂ ਨੂੰ ਸੋਚਣਾ ਚਾਹੀਦਾ ਸੀ ਕਿ Communist Member ਨੇ ਕੀ ਕਿਹਾ ਹੈ । Communist Member ਨੇ ਇਹ ਕਿਹਾ ਹੈ ਕਿ ਜਿੱਥੇ ਮਾਮਲਾ ਪੰਜਾਬ ਨਾਲੋਂ ਵਧਿਆ ਹੋਇਆ ਹੈ ਉਥੇ ਘਟਾਇਆ ਜਾਏ ਅਤੇ ਜਿਥੇ ਪੰਜਾਬ ਨਾਲੋਂ ਘਟ ਹੈ ਉਸ ਨੂੰ ਵਧਾਇਆ ਨਾ ਜਾਏ । ਇਹ ਲਫ਼ਜ਼ ਉਨ੍ਹਾਂ ਨੇ ਕਹੇ ਹਨ । ਪਰ ਉਨ੍ਹਾਂ ਨੇ ਉਠ ਕੇ landlords ਦੇ ਹੱਕ ਵਿਚ ਬੋਲਣਾ ਸ਼ੁਰੂ ਕਰ ਦਿੱਤਾ ਹੈ । Communist Member ਨੇ ਇਹ appeal ਕੀਤੀ ਹੈ ਕਿ ਜਿਥੇ ਪੰਜਾਬ ਨਾਲੋਂ ਮਾਮਲਾ ਘਟ ਹੈ

[ਸਰਦਾਰ ਅੱਛਰ ਸਿੰਘ ਛੀਨਾ]

ਉਸ ਨੂੰ ਨਾ ਵਧਾਇਆ ਜਾਏ ਅਤੇ ਜਿਥੇ ਵੱਧ ਹੈ ਉਸ ਨੂੰ ਘਟਾ ਦਿਤਾ ਜਾਵੇ । ਜਿਥੇ ਘਟ ਹੈ ਜੇਕਰ ਉਸ ਨੂੰ ਵਧਾ ਕੇ ਪੰਜਾਬ ਦੇ ਬਰਾਬਰ ਕਰ ਦਿਤਾ ਤਾਂ ਮੁਜ਼ਾਰਿਆਂ ਨੂੰ ਜ਼ਿਆਦਾ ਦੇਣਾ ਪਵੇਗਾ । ਇਸ ਕਰਕੇ ਮੈਂ ਮਾਨ ਸਾਹਿਬ ਨੂੰ ਇਹ ਅਰਜ਼ ਕਰਾਂਗਾ ਕਿ ਪਹਿਲੇ ਉਹ ਸਪੀਚ ਨੂੰ ਚੰਗੀ ਤਰ੍ਹਾਂ ਸਮਝ ਲਿਆ ਕਰਨ ਅਤੇ ਫਿਰ smell the rate ਕਿਹਾ ਕਰਨ ।

Shri Rup Singh 'Phul' (Hamirpur 'R'): Mr. Deputy Speaker, Sir, I rise to oppose this Bill. But before I do so, I beg to bring to your notice that we are called upon to hurry through the bills which are of so vital importance This, Mr. Deputy Speaker, should not be done without the supply of parent. Acts because without the parent Acts the Members cannot give useful suggestions. If the parent Acts are supplied to the Members, they can offer healthy criticism and valuable suggestions.

Sir, so far as the bill before the House, I mean the Punjab Land Revenue (Surcharge) (Second Amendment) Bill, is concerned, I beg to bring to the notice of the hon. Minister for Revenue, through you, Mr. Deputy Speaker, that the whole of the district of Kangra, not only the Sub-Division of Kulu, should be exempted from the operation of this bill because the Kangra District is inhabited by poor peasants and petty landlords. If they are required to pay this additional revenue to the State Government, they would be financially embarrassed.

In addition to this, it is also a fact that in the district of Kangra scarcity conditions prevail and we have to depend for our food commodities on the plains of the Punjab on account of which high market rates, so far as the food stuffs are concerned, prevail in Kangra District and we are put to a lot of inconvenience to make even both ends meet.

Sir, I have another suggestion to make and it is this. The lands owned and possessed by Harijans throughout the State of Punjab be also exempt from the provisions of this bill. That will be a step towards the amelioration of the downtrodden conditions of the Harijans. I know that the Punjab Government have adopted various beneficial measures for the amelioration of the Harijans and on these bases further request the hon. Minister for Revenue, through you, Mr. Speaker, to exempt the Harijans from the operation of this bill throughout the State of Punjab. Thank you, Sir.

कामरेड **मुनो लाल** (शिमला) : मिस्टर डिप्टी स्पीकर, मैं इस बिल की मुखालफत करने के लिये खड़ा हुआ हूं। जिन अल्फ़ाज़ के साथ इस बिल को पेश किया गया है उन से यह ज़ाहिर होता है कि ज़िमींदारों को यह उम्मीद बंधवाई गई है कि पंजाब के मुकाबले में पहली पैप्सू स्टेट के areas में मालिया की दर ज्यादा है जिसे घटाया जाएगा। लेकिन settlement होने के फ़ौरन बाद फिर उन पर surcharge लगा दिया जाएगा। मैं समझता हूं कि आज सरकार अपनी माली कमज़ोरी को पूरा करने के लिये ही यह बिल हमारे सामने लाई है। इस के साथ ही मैं यह भी महसूस करता हूं कि यह एक सरासर ज़्यादती होगी अगर कुछ ख़ास चीजों की तरफ़ सरकार की तवज्जुह न दिलाई जाए।

Erstwhile पैप्सू में कण्डाघाट का इलाका बहुत backward है। सरकार ने इस बात को मानते हुए इस को backward तस्लीम भी किया है। लेकिन जिस वक्त यह बिल पेश किया उस वक्त मेरी समझ में नहीं आया कि कंडाघाट जो ज़िला पटियाला का sub-division है, उसे क्यों नज़र अन्दाज़ किया गया। इस में यह बताया गया है कि ज़िला गुड़गांव, ज़िला कांगड़ा की कुल्लू Sub-division और अमृतसर के कुछ इलाकों को छोड़ कर बाकी तमाम Pepsu Division में settlement के बाद surcharge लग जाएगा। मैं सरकार से पूछता हूं कि Kandaghat Sub-division को क्यों इस में से exclude किया गया है। अगर सरकार के खज़ाने में revenues की कमी है तो उस के लिए ज़रूरी नहीं कि गरीब और backward areas के लोगों को tax किया जाए। अगर सरकार वाकई गरीब लोगों की बेहतरी चाहती थी तो कई बड़े progressive कानून erstwhile Pepsu में बने हुए थे; उन को नए पंजाब में लागू किया जा सकता था। जैसा कि अभी अभी मेरे आनरेबल दोस्त श्री मान साहब ने फरमाया वहां पैप्सू में जो Tenancy and Agricultural Lands Act पास हुआ गरीबों को ज़्यादा बेहतरी करता है और पंजाब के कानूनों के मुकाबला में ज़्यादा progressive था। उस को यकसां करने के लिये तो हमारी पंजाब सरकार ने नहीं सोचा लेकिन जहां पर आमदनी के लिए कोई और मद न मिली वहां शानदार और खूबसूरत अल्फ़ाज़ के साथ इस किस्म के बिलों को पेश कर दिया जाता है। मैं मानता हूं कि Second Five-Year Plan को पूरा करने में सरकार के सामने माली कमज़ोरियां हैं। मैं सरकार की तवज्जुह उन चीजों की तरफ़ दिलाना चाहता हूं जहां से सरकारी खज़ाने को भरा जा सकता है। मैं पूछता हूं कि transport की nationalisation का तजरुबा जो Pepsu में किया गया और बड़ी सफ़लता के साथ किया गया, वह पंजाब में क्यों न किया जा सका? कितने अफ़सोस का मुकाम है कि खज़ाने को पूरा करने के लिये सरकार द्वारा टैक्सों का कुल्हाड़ा ग़रीब और backward areas के लोगों पर ही चलाया जाता है। मैं महसूस करता हूं और जाइज़ तौर पर महसूस करता हूं कि जब लोगों पर इस तरह से tax लगाए जाते हैं तो वे इन के खिलाफ़ अपनी आवाज उठाते हैं। क्यों Tax-payer यह चाहता है कि सूबे का administration एक better administration हो। पंजाब में आज क्या हालत है? यहां की administration किसी तरह से भी better administration नहीं कही जा सकती। मैं इस बात को दावे से कह सकता हूं—challenge कर सकता हूं और पिछले दिनों मेरे मोहतरिम दोस्त मौलवी अब्दुल ग़नी डार साहब ने एक resolution भी इस असेम्बली में रखा था कि लोगों की grievances, लोगों की शिकायात.....

उपाध्यक्ष महोदय : Order, order. आप relevant नहीं हैं। The hon. Member is not relevant. He should speak to the motion under discussion.

कामरेड मुनी लाल : अच्छा जी, मैं इस बात को छोड़ता हूं। सो मैं अर्ज़ यह कर रहा था कि आज tax-payer पर मज़ीद बोझ इस लिए डाला जा रहा है ताकि Second Five-Year Plan को सिरे चढ़ाया जा सके। मैं इस बात को मानता हूं कि पैसा कहीं न कहीं से ज़रूर आना चाहिए—तभी तो गवर्नमेंट का काम चलेगा लेकिन उन लोगों को क्यों इस की ज़द में ले लिया जाए जिनको सरकार खुद backward declare कर चुकी है, यह मेरी समझ में नहीं आता। डिप्टी स्पीकर साहिब, आप की विसातत से मैं पंजाब सरकार से यह कहना चाहता हूं कि अगर आप यह समझते हैं कि surcharge लगाने से सरकारी खज़ाने में बहुत ज़्यादा रकम आ जाएगी तो कम से कम उन backward areas को तो इस से exclude कर दिया जाए जिन को आप खुद backward notify कर चुके हैं। मैं बड़े ज़ोरदार अल्फाज़ के साथ गवर्नमेंट से अपील करूंगा कि लुधियाना के जो water-logged areas हैं और उसी तरह से कंडाघाट Sub-division को भी ज़रूर इस बिल की ज़द से exclude किया जाए। हम लोग यह समझते थे कि पंजाब और पैप्सू के आपस में मिलने के बाद backward areas की हालत बेहतर होगी—backward areas के लोगों को relief मिलेगा लेकिन जब इस किस्म के बिल हमारे सामने आते हैं तो हमें इस बात का यकीन दिलाते हैं कि आप उन backward areas को नज़र अन्दाज़ कर रहे हो—बजाए relief पहुंचाने के उन पर मज़ीद बोझ डालने पर तुले हुए हो। बहरहाल अपनी सीट पर बैठे बैठे मैं आप से request करूंगा कि जिन इलाकों को आपने खुद backward declare किया हुआ है, उन को बिला लिहाज़ इस बिल की ज़द से अलग रखा जाए।

Shri Harbhagwan Maudgil : Sir, I beg to move—

That the question be now put.

Mr. Deputy Speaker : Question is—

That the question be now put.

The motion was carried.

ਮਾਲ ਮੰਤ੍ਰੀ (ਗਿਆਨੀ ਕਰਤਾਰ ਸਿੰਘ) : ਜਨਾਬ ਡਿਪਟੀ ਸਪੀਕਰ ਸਾਹਿਬ, ਇਸ ਬਿਲ ਤੇ ਜੋ ਵਿਚਾਰ ਹੋਈ ਹੈ ਉਸ ਵਿਚ ਕਈ ਗੱਲਾਂ ਲਿਆਂਦੀਆਂ ਗਈਆਂ ਹਨ। ਉਨ੍ਹਾਂ ਵਿਚੋਂ ਇਕ ਗੱਲ ਤਾਂ ਇਹ ਪਰਤੀਤ ਹੋਈ ਹੈ ਕਿ ਜਿੱਥੋਂ ਤਕ ਸਰਕਾਰ ਦਾ ਤਅੱਲੁਕ ਹੈ ਸਾਡੇ ਕਮਿਊਨਿਸਟ ਸਾਥੀ ਇਕੋ ਗੱਲ ਜਾਣਦੇ ਹਨ ਅਤੇ ਉਸ ਸੱਜਨ ਵਾਸਤੇ ਸੋਚਦੇ ਹਨ ਜਿਹੜਾ ਸਦਾ ਆਪਣੇ ਦੋਸਤ ਨੂੰ ਇਹੋ ਸਵਾਲ ਕਰਦਾ ਹੈ ਕਿ ਭਾਈ ਤੇਰੇ ਘਰ ਜਾਵਾਂ ਤਾਂ ਕੀ ਖਵਾਏਂਗਾ ਅਤੇ ਮੇਰੇ ਘਰ ਆਵੇਂਗਾ ਤੇ ਕੀ ਲਿਆਵੇਂਗਾ। ਆਪਣੇ ਕੋਲੋਂ ਕੁਝ ਦੇਣ ਨੂੰ ਤਿਆਰ ਨਹੀਂ ਹੁੰਦਾ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਉਹ ਇਸ ਗੱਲ ਨੂੰ appreciate ਹੀ ਨਹੀਂ ਕਰਦੇ ਕਿ ਮਾਲੀਆ ਘਟਣ ਨਾਲ ਪੈਪਸੂ ਦੇ ਬਹੁਤ ਵੱਡੇ ਰਕਬੇ ਵਿਚ ਜਿਹੜੇ ਹਾਲਾ ਭਰਨ ਵਾਲੇ ਹਨ, ਉਨ੍ਹਾਂ

ਦਾ ਮਾਲੀਆ ਘਟ ਜਾਵੇਗਾ । ਉਹ ਇਹੀ ਰਟ ਲਗਾਈ ਜਾਂਦੇ ਹਨ ਕਿ 90 ਗੁਣਾ ਵਾਲੀ ਸ਼ਰਤ ਦੇ ਮੁਤਾਬਿਕ ਜਿਹੜੀ compensation ਦੇਣੀ ਪਵੇਗੀ ਉਸ ਨਾਲ landlords ਨੂੰ ਬਹੁਤ ਜ਼ਿਆਦਾ ਫ਼ਾਇਦਾ ਹੋਵੇਗਾ। ਇਸ ਦਾ ਉਤੱਰ ਇਹੀ ਹੈ ਕਿ ਉਹ ਇਹ ਚਾਹੁੰਦੇ ਹਨ ਕਿ ਜਿਸ ਤਰ੍ਹਾਂ ਹੈ ਉਸੇ ਤਰ੍ਹਾਂ ਇਨ੍ਹਾਂ ਨੂੰ ਪਸੰਦ ਹੈ ਅਤੇ ਉਸੇ ਤਰ੍ਹਾਂ ਰਹੇ । ਮਤਲਬ ਇਸ ਦਲੀਲ ਤੋਂ ਤਾਂ ਇਹ ਹੋਇਆ ਕਿ ਜਿਸ ਤਰ੍ਹਾਂ ਮਾਲੀਏ ਦਾ rate ਹੈ ਉਸੇ ਤਰ੍ਹਾਂ ਟਿਕਿਆ ਰਹੇ । ਇਹ ਗੱਲ ਠੀਕ ਨਹੀਂ । ਇਸ ਬਿਲ ਨਾਲ ਵਧੇਰੇ ਮਾਲੀਆ ਭਰਨ ਵਾਲਿਆਂ ਨੂੰ ਰਿਆਇਤਾਂ ਮਿਲਣਗੀਆਂ । ਤੇ ਇਸ ਦੇ ਨਾਲ ਹੀ ਉਸ ਕਾਨੂੰਨ ਵਿਚ ਇਹ ਲਿਖਿਆ ਹੈ ਕਿ ਜ਼ਮੀਨ ਦਾ tenant ਉਸ ਜ਼ਮੀਨ ਦਾ 200 ਰੁਪਏ ਏਕੜ ਜਾਂ ਮਾਲੀਏ ਦਾ 90 ਗੁਣਾ ਦੋਹਾਂ ਵਿਚੋਂ ਜਿਹੜੀ ਰਕਮ ਘਟ ਹੋਵੇ ਉਹ Compensation ਵਿਚ ਦੇ ਕੇ ਜ਼ਮੀਨ ਦਾ ਮਾਲਕ ਬਣ ਸਕਦਾ ਹੈ । ਲਾਜ਼ਮੀ ਤੌਰ ਤੇ ਜਦੋਂ ਹਾਲੇ ਦਾ rate ਘਟ ਜਾਵੇਗਾ ਤਾਂ 90 ਗੁਣਾ ਮਾਲੀਏ ਦੀ ਰਕਮ ਵੀ ਘਟ ਹੋ ਜਾਵੇਗੀ, ਇਸ ਨਾਲ ਮੁਜ਼ਾਰਿਆਂ ਨੂੰ ਹੀ ਫ਼ਾਇਦਾ ਹੋਵੇਗਾ ।

ਇਕ ਤੋਂ ਵਧੇਰੇ ਮੈਂਬਰਾਂ ਨੇ ਇਸ ਤੇ ਹੋਰ ਵੀ ਗੱਲਾਂ ਕਹੀਆਂ ਹਨ ਜਿਹੜੀਆਂ ਕਿ ਇਸ ਬਿਲ ਦੇ ਦਾਇਰਾਏ ਕਾਰ ਤੋਂ ਬਾਹਰ ਹਨ । ਮਸਲਨ ਸੇਮ-ਜ਼ਦਾ area ਦਾ ਸਵਾਲ ਲਿਆਂਦਾ ਗਿਆ ਹੈ ਅਤੇ ਇਹ ਕਿਹਾ ਗਿਆ ਹੈ ਕਿ Irrigation Minister ਨੇ ਕਿਹਾ ਹੈ ਕਿ 32 ਲੱਖ ਏਕੜ ਜਿਹੜਾ ਸੇਮ ਦਾ ਇਲਾਕਾ ਹੈ ਉਸ ਦਾ ਇਸ ਵਿਚ ਖ਼ਿਆਲ ਰਖਿਆ ਜਾਵੇਗਾ ।

6 p.m.

ਲੇਕਿਨ ਇਸ ਬਿਲ ਵਿਚ amendment ਪੇਸ਼ ਕਰਨ ਵਾਲੇ ਮੈਂਬਰ ਸਾਹਿਬ ਨੇ ਹੁਣ 32 ਲੱਖ ਏਕੜ ਜ਼ਮੀਨ ਦਾ ਜ਼ਿਕਰ ਕੀਤਾ ਹੈ ਅਤੇ ਉਸ ਵਿਚ ਕਿਹਾ ਹੈ ਕਿ ਜ਼ਿਲ੍ਹਾ ਲੁਧਿਆਣੇ ਦੇ ਸੇਮ-ਜ਼ਦਾ ਇਲਾਕੇ ਤੇ ਮਾਲੀਏ ਦਾ ਬੋਝ ਨਹੀਂ ਪਾਉਣਾ ਚਾਹੀਦਾ । ਇਸ ਤਰ੍ਹਾਂ ਪਹਾੜੀ ਇਲਾਕਿਆਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਜ਼ਿਲ੍ਹਾ ਕਾਂਗੜਾ ਤੇ ਤਹਿਸੀਲ ਊਨਾ ਦੀ ਗੱਲ ਕੀਤੀ ਗਈ ਹੈ ਅਤੇ ਉਨ੍ਹਾਂ ਦੇ backward ਹੋਣ ਦੀ ਗੱਲ ਕੀਤੀ ਗਈ ਹੈ ਤੇ ਕਿਹਾ ਗਿਆ ਹੈ ਕਿ ਇਸ ਕਰਕੇ ਉਥੇ ਮਾਲੀਆ ਨਹੀਂ ਲਗਾਉਣਾ ਚਾਹੀਦਾ । ਮਾਲੀਏ ਦੇ ਸਿਲਸਿਲੇ ਵਿਚ backwardness ਦਾ ਜ਼ਿਕਰ ਲਿਆਉਣਾ ਮੇਰੀ ਤਾਂ ਸਮਝ ਵਿਚ ਨਹੀਂ ਆਇਆ । ਇਸ ਬਾਰੇ ਮੈਂ ਇਕ ਮਿਸਾਲ ਦਿੰਦਾ ਹਾਂ । ਇਕ ਅਨਪੜ੍ਹ ਆਦਮੀ ਪਾਸ ਦਸ ਏਕੜ ਜ਼ਮੀਨ ਹੋਵੇ ਤੇ ਇਕ ਪੜ੍ਹੇ ਲਿਖੇ B.A., LL.B. ਪਾਸ ਪੰਜ ਏਕੜ ਜ਼ਮੀਨ ਹੋਵੇ ਤਾਂ ਮਾਲੀਏ ਦੀ ਛੁੱਟ ਦਾ ਹੱਕਦਾਰ ਕੀ ਉਹ ਪੜ੍ਹਿਆ ਲਿਖਿਆ ਆਦਮੀ ਹੋਵੇਗਾ, ਜਿਸ ਪਾਸ ਕੇਵਲ ਪੰਜ ਏਕੜ ਜ਼ਮੀਨ ਹੈ ਜਾਂ ਉਹ ਅਨਪੜ੍ਹ ਜਿਸ ਪਾਸ ਦਸ ਏਕੜ ਹੈ ? ਇਹ ਤਾਂ ਸਿਧੀ ਗੱਲ ਹੈ ਕਿ ਪੰਜ ਏਕੜ ਵਾਲਾ ਰਿਆਇਤ ਦਾ ਹੱਕਦਾਰ ਹੋ ਸਕਦਾ ਹੈ ਨਾ ਕਿ ਵਾਧੂ ਜ਼ਮੀਨ ਵਾਲਾ । ਇਹ ਤਾਂ ਇਸ ਲਈ ਗੱਲ ਕੀਤੀ ਜਾਂਦੀ ਹੈ ਕਿਉਂ ਜੋ ਇਨ੍ਹਾਂ Communist Party ਦੇ ਭਰਾਵਾਂ ਨੂੰ ਗੱਲ ਕਰਨ ਦਾ ਮੌਕਾ ਮਿਲ ਜਾਂਦਾ ਹੈ । ਇਹ, ਇਹ ਨਹੀਂ ਵੇਖਦੇ ਕਿ ਇਨ੍ਹਾਂ ਦੀ ਗੱਲ ਕਿਸੇ ਅਸੂਲ ਤੇ ਵੀ ਪੂਰੀ ਉਤਰਦੀ ਹੈ ਜਾਂ ਨਹੀਂ । ਇਨ੍ਹਾਂ ਤਾਂ ਇਹ ਹੀ ਸਿਖਿਆ ਹੋਇਆ ਹੈ, ਕਦੇ ਤਾਂ ਇਹ backward ਦੇ ਨਾਉਂ ਤੇ ਅਵਾਜ਼ ਉਠਾਉਂਦੇ ਨੇ, ਕਦੇ ਗ਼ਰੀਬ ਦੇ ਨਾਉਂ ਤੇ । ਪਰ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ ਕੀ ਉਨ੍ਹਾਂ ਦੀ ਗੱਲ

[ਮਾਲ ਮੰਤਰੀ]

ਜ਼ੂਰਵੀਂ ਵੀ ਹੈ ਜਾਂ ਨਹੀਂ। ਹਾਂ, ਇਹ ਗੱਲ ਮੈਂ ਮੰਨਦਾ ਹਾਂ ਕਿ ਘੱਟ ਹਸਤੀ ਵਾਲਿਆਂ ਨੂੰ ਅਤੇ ਥੋੜ੍ਹੀ ਜ਼ਮੀਨ ਵਾਲਿਆਂ ਨੂੰ ਰਿਆਇਤਾਂ ਕਰਨੀਆਂ ਚਾਹੀਦੀਆਂ ਹਨ। ਪਰ ਹਾਲੇ ਦੇ ਸਿਲਸਿਲੇ ਵਿਚ ਕਹਿਣਾ ਕਿ backward ਇਲਾਕੇ ਨੂੰ ਕੋਈ concession ਦਿਓ, ਠੀਕ ਨਹੀਂ ਲਗਦਾ। ਉਨ੍ਹਾਂ ਨੂੰ ਕੁਝ ਦੂਜੇ concessions ਦੇਣ ਦੀ ਗੱਲ ਤਾਂ ਸਮਝ ਆ ਸਕਦੀ ਹੈ ਪਰ ਹਾਲੇ ਦੇ ਸਿਲਸਿਲੇ ਵਿਚ backward ਤੇ advanced ਹੋਣ ਦੀ ਜਿਹੜੀ ਗੱਲ ਹੈ, ਇਹ ਮੇਰੀ ਸਮਝ ਵਿਚ ਨਹੀਂ ਆਈ।

ਫਿਰ, ਡਿਪਟੀ ਸਪੀਕਰ ਸਾਹਿਬ, ਇਸ ਬਿਲ ਦੁਆਰਾ ਜਿਹੜਾ ਹੁਣ ਲਿਆਂਦਾ ਗਿਆ ਹੈ, ਇਹ surcharge erstwhile Punjab ਵਿਚ ਪਹਿਲੇ ਹੀ ਲਗਿਆ ਹੋਇਆ ਹੈ। ਕਾਂਗੜੇ ਦੇ ਜ਼ਿਲ੍ਹ ਦੇ ਇਕ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਦਾ ਜਿਹੜਾ ਜ਼ਿਲ੍ਹਾ ਹੈ ਉਥੇ food ਘੱਟ ਹੁੰਦੀ ਹੈ, ਇਸ ਕਰਕੇ ਬਾਹਰੋਂ ਉਥੇ ਲਿਜਾਈ ਜਾਂਦੀ ਹੈ। ਇਸ ਬਾਰੇ ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਕੋਈ ਐਸੀ ਤਜਵੀਜ਼ ਰਖਦੇ ਜਿਸ ਨਾਲ ਉਥੇ ਅਨਾਜ ਇਤਨਾ ਹੋਵੇ ਕਿ ਉਥੇ ਦੀ ਲੋੜ ਪੂਰੀ ਕਰਕੇ ਇਹ ਉਥੋਂ export ਵੀ ਕੀਤਾ ਜਾ ਸਕੇ। ਕਾਂਗੜੇ ਜ਼ਿਲ੍ਹੇ ਦੇ ਕਾਫ਼ੀ ਵਡੇ ਹਿੱਸੇ ਤੇ ਤਾਂ surcharge ਲਗਾ ਹੀ ਨਹੀਂ ਹੋਇਆ। ਫੇਰ ਇਸ ਬਿਲ ਨਾਲ ਉਥੇ ਕੋਈ ਕਮੀ ਨਹੀਂ ਹੋਵੇਗੀ। ਇਸ ਬਿਲ ਵਿਚ ਵਧੇਰੇ ਗੁਣ ਹਨ। ਇਸ ਵਿਚ ਕੋਈ ਔਗੁਣ ਵਾਲੀ ਗੱਲ ਨਹੀਂ। ਇਹ ਤਾਂ ਤਰੱਕੀ ਦੀ ਨਿਸ਼ਾਨੀ ਹੈ। ਹਾਂ, ਬਿਲ ਵਿਚ ਜੇਕਰ ਕੋਈ ਨੁਕਸਾਨ ਵਾਲੀ ਗੱਲ ਹੋਵੇ ਜਾਂ ਇਸ ਵਿਚ ਕੋਈ ਖਾਮੀ ਹੋਵੇ ਤਾਂ ਉਸ ਨੂੰ point out ਕੀਤਾ ਜਾਣਾ ਚਾਹੀਦਾ ਹੈ ਔਰ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਕਰਨ ਵਾਸਤੇ ਇਸ ਦਾ ਚੰਗੀ ਤਰ੍ਹਾਂ ਮੁਤਾਲਿਆ ਕਰਨਾ ਚਾਹੀਦਾ ਹੈ। ਐਵੇਂ ਗੱਲ ਕਰ ਦੇਣਾ ਠੀਕ ਨਹੀਂ ਹੁੰਦਾ।

ਇਕ ਮੈਂਬਰ ਸਾਹਿਬ ਨੇ ਜਿਹੜੇ ਪੈਪਸੂ ਦੇ ਇਲਾਕੇ ਤੋਂ ਆਏ ਹਨ, ਕਿਹਾ ਹੈ ਕਿ ਬਿਲ ਬੜੀ ਕਾਹਲੀ ਨਾਲ ਲਿਆਏ ਜਾਂਦੇ ਹਨ। ਮੈਂ ਉਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਇਹ ਕਹਿਣਾ ਠੀਕ ਨਹੀਂ। ਪੰਜਾਬ ਵਿਚ ਇਹ ਬਿਲ 1954 ਵਿਚ ਬਣਿਆ ਸੀ। ਫੇਰ ਇਹ ਪਿਛਲੇ ਸੈਸ਼ਨ ਵਿਚ ਆਇਆ ਸੀ ਪਰ ਉਸ ਵੇਲੇ ਇਹ ਪਾਸ ਨਹੀਂ ਸੀ ਹੋ ਸਕਿਆ, ਇਸ ਕਰਕੇ ਇਹ ਹੁਣ ਲਿਆਂਦਾ ਗਿਆ ਹੈ। ਮੈਂ ਉਨ੍ਹਾਂ ਤੋਂ ਪੁੱਛਦਾ ਹਾਂ ਕਿ ਕੀ ਇਸ ਨੂੰ ਹੀ ਉਹ ਛੇਤੀ ਕਹਿੰਦੇ ਹਨ? ਮੇਰੀ ਸਮਝ ਵਿਚ ਤਾਂ ਇਸ ਤੋਂ ਆਹਿਸਤਾ ਕਰਨਾ ਤਾਂ ਇਕ ਢਿਲੀ ਕਾਰਵਾਈ ਹੁੰਦੀ ਹੈ, ਜਿਸ ਨੂੰ ਪਸੰਦ ਨਹੀਂ ਕੀਤਾ ਜਾਂਦਾ।

ਫੇਰ ਇਕ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਪੈਪਸੂ ਦੇ ਜਿਹੜੇ ਚੰਗੇ ਚੰਗੇ ਕਾਨੂੰਨ ਹਨ ਉਨ੍ਹਾਂ ਨੂੰ ਪੰਜਾਬ ਤੇ ਲਗੂ ਨਹੀਂ ਕੀਤਾ ਜਾ ਰਿਹਾ ਬਲਕਿ ਪੰਜਾਬ ਦੇ ਕਾਨੂੰਨ ਨੂੰ ਪੈਪਸੂ ਤੇ ਲਾਗੂ ਕੀਤਾ ਜਾ ਰਿਹਾ ਹੈ। ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਕੋਈ ਪੈਪਸੂ ਦੇ ਕਾਨੂੰਨ ਨਾਲ ਚਿੜ੍ਹ ਨਹੀਂ। ਅਸਾਂ ਤਾਂ ਉਹ ਕਾਨੂੰਨ ਪੈਪਸੂ ਤੇ ਲਾ ਰਹੇ ਹਾਂ ਜਿਨ੍ਹਾਂ ਤੇ ਵਰ੍ਹਿਆਂ ਦੀ ਮਿਹਨਤ ਹੋਈ ਹੋਈ ਹੈ। ਜੇਕਰ ਉਹ ਪੈਪਸੂ ਦੇ ਕਿਸੇ ਕਾਨੂੰਨ ਦੀ ਤਜਵੀਜ਼ ਰਖਣ ਤਾਂ ਅਸਾਂ ਜ਼ਰੂਰ ਹਮਦਰਦੀ ਨਾਲ ਉਸ ਤੇ ਗ਼ੌਰ ਕਰਾਂਗੇ ਅਤੇ ਜੇਕਰ ਉਨ੍ਹਾਂ ਵਿਚ ਕੋਈ ਵਾਜਬ ਗੱਲ ਹੋਈ ਤਾਂ ਅਸਾਂ ਜ਼ਰੂਰ ਉਨ੍ਹਾਂ ਤੇ ਅਮਲ ਕਰਾਂਗੇ। ਪਿਛੇ ਜਿਵੇਂ.

ਭੂਦਾਨ ਦੇ ਮੁਤਅੱਲਕ ਜਿਹੜਾ ਬਿਲ ਇਥੇ ਅਸਾਂ ਬਣਾਇਆ ਸੀ ਉਸ ਦਾ ਬਹੁਤ ਸਾਰਾ ਹਿੱਸਾ ਅਸਾਂ ਪੈਪਸੂ ਦੇ ਬਿਲ ਵਿਚੋਂ ਲਿਆ ਸੀ । ਸਾਨੂੰ ਉਥੇ ਦੀ ਚੰਗੀ ਗੱਲ ਨੂੰ ਅਪਨਾਉਣ ਤੇ ਕੋਈ ਇਤਰਾਜ਼ ਨਹੀਂ ਹੋ ਸਕਦਾ । (ਸਰਦਾਰ ਭਾਗ ਸਿੰਘ : ਕੀ ਤੁਸੀਂ ਪੈਪਸੂ ਦੇ language formula ਨੂੰ ਪੰਜਾਬ ਤੇ ਲਾਗੂ ਕਰਨ ਲਈ ਤਿਆਰ ਹੋ ?) ਪੈਪਸੂ ਦਾ ਫਾਰਮੂਲਾ ਪੈਪਸੂ ਵਿਚ ਲਗਾ ਰਹੇਗਾ ਤੇ ਪੰਜਾਬ ਦਾ ਪੰਜਾਬ ਵਿਚ । ਜਿਹੜੀ ਗੱਲ ਦਾ ਫੈਸਲਾ ਮਿਲਕੇ ਕੀਤਾ ਹੋਇਆ ਹੈ ਅਸਾਂ ਉਸ ਨੂੰ ਨਹੀਂ ਛੇੜਨਾ ।

ਇਸ ਵੇਲੇ ਇਹ ਐਕਟ ਪੰਜਾਬ ਵਿਚ ਪਹਿਲੇ ਤੋਂ ਲੱਗਾ ਹੋਇਆ ਹੈ । ਇਸ ਵਿਚ ਕੁਝ ਇਲਾਕਿਆਂ ਦਾ ਜ਼ਿਕਰ ਕੀਤਾ ਹੋਇਆ ਹੈ ਜਿਨ੍ਹਾਂ ਤੇ surcharge ਨਹੀਂ ਲੱਗਾ ਹੋਇਆ । ਮੈਂ ਸਮਝਦਾ ਹਾਂ ਕਿ ਉਸ ਤੋਂ encouragement ਹਾਸਲ ਕਰਕੇ ਕੁਝ ਹੋਰ ਇਲਾਕਿਆਂ ਦੀ exemption ਦੀ ਤਜਵੀਜ਼ ਕਈ ਮੈਂਬਰਾਂ ਵਲੋਂ ਰਖੀ ਗਈ ਹੈ । ਲੇਕਿਨ ਇਨ੍ਹਾਂ ਨੂੰ ਉਸ ਬਿਨਾ ਨੂੰ ਸਮਝ ਲੈਣਾ ਚਾਹੀਦਾ ਹੈ, ਜਿਸ ਬਿਨਾ ਤੇ ਉਹ exempt ਕੀਤੇ ਹੋਏ ਨੇ । ਉਸ ਦੀ ਬਿਨਾ ਤਾਂ ਹੈ ਪੰਜਾਬ ਦਾ ਬੰਦੋਬਸਤ, ਜਿਸ ਨੂੰ ਹੋਇਆਂ ਤੀਹ ਜਾਂ ਚਾਲੀ ਸਾਲ ਦਾ ਅਰਸਾ ਹੋ ਗਿਆ ਹੋਇਆ ਹੈ । ਉਸ ਵੇਲੇ ਦੇ ਮਾਮਲੇ ਦੇ ਜਿਹੜੇ rates ਸਨ ਉਹ ਉਸ ਵੇਲੇ ਦੇ ਜਿਨਸਾਂ ਦੇ ਭਾਵਾਂ ਦੇ ਮੁਤਾਬਕ ਸਨ । ਉਸ ਵੇਲੇ ਦੇ ਜੋ ਭਾਅ ਸਨ ਉਹ ਹੁਣ ਦੇ ਭਾਵਾਂ ਦੇ ਮੁਕਾਬਲੇ ਵਿਚ ਬਹੁਤ ਥੋੜੇ ਸਨ । ਉਹ ਬੰਦੋਬਸਤ ਉਸ ਵੇਲੇ ਦੇ ਭਾਵਾਂ ਦੇ ਮੁਤਾਬਕ ਕੀਤਾ ਗਿਆ ਸੀ । ਜੇਕਰ ਇਸ ਅਰਸੇ ਵਿਚ ਕੋਈ ਹੋਰ ਬੰਦੋਬਸਤ ਕੀਤਾ ਗਿਆ ਹੁੰਦਾ ਤਾਂ ਹਾਲ਼ੇ ਦੇ rate ਜ਼ਰੂਰ ਵਧਦੇ । ਬੰਦੋਬਸਤ ਇਸ ਵੇਲੇ ਇਸ ਵਾਸਤੇ ਨਹੀਂ ਕੀਤਾ ਜਾ ਸਕਦਾ ਕਿਉਂਕਿ Consolidation ਹੋ ਰਹੀ ਹੈ ਅਤੇ 1960 ਜਾਂ 1962 ਤਕ Consolidation ਦਾ ਕੰਮ ਮੁਕੰਮਲ ਕੀਤੇ ਜਾਣ ਦਾ ਖ਼ਿਆਲ ਹੈ । ਬੰਦੋਬਸਤ ਕਰਨ ਲਈ ਸਭ ਤੋਂ ਪਹਿਲੀ ਗੱਲ ਇਹ ਕਰਨੀ ਪੈਂਦੀ ਹੈ ਕਿ ਸੂਬੇ ਦਾ ਸਾਰਾ ਨਵਾਂ revenue record ਬਣਾਉਣਾ ਪੈਂਦਾ ਹੈ । ਜਿਥੇ ਬੰਦੋਬਸਤ ਹੋਏ ਉਥੇ ਦੇ ਪਿੰਡਾਂ ਦੇ ਲੋਕਾਂ ਦੇ ਰਸਮੋ ਰਿਵਾਜ ਸਾਰੇ ਦਰਜ ਕਰਨੇ ਪੈਂਦੇ ਹਨ ਜਿਨ੍ਹਾਂ ਨਾਲ ਇਕ ਵੱਡੀ ਕਿਤਾਬ ਬਣ ਜਾਂਦੀ ਹੈ । ਕਿਉਂਕਿ ਹੁਣ Consolidation ਹੋ ਰਹੀ ਹੈ ਇਸ ਲਈ ਇਸ ਵਿਚ ਵੀ ਜ਼ਮੀਨਾਂ ਦਾ ਸਾਰਾ ਨਵਾਂ record ਬਣਾਇਆ ਜਾਂਦਾ ਹੈ, ਕਿਉਂਕਿ ਜ਼ਮੀਨਾਂ ਬਦਲ ਜਾਂਦੀਆਂ ਹਨ । ਇਨ੍ਹਾਂ ਦੋਹਾਂ ਚੀਜ਼ਾਂ ਵਿਚੋਂ ਇਕ ਚੀਜ਼ ਹੀ ਚੱਲ ਸਕਦੀ ਹੈ, ਯਾ Consolidation ਦਾ ਕੰਮ ਜਾਂ ਬੰਦੋਬਸਤ, ਕਿਉਂਕਿ ਇਨ੍ਹਾਂ ਦੇ ਕਰਨ ਲਈ ਬਹੁਤ ਆਦਮੀਆਂ ਦੀ ਲੋੜ ਹੁੰਦੀ ਹੈ । ਇਸ ਵੇਲੇ ਜੋ Consolidation ਦਾ ਕੰਮ ਹੈ, ਉਹ ਜ਼ਰੂਰੀ ਇਸ ਲਈ ਸਮਝਿਆ ਗਿਆ ਹੈ ਕਿ ਬੰਦੋਬਸਤ ਤੋਂ ਤਾਂ ਹਾਲ਼ੇ ਵਿਚ ਕਾਫ਼ੀ ਇਜ਼ਾਫਾ ਹੋਣਾ ਸੀ ਪਰ ਹੋਰ ਐਸੇ resources ਸਨ ਜਿਨ੍ਹਾਂ ਤੋਂ ਜ਼ਿਆਦਾ ਰੁਪਿਆ ਮਿਲ ਸਕਦਾ ਸੀ ਜਿਨ੍ਹਾਂ ਤੇ tax ਲਗਾ ਕੇ ਦੂਜੀ ਪੰਜ-ਸਾਲਾ ਪਲਾਨ ਨੂੰ ਸਿਰੇ ਚੜ੍ਹਾਉਣ ਦਾ ਜਤਨ ਕੀਤਾ ਜਾ ਰਿਹਾ ਹੈ ਅਤੇ ਨਵੀਂ assessment ਨਾਲ ਜਿੰਨਾ ਹਾਲ਼ੇ ਵਿਚ ਵਾਧਾ ਹੋਣਾ ਸੀ ਉਸ ਨਾਲੋਂ ਘੱਟ ਹਲਾ ਇਸ surcharge ਰਾਹੀਂ ਲਿਆ ਗਿਆ ਹੈ । ਅਤੇ ਇਸ ਤਰ੍ਹਾਂ ਥੋੜ੍ਹੀ ਰਕਮ ਪੈਦਾ ਕੀਤੀ ਗਈ ਹੈ । ਫੇਰ 10 ਏਕੜ ਤੋਂ ਘੱਟ ਜ਼ਮੀਨ ਵਾਲਿਆਂ ਤੇ surcharage ਨਹੀਂ ਲਗਾਇਆ ਗਿਆ ਅਤੇ ਉਸ ਤੋਂ ਵਾਧੂ ਜ਼ਮੀਨ ਵਾਲਿਆਂ ਤੋਂ ਕੁਝ ਲਿਆ ਜਾਂਦਾ ਹੈ ਤੇ ਉਸ ਤੋਂ ਵਧ ਵਾਲਿਆਂ ਕੋਲੋਂ ਹੋਰ ਵਧ ਲਿਆ ਜਾਂਦਾ ਹੈ । ਇਸ ਤਰ੍ਹਾਂ ਬਹੁਤ ਸਾਰੇ ਗਰੀਬ ਇਸ surcharge

[ਮਾਲ ਮੰਤਰੀ]

ਤੋਂ ਬਚ ਜਾਂਦੇ ਹਨ । ਇਸ ਬਿਲ ਵਿਚ ਜਿਨ੍ਹਾਂ ਥਾਂਵਾਂ ਨੂੰ ਇਸ surcharge ਤੋਂ exemption ਦਿੱਤੀ ਗਈ ਹੈ ਉਥੇ ਨਵਾਂ settlement ਹੋਇਆ ਹੋਇਆ ਹੈ ਅਤੇ ਨਵਾਂ ਹਾਲੇ ਦਾ rate ਲੱਗਾ ਹੋਇਆ ਹੈ ।

[*At this stage Mr. Speaker occupied the Chair.*]

ਅੰਮ੍ਰਿਤਸਰ ਦੇ ਜ਼ਿਲ੍ਹੇ ਦੇ ਜਿਨ੍ਹਾਂ areas ਦਾ ਜ਼ਿਕਰ ਇਸ ਵਿਚ ਹੈ, ਉਥੇ ਕੁਝ ਚਿਰ ਹੋਇਆ ਹੈ ਨਵੀਂ settlement ਹੋਈ ਨੂੰ । ਉਨ੍ਹਾਂ ਲੋਕਾਂ ਦਾ ਹਾਲ਼ਾ ਵਧਿਆ ਹੈ । ਇਸ ਲਈ ਉਨ੍ਹਾਂ ਤੇ surcharge ਨਹੀਂ ਲਾਇਆ ਗਿਆ ਅਤੇ ਉਥੇ ਲਾਇਆ ਗਿਆ ਹੈ ਜਿਥੇ ਬੰਦੋਬਸਤ ਹੋਏ ਨੂੰ 30 ਜਾਂ 40 ਵਰ੍ਹੇ ਹੋ ਚੁੱਕੇ ਹਨ । ਜੇਕਰ ਨਵੇਂ ਸਿਰਿਉਂ ਹੁਣ ਬੰਦੋਬਸਤ ਹੁੰਦਾ ਤਾਂ ਉਨ੍ਹਾਂ ਦਾ ਹਾਲ਼ਾ ਵਧਣਾ ਸੀ । Surcharge ਉਤਨਾ ਨਹੀਂ ਲਾਇਆ ਗਿਆ ਜਿੰਨਾ ਉਨ੍ਹਾਂ ਦਾ ਹਾਲ਼ਾ ਵਧਣਾ ਸੀ ਸਗੋਂ 10 ਰੁਪਏ ਹਾਲ਼ਾ ਦੇਣ ਵਾਲੇ ਨੂੰ ਬਿਲਕੁਲ ਛੱਡ ਦਿਤਾ ਗਿਆ ਹੈ । ਇਸ ਤਰਾਂ ਗ਼ਰੀਬਾਂ ਦੀ ਰਿਆਇਤ ਕੀਤੀ ਗਈ ਹੈ । ਕਾਂਗੜੇ ਦਾ ਜਿਨ੍ਹਾਂ ਦੋਸਤਾਂ ਨੇ ਜ਼ਿਕਰ ਕੀਤਾ ਹੈ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਛੋਟ ਵਿਚ ਉਥੋਂ ਦੇ ਬਹੁਤ ਲੋਕ ਬਰੀ ਹੋ ਜਾਂਦੇ ਹਨ । ਫਿਰ ਕੁਝ ਤਰਮੀਮਾਂ ਹਨ ਕਿ ਸੇਮ-ਜ਼ਦਾ ਇਲਾਕੇ ਦਾ ਹਾਲ਼ਾ ਛਡਿਆ ਜਾਵੇ ਜਾਂ ਦੂਸਰੇ ਇਲਾਕਿਆਂ ਦਾ ਹਾਲ਼ਾ ਛਡਿਆ ਜਾਵੇ । ਪਰ ਇਹ ਚੀਜ਼ ਇਸ Bill ਦੇ scope ਤੋਂ ਬਾਹਰ ਹੈ, ਇਸ ਤੋਂ ਜੁਦੀ ਚੀਜ਼ ਹੈ । ਉਸ ਲਈ ਵਖਰਾ ਕਾਨੂੰਨ ਅਤੇ ਵਖਰਾ ਫ਼ੈਸਲਾ ਹੋਣਾ ਚਾਹੀਦਾ ਹੈ । ਬਾਕੀ ਸੇਮ-ਜ਼ਦਾ ਇਲਾਕਿਆਂ ਬਾਰੇ ਕੁਝ rules ਹਨ । ਉਹ ਮੈਂ ਵੇਖ ਰਿਹਾ ਹਾਂ । ਜੇਕਰ ਸੇਮ ਦੀ ਵਜ੍ਹਾ ਕਰਕੇ ਕੋਈ ਕਾਰਵਾਈ ਕਰਨੀ ਹੋਈ ਤਾਂ ਉਹ ਕੀਤੀ ਜਾਵੇਗੀ ਪਰ ਉਹ ਹਾਲੇ ਦੀ remission ਜਾਂ ਰਿਆਇਤ ਦੀ ਗੱਲ ਹੈ । ਸੇਮ-ਜ਼ਦਾ ਇਲਾਕਾ redeem ਵੀ ਤਾਂ ਹੋਣਾ ਹੈ ਇਸ ਲਈ ਉਥੇ remission ਹੋਣੀ ਹੈ, suspension ਹੋਣੀ ਹੈ । ਇਹ ਜੁਦਾ ਕੇਸ ਹੈ । ਇਸ ਵਿਚ ਨਹੀਂ ਆਉਂਦਾ । ਇਸ ਲਈ ਇਸ ਗੱਲ ਨੂੰ ਸਮਝਕੇ ਮੈਂ ਜੋ Bill ਪੇਸ਼ ਕੀਤਾ ਹੈ ਇਸ ਦੀ ਤਾਈਦ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਤੁਰਤ ਪਾਸ ਕਰਨਾ ਚਾਹੀਦਾ ਹੈ । (ਤਾੜੀਆਂ) । ਇਹ ਕਹਿਕੇ ਮੈਂ ਆਪਣੀ speech ਖ਼ਤਮ ਕਰਦਾ ਹਾਂ ।

Mr. Speaker : Question is—

That the Punjab Land Revenue (Surcharge) (Second Amendment) Bill be taken into consideration at once.

The motion was carried.

CLAUSE 2

Mr. Speaker : Question is—

That Clause 2 stand part of the Bill.

The motion was carried.

CLAUSE 3

Mr. Speaker : Question is—

That clause 3 stand part of the Bill.

The motion was carried.

CLAUSES 4 AND 1

Mr. Speaker : Question is—

That Clauses 4 and 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried.

Minister for Revenue : Sir, I beg to move—

That the Punjab Land Revenue (Surcharge) (Second Amendment) Bill be passed.

Mr. Speaker : Motion moved—

That the Punjab Land Revenue (Surcharge) (Second Amendment) Bill be passed.

ਸਰਦਾਰ ਅਜਮੇਰ ਸਿੰਘ (ਸਮਰਾਲਾ, ਜਨਰਲ) : ਸਪੀਕਰ ਸਾਹਿਬ, ਮੈਂ ਮੁਖ਼ਤਸਰ ਹੀ ਕੁਝ ਕਹਿ ਕੇ ਖ਼ਤਮ ਕਰ ਦਿਆਂਗਾ। ਇਹ ਇਸ ਤਰ੍ਹਾਂ ਦਾ perfect Bill ਹੈ ਜਿਸ ਤਰ੍ਹਾਂ ਦਾ ਮੈਂ ਸਮਝਦਾ ਹਾਂ ਕੋਈ ਨਹੀਂ ਹੋ ਸਕਦਾ। ਇਸ ਵਿਚ ਸਾਰੇ ਗੁਣ ਆ ਜਾਂਦੇ ਹਨ। ਜੇਕਰ ਇਹ ਕਿਹਾ ਜਾਵੇ ਕਿ ਮਾਮਲਾ ਘਟਾਇਆ ਜਾਵੇ ਤਾਂ ਇਹ ਗੱਲ ਇਸ ਵਿਚ ਹੈ। Pepsu ਦੇ ਇਲਾਕੇ ਦਾ ਮਾਮਲਾ ਘਟਾਇਆ ਜਾਵੇਗਾ। ਜੇਕਰ ਇਹ ਚਾਹੋ ਕਿ ਬਰਾਬਰੀ ਚਾਹੀਦੀ ਹੈ ਤਾਂ ਉਹ ਵੀ ਹੈ--ਪੰਜਾਬ ਅਤੇ ਪੈਪਸੂ ਨੂੰ ਬਰਾਬਰ ਕੀਤਾ ਜਾ ਰਿਹਾ ਹੈ। ਜੇਕਰ Finance Minister ਸਾਹਿਬ Revenue Minister ਸਾਹਿਬ ਨੂੰ ਕਹਿਣ ਕਿ ਰੁਪਿਆ ਚਾਹੀਦਾ ਹੈ ਤਾਂ surcharge ਲਗਾਇਆ ਜਾ ਰਿਹਾ ਹੈ। ਸੋ ਜਿਸ ਤਰ੍ਹਾਂ Revenue Minister ਸਾਹਿਬ ਵਿਚ ਸਾਰੇ ਗੁਣ ਮੌਜੂਦ ਹਨ ਉਸੇ ਤਰ੍ਹਾਂ ਇਸ Bill ਵਿਚ ਵੀ ਸਾਰੇ ਗੁਣ ਮੌਜੂਦ ਹਨ। ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਕੁਝ ਹੋਰ ਅਰਜ਼ ਕਰਨਾ ਚਾਹੁੰਦਾ ਹਾਂ। 1950 ਵਿਚ 63 ਪਿੰਡਾਂ ਦਾ Pepsu ਦਾ ਇਕ enclave ਮੇਰੇ ਹਲਕੇ ਵਿਚ ਮਿਲਿਆ। ਇਨ੍ਹਾਂ elections ਤੋਂ ਪਹਿਲਾਂ ਇਹ ਫ਼ੈਸਲਾ ਹੋਇਆ ਕਿ ਉਥੇ ਮਾਮਲਾ ਘਟਾ ਕੇ ਪੰਜਾਬ ਵਾਲੇ rates ਲਾਗੂ ਕੀਤੇ ਜਾਣ। ਚੁਨਾਂਚਿ ਇਸ ਚੀਜ਼ ਦਾ ਖਾਸਾ ਪਰਚਾਰ ਕਰਕੇ ਅਸੀਂ ਉਨ੍ਹਾਂ ਲੋਕਾਂ ਤੋਂ ਵੋਟਾਂ ਲਈਆਂ। ਪਰ ਉਦੋਂ ਹਿਸਾਬ ਕਿਤਾਬ ਨਹੀਂ ਸੀ ਲਾਇਆ ਗਿਆ। ਹੁਣ ਜਦ ਹਿਸਾਬ ਕਿਤਾਬ ਲੱਗਾ ਹੈ ਤਾਂ ਪਤਾ ਚਲਿਆ ਹੈ ਕਿ ਥੋੜ੍ਹਾ ਕੁਝ ਨਹੀਂ

[ਸਰਦਾਰ ਅਜਮੇਰ ਸਿੰਘ]

ਹੋਇਆ ਅਤੇ ਉਨ੍ਹਾਂ ਨੂੰ ਬਚਿਆ ਕੁਝ ਨਹੀਂ । ਉਹ ਸਾਡੇ ਪਿਛੇ ਲੱਠ ਲਈ ਫਿਰਦੇ ਹਨ । ਹੁਣ ਇਹ ਬਹੁਗੁਣਾਂ ਵਾਲਾ Bill ਇਸ ਕਰਕੇ ਲਿਆਂਦਾ ਗਿਆ ਹੈ ਕਿ Pepsu ਵਾਲਿਆਂ ਨੂੰ ਰਿਆਇਤ ਦਿੱਤੀ ਜਾਵੇਗੀ ਪਰ ਇਸ ਗੱਲ ਦਾ ਹਿਸਾਬ ਕਿਤਾਬ ਕਰ ਲਉ ਕਿ ਪੈਪਸੂ ਵਾਲਿਆਂ ਨੂੰ ਦਿਤਾ ਕੀ ਹੈ । Minister ਸਾਹਿਬ ਨੇ ਕਿਹਾ ਹੈ ਕਿ ਇਸ Bill ਰਾਹੀਂ ਕਈ ਜਗ੍ਹਾ surcharge ਨਹੀਂ ਲਾਉਣਾ ਜਿੰਨਾ ਚਿਰ ਮਾਮਲਾ ਬਰਾਬਰ ਨਾ ਹੋ ਜਾਵੇ । ਮੇਰੀ ਅਰਜ਼ ਹੈ ਕਿ ਜਦ ਇਸ Bill ਰਾਹੀਂ ਮਾਮਲਾ ਲਾਉਣ ਦਾ ਸਵਾਲ ਨਹੀਂ ਹੈ ਬਲਕਿ ਸਿਰਫ surcharge ਲਾਉਣ ਦਾ ਸਵਾਲ ਹੈ ਤਾਂ ਜੇਕਰ ਕੋਈ ਅਜਿਹੇ ਇਲਾਕੇ ਨਜ਼ਰ ਆਉਂਦੇ ਹਨ ਮਸਲਨ ਬੇਟ ਦਾ ਇਲਾਕਾ ਹੈ ਜਾਂ floods ਵਾਲਾ ਇਲਾਕਾ ਜਾਂ ਹੋਰ ਕਿਸੇ ਤਰ੍ਹਾਂ ਦਾ ਪਿਛੇ ਰਿਹਾ ਇਲਾਕਾ ਨਜ਼ਰ ਆਉਂਦਾ ਹੈ ਤਾਂ ਉਸ ਨੂੰ ਇਸ ਵਿਚੋਂ exclude ਕਿਉਂ ਨਹੀਂ ਕਰ ਦਿਤਾ ਜਾਂਦਾ ਅਤੇ ਇਸ ਤਰ੍ਹਾਂ ਉਥੋਂ ਦੇ ਲੋਕਾਂ ਦੀ ਖੁਸ਼ਨੂਦੀ ਕਿਉਂ ਨਹੀਂ ਹਾਸਲ ਕੀਤੀ ਜਾਂਦੀ ।

ਦੂਸਰੀ ਚੀਜ਼ ਜੋ ਮੈਂ ਪਹਿਲਾਂ ਵੀ ਕਹੀ ਸੀ ਇਹ ਹੈ ਕਿ ਅਜ ਲੋਕ ਸਾਨੂੰ ਕਹਿੰਦੇ ਹਨ ਕਿ ਇਹ ਗੱਲ ਕਹਿ ਦੇਣਾ ਕਿ ਉਥੇ ਬੰਦੋਬਸਤ ਤਾਜ਼ਾ ਹੀ ਹੋਇਆ ਹੈ ਅਤੇ ਉਥੇ ਮਾਮਲਾ ਵਧਿਆ ਹੈ ਇਸ ਕਰਕੇ ਉਸ area ਨੂੰ ਇਸ ਦੀ ਜ਼ਦ 'ਚੋਂ ਬਾਹਰ ਰਖਿਆ ਹੈ, ਹੀ ਕਾਫੀ ਨਹੀਂ ਬਲਕਿ ਉਹ ਪੁਛਦੇ ਹਨ ਕਿ ਉਹ ਬੰਦੋਬਸਤ ਕਦ ਹੋਇਆ । ਦੂਜੇ ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਬੰਦੋਬਸਤ ਹੋਣ ਦੇ ਬਾਅਦ ਜੋ ਮਾਮਲਾ ਹੈ ਉਹ ਬਾਕੀ ਦੇ ਜ਼ਿਲ੍ਹਿਆਂ ਨਾਲੋਂ ਘਟ ਹੈ, ਬਰਾਬਰ ਹੈ ਜਾਂ ਜ਼ਿਆਦਾ ਹੈ ਅਤੇ surcharge ਲਗਾਉਣ ਤੋਂ ਬਾਅਦ ਕੀ position ਹੋਵੇਗੀ । ਉਹ ਲੋਕ ਪੁਛਦੇ ਹਨ ਕਿ ਕਿਸ ਕਰਕੇ ਇਹ ਦੋ ਤਰ੍ਹਾਂ ਦਾ ਸਲੂਕ ਕੀਤਾ ਜਾ ਰਿਹਾ ਹੈ । ਜੇਕਰ ਕਿਤੇ ਮਾਮਲਾ ਜ਼ਿਆਦਾ ਹੈ ਤਾਂ ਇਲਾਨ ਕਰਨ ਅਤੇ ਬਾਕੀ ਥਾਂ surcharge ਲਾਕੇ ਉਸ ਦੇ ਬਰਾਬਰ ਲਿਆਉਣ । ਸਿਰਫ਼ ਇਕ ਜ਼ਿਲ੍ਹੇ ਨੂੰ exempt ਕਰਨ ਨਾਲ ਦੂਜੇ ਜ਼ਿਲ੍ਹਿਆਂ ਦੇ ਜ਼ਿਮੀਂਦਾਰ ਪੁਛਦੇ ਹਨ ਕਿ ਇਨ੍ਹਾਂ ਨੂੰ ਕਿਸ ਕਰਕੇ ਛੱਡਦੇ ਹੋ । ਸੋ ਮੇਰੀ ਬੇਨਤੀ ਹੈ ਕਿ ਜਦ ਇਸ Bill ਰਾਹੀਂ surcharge ਲਾਉਣਾ ਹੈ ਤਾਂ ਉਨ੍ਹਾਂ ਨੂੰ relief ਦੇ ਦਿਉ ਜਿਨ੍ਹਾਂ ਨੂੰ relief ਦੇਣਾ ਵਾਜਬ ਹੈ ਤਾਂ ਜੋ ਕਿਤੇ ਤਾਂ ਅਸੀਂ ਕਹਿ ਸਕੀਏ ਕਿ ਜਿਥੇ ਸਰਕਾਰ ਨੇ ਦੇਖਿਆ ਕਿ ਲੋਕ ਮਾਮਲਾ ਨਹੀਂ ਦੇ ਸਕਦੇ ਉਥੇ surcharge ਨਹੀਂ ਲਾਇਆ । ਅਜ ਬੇਟ ਦੇ ਇਲਾਕੇ ਦੀ ਬਦਤਰ ਹਾਲਤ ਹੈ । ਉਹ ਲੋਕ ਹਰ ਸਾਲ ਫ਼ਸਲ ਬੀਜਦੇ ਹਨ ਅਤੇ ਹਰ ਸਾਲ flood ਕਰਕੇ ਤਬਾਹੀ ਹੁੰਦੀ ਹੈ । statistics ਦੇਖ ਲਉ ਕਿ ਉਥੇ ਕੀ ਹਾਲਤ ਹੈ । ਜੇਕਰ ਬੇਟ ਦੇ area ਨੂੰ develop ਕਰਨ ਲਈ ਪੈਸੇ ਨਹੀਂ ਕਿ ਉਨ੍ਹਾਂ ਲੋਕਾਂ ਦੀ ਮਾਲੀ ਹਾਲਤ ਚੰਗੀ ਹੋ ਜਾਵੇ ਤਾਂ ਘਟੋ ਘਟ ਇਸ surcharge ਦੇ ਸਿਲਸਿਲੇ ਵਿਚ ਉਨ੍ਹਾਂ ਨਾਲ ਅਜਿਹਾ ਸਲੂਕ ਕਰੋ ਜੋ even ਅਤੇ just ਹੋਵੇ ।

Mr. Speaker : Question is—

That the Punjab Land Revenue (Surcharge) (Second Amendment) Bill be passed.

The motion was carried.

THE PUNJAB LAND REVENUE (AMENDMENT) BILL, 1957

Minister for Revenue (Giani Kartar Singh) : Sir, I beg to move—

That the Punjab Land Revenue (Amendment) Bill be taken into consideration at once.

Mr. Speaker : Motion moved—

That the Punjab Land Revenue (Amendment) Bill be taken into consideration at once.

Shri Harbhagwan Maudgil (Ludhiana, North) : Mr. Speaker, Sir, the Bill as presented by the hon. Minister for Revenue should not be passed. I have my objections to the passing of this bill in the form in which it has been placed before the House. There has been a definition and a clear cut definition of the agricultural land under the Punjab Land Revenue Act and it has been followed since the enforcement of the Act in the villages within the red line and within the Municipal areas in the towns and house sites have been exempt from assess ment of land revenue.

According to the Clauses of this Bill, Sir, every site in the village and in the town will be assessable to land revenue. This will give rise to a feeling in the masses that the present national Government is going to assess the sites for residential purposes. I, therefore, take serious objection to the Bill, as it is. It can be argued on behalf of the hon. Minister for Revenue that by the enforcement of this bill only those sites will be assessed........

Mr. Speaker : Are you going to move your amendment ?

Shri Harbhagwan Maudgil : Yes, Sir, I have to move my amendment.

Now Sir, I beg to move—

That the Punjab Land Revenue (Amendment) Bill, 1957, be referred to a Select Committee consisting of—

(1) Chaudhri Sri Chand;

(2) Rao Gajraj Singh;

(3) Sardar Bhupinder Singh Mann;

(4) Chaudhri Lehri Singh;

(5) Sardar Gurbachan Singh Bajwa;

(6) Shri Prabodh Chandra;

(7) Sardar Ajmer Singh;

(8) Chaudhri Chambel Singh;

(9) Sadar Gurmit Singh;

(10) Shri Harbans Lal;

(11) Sardar Bhag Singh;

(12) Shri Harbhagwan Maudgil;

(13) Chaudhri Nihal Singh;

[Shri Harbhagwan Maudgil]

(14) Sardar Jasdev Singh Sandhu; and

(15) Sardar Achhar Singh Chhina.

with instructions to report by the 29th October, 1957.

Mr. Speaker : Motion moved—

That the Punjab Land Revenue (Amendment) Bill, 1957, be referred to a Select committee consisting of—

(1) Chaudhri Sri Chand ;

(2) Rao Gajraj Singh ;

(3) Sardar Bhupinder Singh Mann ;

(4) Chaudhri Lehri Singh ;

(5) Sardar Gurbachan Singh Bajwa ;

(6) Shri Prabodh Chandra ;

(7) Sardar Ajmer Singh ;

(8) Chaudhri Chambel Singh ;

(9) Sardar Gurmit Singh ;

(10) Shri Harbans Lal ;

(11) Sardar Bhag Singh ;

(12) Shri Harbhagwan Maudgil ;

(13) Chaudhri Nihal Singh ;

(14) Sardar Jasdev Singh Sandhu ; and

(15) Sardar Achhar Singh Chhina.

with instructions to report by the 29th October, 1957.

Mr. Speaker : Question is—

That the Punjab Land Revenue (Amendment) Bill, 1957, be referred to a select committee consisting of—

(1) Chaudhri Sri Chand ;

(2) Rao Gajraj Singh ;

(3) Sardar Bhupinder Singh Mann ;

(4) Chaudhri Lahri Singh ;

(5) Sardar Gurbachan Singh Bajwa ;

(6) Shri Prabodh Chandra ;

(7) Sardar Ajmer Singh

(8) Chaudhri Chambel Singh ;

(9) Sardar Gurmit Singh ;

(10) Shri Harbans Lal ;

(11) Sardar Bhag Singh ;

(12) Shri Harbhagwan Maudgil ;
(13) Chaudhri Nihal Singh ;
(14) Sardar Jasdev Singh Sandhu ; and
(15) Sardar Achhar Singh Chhina

with instructions to report by the 29th October, 1957.

The motion was carried.

THE PUNJAB COURTS LAWS (EXTENSION) BILL, 1957

Minister for Finance (Shri Mohan Lal) : Sir, I beg to move—

That the Punjab Courts Laws (Extension) Bill be taken into consideration at once.

स्पीकर साहिब इस बिल को इस लिए पेश किया गया है कि Punjab Courts Act, 1918 के मातहत जो rules और orders बनाए गए हैं और पंजाब हाई कोर्ट के जो laws और regulations हैं उन्हें erstwhile Pepsu के इलाका पर लागू करना मकसूद था, ताकि इस सिलसिले में uniformity of laws हो जाए और erstwhile Pepsu में जो अदालतें पंजाब हाई कोर्ट की superintendence में हैं उन में उन orders की uniformity हो जाए । यह एक non-controversial सा बिल है । इस लिए इसे पास किया जाए ।

Mr. Speaker : Motion moved—

That the Punjab Courts Laws (Extension) Bill be taken into consideration at once.

Mr. Speaker : Question is—

That the Punjab Courts Laws (Extension) Bill be taken into consideration once.

The motion was carried.

Mr. Speaker : Now the House will proceed to consider the Bill Clause by Clause.

SUB-CLAUSE (2) OF CLAUSE 1.

Mr. Speaker : Question is—

That Sub-clause (2) of Clause 1 stand part of the bill.

The motion was carried.

CLAUSE 2

Shri Inder Singh : Sir, I beg to move—

In sub-clause (d), line 1, *for* "transferred" *substitute* "integrated".

जनाब इस clause के part (d) पर मेरी amendment यह है कि लफ्ज़ 'transferred' की जगह लफ्ज़ 'integrated' आ जाए और

[श्री इन्द्र सिंह]

सारे बिल में जहां कहीं भी यह लफज़ आता है वहां पर इसे integrated शब्द से substitute किया जाए । क्योंकि जिस फ़ैसला के तहत यह बिल पेश किया गया है उस का मतलब यह है कि पंजाब हाई कोर्ट के जो rules और orders और regulations हैं वह erstwhile Pepsu के इलाके की जो courts हैं उन पर लागू किए जाएं लेकिन जनाब के तमाम मेम्बर भी इस बात से वाकिफ़ हैं और मैं भी समझता हूं कि Pepsu का इलाका पंजाब के अन्दर transfer नहीं किया गया और न ही किसी तरह का मफ्तूह इलाका है और न ही पंजाब वालों को यह समझना चाहिए कि Pepsu का इलाका हमने किसी लड़के की शादी में ले लिया है जिस तरह कि मुगल बादशाह करते थे कि अपने लड़कों की शादी कर के इलाका ले लिया तो इस तरह की कोई बात नहीं है। बल्कि बात इस तरह की है कि पंजाब और पैप्सू की दोनों States integrate हुई हैं और दोनों का integrated area है न कि transferred । इस लिये मैं यह चाहता हूं कि लफज़ 'transferred' जो sense convey करता है वह pepsu के हित के मुनाफ़ी है। लिहाजा मेरी यह दर्खास्त है कि लफज 'transferred' की जगह लफज 'integrated' इस्तेमाल किया जाए । कोई लंबी चौड़ी बहस नहीं करता—बरादराना दर्खास्त है कि Pepsu का इलाका पंजाब से 'integrate' हुआ है इस लिए यह न समझा जाए कि मुन्तकिल हुआ है और न हम ने किसी इलाके को मुन्तकिल किया है । बल्कि दोनों states integrate हो कर larger पंजाब बन गया है और मेरी amendment को मानने में दिक्कत नहीं है। मेरी [illegible] amendments इसी लफज़ पर है बाकी किसी बात के खिलाफ़ नहीं है। [illegible] ही यह बिल लाने के लिये मैं इन का शुक्रिया अदा करता हूं। अगर वह मेरी यह भी amendment मान लें तो इस बिल का मकसद पूरा हो जाता है। 'transferred' की जगह 'integrated' substitute कर देने से बिल की sense cover हो जाती है।

अध्यक्ष महोदय : आप ने जो एतराज पहले किया था वह इस amendment के लाने से खुद ही concede कर लिया है। (The objection previously raised by the hon. Member has automatically been conceded in this amendment.)

(Shri Inder Singh was still in possession of the House.)

The Sabha then adjourned till 2 p.m. on Monday, the 28th October 1957.

4071 PVS—344—28-1-59—C P and S, Pb, Chandigarh

Punjab Vidhan Sabha Debates

28th October, 1957

VOL. II—NO. 4

OFFICIAL REPORT

CONTENTS

Monday, 28th October 1957

CHANDIGARH :

Printed by the Controller of Printing and Stationery, Punjab

1958

Price : Rs. 5.50 NP.

ERRATA

PUNJAB VIDHAN SABHA DEBATE, VOL. II., NO. 4, DATED THE 28TH OCTOBER, 1957

Read	*For*	*On page*	*Line*
acres	ac es	(4)6	9
wrongly	wrong y	(4)10	7
time	t me	(4)10	7
anticipated	aanticipated	(4)15	4
is	s	(4)18	20
supplementary	supplemen ary	(4)18	20
You	Yoy	(4)18	28
ਗੁਜ਼ਰਿਆਂ	ਗੁਸਰਿਆਂ	(4)25	22
ਜਿਸ	ਜਿਜ਼	(4)25	31
दे	द	(4)46	17
very	every	(4)53	1
Delete the word 'so'	between every & often	(4)53	1
इसके	इसक	(4)55	1
Labour	Labou	(4)60	1
lakhs	akhs	(4)63	3rd from below
Bodies	Bodi s	(4)77	4
should	s ould	(4)77	25
ਪੁਰਾਣਾ	ਪੁਰਾਣ	(4)84	4
Committees	Committee	(4)84	8
ਹੋ	ਹ	(4)86	13
discussion	disc ssion	(4)87	10
चम्बेल सिंह	चम्बल सिंह	(4)87	19
ਹੋ	ਹੈ	(4)89	13

Read	*For*	*On page*	*Line*
ਹੁਣ	ਗੁਣ	(4)89	13
नागुफताबेह	नगुफतबीह	(4)93	7
दरुस्त	दरु त	(4)93	8
privately	p ivately	(4)94	3
understand	unders and	(4)94	12
ਹੋ	ਹੈ	(4)95	26
तीन तीन	तान तान	(4)96	12
Order	o d r	(4)97	13
Demand	Dema d	(4)97	13
After	Aft r	(4)97	14
ਦਾ	ਵਾ	(4)99	Last li
ਤਨਖਾਹਾਂ	ਪਨਖਾਹਾਂ	(4)100	16
Order, order	Ord r, o der	(4)101	5
Vibhag	Village	x'ii (annexure)	5th fro below.

PUNJAB VIDHAN SABHA

Monday, 28th October, 1957

The Vidhan Sabha met in the Assembly Hall, Sector 10, Chandigarh Capital, at 2.00 p.m. of the clock. Mr. Speaker (Sardar Gurdial Singh Dhillon) in the Chair.

STARRED QUESTIONS AND ANSWERS

REPRESENTATION FROM THE PUNJAB TREASURIES EMPLOYEES UNION

***650. Pandit Shri Ram Sharma** : Will the Minister for Finance be pleased to state whether he has recently received a representation from the Punjab Treasuries Employees Union ; if so, the gist of the said representation and the action, if any, taken thereon?

Shri Mohan Lal : A representation from the Punjab Treasurer's Union has recently been received. The gist of the representation also showing action taken against each item is laid on the Table of the House.

(i) Salaries of the Treasurer Staff are very meagre and they are denied the benefits and privileges allowed to other Government servants. They are not given the amenities of Provident Fund, quarters, medical aid or even regular increments.

The pay scales of the Treasury Staff have been revised in the recent revision and the Treasurer Staff will get regular increments. They are not Government employees and hence the question of granting them other amenities like Provident Fund, quarters and medical aid does not arise.

(ii) As the States of Punjab and Pepsu have been merged and the Tehsil and Sadar Treasuries of the formerly Pepsu have been taken over by the Punjab Government and the Treasurer Staff has been taken by Government as Government servant, the Treasurer Staff in Punjab should be considered on the similar level.

The question as to how far unified system can be introduced both in erstwhile Pepsu and Punjab areas is under consideration of Government.

(iii) The procedure to be followed on the death of the Contracting Treasurer. It is stressed in the representation that this procedure envisages the immediate termination of the service of the staff of the Treasurer and the appointment of the new hands in their stead on the death of the Contracting Treasurer.

This emergent procedure was evolved to avoid legal difficulties on the death of the Contracting Treasurer and to avoid losses of Government money. As the Treasurer Staff are not Government employees, it is not possible to make any change in this procedure.

CORRUPTION IN BHOGPUR SUGAR MILLS

***649. Pandit Shri Ram Sharma** : Will the Minister for Finance be pleased to state whether any complaints of mis-management and corruption in the Bhogpur Sugar Mills management has been received by Government; if so, the action, if any taken thereon ?

Chaudhri Suraj Mal : (a) Yes.

(b) The matter is under investigation.

ALLOTMENT OF SPECIAL QUOTA OF IRON AND STEEL IN KARNAL DISTRICT

***972. Shri Ram Piara** : Will the Minister for Finance be pleased to state whether any special quota, in addition to the regular quota, of iron and steel was allotted to any firm in Karnal District during the period from April, 1956 to September, 1957; if so, to whom and the quantity allotted in each case ?

Shri Mohan Lal : *First Part.*—No.

Second Part.—Does not arise.

REMISSION OF LAND REVENUE

श्री हरबंस लाल (बठिण्डा) : स्पीकर साहिब, गवर्नमैण्ट ने यह जो फैसला किया है कि District Boards और Municipal Committees के स्कूलों को सरकार अपने चार्ज में ले ले और वहां बच्चों को तालीम देने का प्रबन्ध खुद करे, मैं समझता हूं यह बहुत अच्छा फैसला है और मुनासिब फैसला है। उन स्कूलों का प्रबन्ध भली भांति नहीं किया जा सकता क्योंकि अकसर औकात जो उन Bodies के मैम्बर होते हैं उन का शायद बहुत ज़्यादा सम्बन्ध स्कूलों से नहीं होता और न ही उन का इस लाईन में कोई खास तजरुबा होता है। इस लिये वह संस्थाएं उन लोगों के प्रबन्ध से अच्छी तरह से नहीं चल सकतीं। मैं समझता हूं कि यह बहुत मुबारक कदम है जो कि सरकार ने उठाया है। मैं ने सुना है कि केवल अम्बाला और जालंधर डिवीज़नों की Local Bodies के स्कूलों को ही गवर्नमैण्ट ने अपने चार्ज में लेने का फैसला किया है। यह फैसला सरकार का अधूरा फैसला है। मैं समझता हूं कि जहां अम्बाला और जालन्धर डिवीज़न के स्कूलों को अपने चार्ज में लेने का फैसला किया है वहां उसे पटियाला डिवीज़न के स्कूलों को भी अपने चार्ज में लेना चाहिये।

वित्त मंत्री : वहां ऐसे स्कूल नहीं हैं।

श्री हरबंस लाल : मेरे ज़ाती इल्म में है कि वहां कई स्कूल म्युनिसिपल कमेटियों के साथ attached हैं। वहां District Boards तो नहीं हैं लेकिन Municipal Committees ज़रूर हैं। और उन के साथ स्कूल attached हैं। उन स्कूलों को सरकार को अपने चार्ज में ले लेना चाहिये। इस बात पर ज्यादा खर्च नहीं आएगा। जब दो डिवीज़नों के स्कूलों को सरकार अपने हाथ में ले रही है तो कोई वजह नहीं है कि उन स्कूलों को सरकार अपने चार्ज में न ले।

इस के अलावा जो फैसला किया गया है अगर्चि उस के मुताबिक Bocal Lodies के स्कूल गवर्नमेण्ट खुद चलाएगी, उन का प्रबन्ध खुद करेगी लेकिन उस के साथ यह भी एक condition रखी गई है कि $40\frac{1}{2}$ लाख के करीब रकम Local Bodies से

[श्री हरबंस लाल]
मदद के तौर पर ली जाएगी। मैं महसूस करता हूं कि यह बोझ उन पर नहीं डाला जाना चाहिए। हो सकता है कि यह contribution सिर्फ पांच महीनों के लिये हो क्योंकि यह demand सिर्फ़ पांच महीनों के लिये ही है लेकिन मुनासिब होगा कि आइन्दा सालों का यह बोझ Municipal Committees और District Boards के revenues पर न डाला जाए। ताकि यही रुपया वे दूसरे कामों के लिये, अपने अपने हल्कों में शहरों और गांव की बेहतरी और तरक्की की स्कीमों पर खर्च कर सकें। यह आशा की जाती थी कि इन स्कूलों को जब गवर्नमेण्ट अपने control में ले लेगी तो उन के पास expenditure में कुछ savings हो जाएंगी और वे दूसरी ज़रूरी योजनाओं पर इस बची हुई रकम को divert करेंगी। Taxation Enquiry Commission की रिपोर्ट में भी उन की Financial Position को ख्याल में रखते हुए यह सुझाव दिया गया था कि जो property tax की रकम State Government अपने पास रखती है वह इन Local Bodies के ही हवाले कर देनी चाहिये। आज हम Decentralisation of power कर रहे हैं। जब हम ने democracy यानी जमहूरियत के आदर्श को अपना लिया तो ज़रूरी है कि administration को lowest levels से शुरु करें, पंचायतों, Municipal Committees और District Boards को ज़्यादा से ज़्यादा अख्तियारात दें और lowest unit के पास रफाए आमा के कामों को सिरे चढ़ाने के लिये काफ़ी पैसा हो। इस लिये इस बात की अशद ज़रूरत है कि गवर्नमेंट इस item पर गम्भीरता से विचार करे और इस पर खास तौर पर ध्यान दे कि इस में जो Local Bodies के ऊपर 40½ लाख रुपए का बोझ डाला गया है यह न डाला जाए। यह बोझ अगले सालों में भी उन पर न डाला जाए और बजाए इस के उन को और funds दिए जाएं ताकि वे तरक्की के कामों को अच्छे ढंग से कर सकें।

ਸਰਦਾਰ ਹਰਗੁਰਨਾਦ ਸਿੰਘ (ਨਵਾਂ ਸ਼ਹਿਰ, ਜਨਰਲ): ਪ੍ਰਧਾਨ ਜੀ, ਸਰਕਾਰ ਨੇ Local Bodies ਯਾਨੀ District Boards ਅਤੇ Municipal Committees ਦੇ ਸਕੂਲਾਂ ਨੂੰ ਆਪਣੇ ਹੱਥ ਵਿਚ ਲੈਣ ਦਾ ਜਿਹੜਾ ਫੈਸਲਾ ਕੀਤਾ ਹੈ ਇਸ ਨਾਲ ਇਕ ਬੜੀ ਭਾਰੀ ਜ਼ਿਮੇਦਾਰੀ ਆਪਣੇ ਸਿਰ ਉਤੇ ਲੈ ਲਈ ਹੈ। ਇਹ ਠੀਕ ਹੈ ਕਿ ਹੁਣ ਸ਼ਾਇਦ Local Bodies ਨਾਲੋਂ Government ਖੁਦ ਇਨ੍ਹਾਂ ਸਕੂਲਾਂ ਦੇ ਪਰਬੰਧ ਦਾ ਚੰਗਾ ਇੰਤਜ਼ਾਮ ਕਰ ਸਕੇ ਪਰ ਤਜਰਬੇ ਵਿਚ ਤਾਂ ਇਹੋ ਵੇਖਣ ਵਿਚ ਆਇਆ ਹੈ ਕਿ ਜਿਹੜਾ ਅਤੇ ਜਿਤਨਾ ਚੰਗਾ ਇੰਤਜ਼ਾਮ ਸਥਾਨਕ ਤੌਰ ਤੇ ਹੋ ਸਕਦਾ ਹੈ ਉਹ ਜ਼ਿਲ੍ਹੇ ਦੇ headquarters ਤੋਂ ਜਾਂ division ਦੇ Inspectors ਤੋਂ ਨਹੀਂ ਹੋ ਸਕਦਾ। ਫੇਰ ਇਹ ਵੀ ਇਕ ਤਜਰਬਾ ਹੈ ਜਿਹੜਾ ਕਿ Local Bodies ਦੇ ਸਕੂਲਾਂ ਨੂੰ ਸਰਕਾਰ ਆਪਣੇ ਹਥਾਂ ਵਿਚ ਲੈ ਕੇ ਕਰਨਾ ਚਾਹੁੰਦੀ ਹੈ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਹੜੇ ਸਕੂਲ ਸਰਕਾਰ ਪਹਿਲਾਂ ਹੀ ਖੁਦ ਚਲਾ ਰਹੀ ਹੈ--ਭਾਵੇਂ ਉਨ੍ਹਾਂ ਵਿਚ selected students ਲਏ ਜਾਂਦੇ ਹਨ ਪਰ ਉਨ੍ਹਾਂ ਸਕੂਲਾਂ ਦੇ results ਉਨ੍ਹਾਂ ਸਕੂਲਾਂ ਦੇ ਮੁਕਾਬਲੇ ਵਿਚ ਜਿਹੜੇ

ਕਿ privately managed ਹਨ ਕਿਸੇ ਸੂਰਤ ਵਿਚ ਵੀ ਚੰਗੇ ਨਹੀਂ ਆਉਂਦੇ । ਇਸ ਲਈ ਖਦਸ਼ਾ ਹੈ ਕਿ ਵਿਦਿਆ ਦੇ ਇਸ ਕੰਮ ਵਿਚ ਕੋਈ ਨੁਕਸਾਨ ਨ ਹੋਵੇ ਅਤੇ ਜਿਹੜੇ ਬੱਚੇ ਸਰਕਾਰੀ ਪਰਬੰਧ ਹੇਠ education ਪਰਾਪਤ ਕਰਨ ਉਨ੍ਹਾਂ ਦੀ ਵਿਦਿਆ suffer ਨਾ ਕਰੇ । ਇਸ ਲਈ ਮੇਰੀ ਇਕ ਤਜਵੀਜ਼ ਹੈ ਕਿ ਇੰਤਜ਼ਾਮ ਨੂੰ ਬਿਹਤਰ ਕਰਨ ਲਈ ਤਾਕਿ ਕੋਈ deterioration ਨਾ ਹੋਵੇ, ਜਿਥੇ ਜਿਥੇ ਵੀ ਸਕੂਲ take over ਕੀਤੇ ਜਾਣ ਉਥੇ public men ਅਤੇ ਸਰਕਾਰੀ ਬੰਦਿਆਂ ਦੀ ਇਕ Advisory Committee ਬਣਾ ਦਿਤੀ ਜਾਵੇ ਜਿਹੜੀ ਕਿ ਸਾਧਾਰਨ ਤੌਰ ਤੇ ਸਕੂਲਾਂ ਦੇ ਸਬੰਧ ਵਿਚ ਇੰਨਸਪੈਕਟਰਾਂ ਨੂੰ ਅਤੇ Divisional Inspectors ਨੂੰ ਗਾਹੇ ਬਾਗਾਹੇ ਸਲਾਹ ਮਸ਼ਵਰਾ ਦਿੰਦੀ ਰਵ੍ਹੇ ।

ਇਕ ਮਾਨਯੋਗ ਮੈਂਬਰ : ਇਸ ਦਾ ਮਤਲਬ ਇਹ ਹੋਇਆ ਕਿ department ਤੋੜ ਦਿੱਤਾ ਜਾਵੇ ।

ਸਰਦਾਰ ਹਰਗੁਰਨਾਦ ਸਿੰਘ : ਨਹੀਂ, ਹਰਗਿਜ਼ ਨਹੀਂ । ਮੇਰਾ ਮਤਲਬ purely Advisory Committee ਤੋਂ ਹੈ ਜਿਹੜੀ ਕਿ ਸਿਰਫ ਇੰਤਜ਼ਾਮ ਬਾਰੇ ਸਲਾਹ ਮਸ਼ਵਰਾ ਦੇਵੇਗੀ । ਮਹਿਕਮਾ ਤੇ ਉਸੇ ਤਰ੍ਹਾਂ ਕਾਇਮ ਰਹੇਗਾ । ਸਗੋਂ ਮੇਰਾ ਤਾਂ ਇਹ ਖ਼ਿਆਲ ਹੈ ਕਿ ਮਹਿਕਮਾ ਅਗੇ ਨਾਲੋਂ ਜ਼ਿਆਦਾ ਵਧਾਉਣਾ ਪਵੇਗਾ ਕਿਉਂਕਿ ਉਨ੍ਹਾਂ ਦੀ establishment ਵਧ ਜਾਵੇਗੀ। Local Bodies ਦੀਆਂ duties ਸਰਕਾਰ ਦੇ ਆਪਣੇ ਹੱਥ ਲੈਣ ਨਾਲ ਜਿਹੜੀ centralisation ਹੋਵੇਗੀ ਉਸ ਨਾਲ ਮਹਿਕਮੇ ਦਾ staff ਹੋਰ ਵਧੇਗਾ ।

ਦੂਜੀ ਗਲ, ਪਰਧਾਨ ਜੀ, ਇਹ ਹੈ ਕਿ ਇਸ ਇੰਤਜ਼ਾਮ ਵਿਚ 40,63,400 ਰੁਪਏ ਦੀ ਰਕਮ Local Bodies ਦੀ contribution ਦੇ ਤੌਰ ਤੇ ਰਖੀ ਗਈ ਹੈ । ਮੈਂ ਨਹੀਂ ਜਾਣਦਾ ਕਿ ਇਸ ਬਾਰੇ ਸਰਕਾਰ ਦਾ Local Bodies ਨਾਲ ਪਹਿਲਾਂ ਕੋਈ agreement ਹੋ ਚੁਕਿਆ ਹੈ ਜਾਂ ਨਹੀਂ ਪਰ ਜਿਥੋਂ ਤਕ ਮੇਰੇ ਇਲਮ ਵਿਚ ਹੈ ਅਜਿਹਾ ਕੋਈ ਫੈਸਲਾ ਅਜੇ ਤਕ ਨਹੀਂ ਹੋਇਆ । ਪਰ ਮੇਰਾ ਆਪਣਾ ਇਹ ਵਿਚਾਰ ਹੈ ਕਿ ਜੇ ਸਰਕਾਰ ਇਨ੍ਹਾਂ lines ਤੇ ਹੀ Local Bodies ਦੇ ਸਕੂਲਾਂ ਨੂੰ nationalise ਕਰਨ ਦਾ ਖਿਆਲ ਰਖਦੀ ਹੈ ਤਾਂ ਯਕੀਨਨ ਬਹੁਤ ਸਾਰੀਆਂ Local Bodies ਅਜਿਹੀਆਂ ਹੋਣਗੀਆਂ ਜਿਹੜੀਆਂ ਕਿ ਇਸ condition ਨੂੰ ਪੂਰਾ ਨ ਕਰ ਸਕਣ। ਕਿਉਂਕਿ ਉਨ੍ਹਾਂ ਉਤੇ ਪਹਿਲਾਂ ਹੀ ਬੜਾ ਭਾਰੀ ਬੋਝ ਹੈ ਅਤੇ ਖਿਆਲ ਕੀਤਾ ਜਾਂਦਾ ਸੀ ਕਿ ਸਕੂਲਾਂ ਦੇ nationalise ਹੋਣ ਨਾਲ Local Bodies ਤੇ ਜਿਹੜਾ teachers ਦੀਆਂ ਤਨਖਾਹਾਂ ਵਗ਼ੈਰਾ ਦਾ ਭਾਰ ਸੀ ਉਹ ਹਟ ਜਾਵੇਗਾ ਅਤੇ ਉਹ ਉਸੇ ਪੈਸੇ ਨਾਲ ਆਪਣੇ ਹਲਕਿਆਂ ਵਿਚ ਲੋਕਾਂ ਦੀ ਭਲਾਈ ਦੇ ਹੋਰ ਕੰਮ ਕਰ ਸਕਣਗੀਆਂ । ਇਹ ਜਿਹੜੀ ਸ਼ਰਤ ਲਗਾਈ ਜਾ ਰਹੀ ਹੈ ਇਸ ਨਾਲ ਉਨ੍ਹਾਂ ਨੂੰ ਉਸ ਸਹੂਲਤ ਤੋਂ ਵਾਂਝਿਆ ਰਖਿਆ ਜਾਵੇਗਾ । ਇਸ ਲਈ ਸ਼ਾਇਦ ਇਹ ਸੌਦਾ ਉਨ੍ਹਾ ਲਈ ਘਾਟੇ ਦਾ ਸੌਦਾ ਸਾਬਤ ਹੋਵੇ । ਇਨ੍ਹਾਂ ਵਿਚਾਰਾਂ ਨੂੰ ਮੁੱਖ ਰਖਦਿਆਂ ਹੋਇਆਂ ਇਸ ਮਾਮਲੇ ਤੇ ਗੰਭੀਰ ਗਹੁ ਹੋਣਾ ਚਾਹੀਦਾ ਹੈ । ਮੇਰਾ ਖਿਆਲ ਹੈ ਕਿ ਇਹ ਜਿਹੜੀ 40,63,400 ਰੁਪਏ ਦੀ ਰਕਮ ਬਣਾਈ ਗਈ ਹੈ ਇਹ ਉਨ੍ਹਾਂ ਕਮੇਟੀਆਂ ਦੀ ਮਜਬੂਰੀ ਕਾਰਣ ਘਟ ਜਾਵੇ ਅਤੇ ਅਗਲੀ demand ਸਰਕਾਰ ਨੂੰ ਫੇਰ ਕਰਨੀ ਪਵੇ। ਇਸ ਤੋਂ ਅਲਾਵਾ ਜਿਹੜੀ centre ਤੋਂ ਰਕਮ ਮਿਲਣੀ ਹੈ ਉਹ ਭੀ ਅਜੇ sure ਅਤੇ certain ਨਹੀਂ

[ਸਰਦਾਰ ਹਰਗੁਰਨਾਦ ਸਿੰਘ]
ਇਸ ਲਈ ਜਿਥੇ ਮੈਂ ਸਰਕਾਰ ਨੂੰ ਵਧਾਈ ਦੇਂਦਾ ਹਾਂ ਉਥੇ ਇਹ ਵੀ ਬਿਨੇ ਕਰਦਾ ਹਾਂ ਕਿ ਜਿਹੜਾ ਕਦਮ ਸਰਕਾਰ ਨੇ ਚੁਕਿਆ ਹੈ ਸੂਬੇ ਦੇ ਵਿਦਿਆ ਦੀ ਉਨਤੀ ਲਈ ਇਹ ਕੋਸ਼ਿਸ਼ ਕਰੇਗੀ ਕਿ ਇਸ ਦਾ ਮਿਆਰ ਥੱਲੇ ਨਾਂ ਡਿਗੇ ਅਤੇ results ਚੰਗੇ ਆਉਣ।

ਸਰਦਾਰ ਗੁਰਮੀਤ ਸਿੰਘ 'ਮੀਤ' (ਬਾਘਾ ਪੁਰਾਣ, ਜਨਰਲ) : ਸਪੀਕਰ ਸਾਹਿਬ, ਮੈਂ ਇਸ ਡਿਮਾਂਡ ਬਾਰੇ ਸਿਰਫ ਇਤਨੀ ਹੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੇ Local Bodies ਦੇ ਸਕੂਲਾਂ ਨੂੰ ਆਪਣੇ control ਵਿਚ ਲੈਣ ਦਾ ਇਕ ਬੜਾ ਸ਼ਲਾਘਾਯੋਗ ਫੈਸਲਾ ਕੀਤਾ ਹੈ । ਇਸ ਨਾਲ ਇਹ ਤਾਂ ਜ਼ਰੂਰ ਹੋਵੇਗਾ ਕਿ ਜਿਹੜੇ Municipal Committee ਅਤੇ District Boards ਦੇ ਇੰਤਜ਼ਾਮ ਵਿਚ ਨੁਕਸ ਰਹਿ ਜਾਂਦੇ ਸਨ, ਪ੍ਰਬੰਧ ਵਿੱਚ, teachers ਦੀ appointment ਵਿੱਚ ਜਿਹੜੀਆਂ ਲਿਹਾਜ਼ਦਾਰੀਆਂ ਅਤੇ ਕੁਨਬਾਪਰਵਰੀਆਂ ਹੁੰਦੀਆਂ ਸਨ ਅਤੇ ਅਸਲੀ ਲਿਆਕਤ ਰਖਣ ਵਾਲੇ ਉਸਤਾਦਾਂ ਨੂੰ ਕੋਈ ਨਹੀਂ ਸੀ ਪੁਛਦਾ ਇਹ ਔਕੜਾਂ ਅਤੇ ਪ੍ਰਬੰਧ ਸਬੰਧੀ ਨੁਕਸ ਤਾਂ ਜ਼ਰੂਰ ਘਟ ਹੋ ਜਾਣਗੇ । ਪਰ ਨਾਲ ਹੀ ਨਾਲ ਜਿਵੇਂ ਕਿ ਇਥੇ ਕੁਝ ਸਾਡੇ ਸਾਥੀਆਂ ਨੇ point out ਕੀਤਾ ਹੈ ਜਿਹੜੀ ਜ਼ਾਤੀ ਦਿਲਚਸਪੀ ਜਾਂ ਨਿਗਰਾਨੀ local ਥਾਂ ਦੇ ਲੋਕਲ ਉਸਤਾਦ ਰਖਦੇ ਸਨ, ਜਿਸ ਤਰ੍ਹਾਂ ਉਹ ਜ਼ਿਆਦਾ vigilant ਹੁੰਦੇ ਸਨ ਅਤੇ ਇੰਤਜ਼ਾਮ ਨੂੰ ਕੁਝ ਜ਼ਿਆਦਾ ਬਿਹਤਰ ਬਣਾਉਣ ਦਾ ਯਤਨ ਕਰਦੇ ਸਨ ਉਸ ਵਿਚ ਘਾਟ ਪੈ ਜਾਵੇਗੀ ਅਤੇ ਸਿਰਫ਼ inspection ਵੇਲੇ ਜਿਹੜੀ ਕਿ ਉਹ ਸਾਲ ਵਿੱਚ ਇਕ ਦੋ ਵਾਰੀ ਕਰਦੇ ਹਨ, ਉਨ੍ਹਾਂ ਦਿਨਾਂ ਵਿੱਚ ਹੀ ਸਕੂਲ ਨੂੰ ਜ਼ਰਾ ਕਲੀ ਕਰ ਲਿਆ ਜਾਵੇਗਾ ਜਾਂ ਸਫ਼ਾਈ ਕਰਾ ਲਈ ਜਾਵੇਗੀ ਜਿਵੇਂ ਕਿ ਅਗੇ ਸਰਕਾਰੀ ਸਕੂਲਾਂ ਵਿੱਚ ਹੁੰਦਾ ਆਇਆ ਹੈ । ਇਹ ਜ਼ਰੂਰੀ ਹੈ ਕਿ ਇਸ apprehension ਨੂੰ ਝੁਠਲਾਉਣ ਲਈ ਵਜ਼ੀਰ ਸਾਹਿਬ ਇਸ ਪਾਸੇ ਖਾਸ ਧਿਆਨ ਦੇਣ । ਇਨ੍ਹਾਂ ਸਕੂਲਾਂ ਦੇ ਇੰਤਜ਼ਾਮ ਨੂੰ ਹਰ ਕੀਮਤ ਤੇ ਚੁਸਤ ਕਰਨਾ ਪਵੇਗਾ । ਮੈਂ ਇਹ ਸੁਝਾਵ ਪੇਸ਼ ਕਰਦਾ ਹਾਂ ਕਿ Inspectors ਨੂੰ ਇਹ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਬਜਾਇ scheduled visits ਦੇ ਉਹ ਅਚਾਨਕ visits ਕਰਨ । ਇਸ ਤਰ੍ਹਾਂ ਕਰਨ ਨਾਲ ਹੀ Municipalities ਦੇ ਮੈਂਬਰਾਂ ਅਤੇ ਅਹੁਦੇਦਾਰਾਂ ਵਲੋਂ ਜੋ ਜ਼ਾਤੀ supervision ਕੀਤੀ ਜਾਂਦੀ ਸੀ ਉਸ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇਗਾ ।

ਇਸ ਤੋਂ ਅਲਾਵਾ ਜਿਹੜਾ 40,63,400 ਰੁਪਿਆ local bodies ਕੋਲੋਂ as contribution ਲੈਣਾ ਹੈ ਇਸ ਬਾਰੇ ਵੀ ਮੈਂ ਇਹ ਬੇਨਤੀ ਕਰਾਂਗਾ ਕਿ ਇਹ ਜੋ ਰਕਮ ਹੈ ਇਸ ਨੂੰ ਹੌਲੀ ਹੌਲੀ ਸਾਲ-ਬ-ਸਾਲ ਘਟਾਇਆ ਜਾਵੇ ਤਾਕਿ ਇਹ Local Bodies ਵਿਦਿਆ ਦੇ ਖਰਚ ਤੋਂ ਵਿਹਲੀਆਂ ਹੋ ਕੇ ਆਪਣੇ ਆਪਣੇ ਸ਼ਹਿਰ ਅਤੇ ਇਲਾਕਿਆਂ ਦੀ ਉਨੱਤੀ ਕਰਨ ਵਲ ਜ਼ਿਆਦਾ ਧਿਆਨ ਦੇ ਸਕਣ । ਭਾਵੇਂ ਇਸ ਗੱਲ ਵਿੱਚ ਕੋਈ ਸ਼ਕ ਨਹੀਂ ਕਿ ਅਗੇ ਹੀ ਕੁਝ Local Bodies ਦਾ ਰੁਪਿਆ ਨਾਜਾਇਜ਼ ਤੌਰ ਤੇ ਵੀ ਖਰਚ ਹੁੰਦਾ ਰਿਹਾ ਹੈ, ਪਰ ਫਿਰ ਵੀ, ਜਦ ਇਨ੍ਹਾਂ ਸਕੂਲਾਂ ਨੂੰ ਚਲਾਉਣ ਦਾ ਭਾਰ ਸਰਕਾਰ ਨੇ ਆਪਣੇ ਸਿਰ ਲੈ ਲਿਆ ਹੈ ਇਸ ਲਈ ਇਸ ਮੱਦ ਵਿੱਚ ਉਨ੍ਹਾਂ ਦੀ contribution ਦਾ ਭਾਰ ਹੌਲੇ ਹੌਲੇ ਘਟਾਇਆ ਹੀ ਜਾਣਾ ਚਾਹੀਦਾ ਹੈ ਤਾਕਿ ਇਸ ਤਰ੍ਹਾਂ ਬਚੇ ਰੁਪਏ ਨਾਲ ਉਹ ਆਪਣੇ ਆਪਣੇ ਇਲਾਕਿਆਂ ਵਿੱਚ ਲੋਕ ਭਲਾਈ ਦੇ ਦੂਜੇ ਕੰਮਾਂ ਵਿਚ ਉਨੱਤੀ ਕਰ ਸਕਣ ।

ਇਸ ਦੇ ਨਾਲ ਇਕ ਹੋਰ ਬੇਨਤੀ ਜਿਹੜੀ ਮੈਂ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਜਿਹੜੇ teachers Local Bodies ਦੇ ਸਕੂਲਾਂ ਵਿਚੋਂ ਆਉਣੇ ਹਨ ਉਨ੍ਹਾਂ ਨੂੰ ਬਿਲਕੁਲ ਉਸੇ level ਤੇ treat ਕੀਤਾ ਜਾਵੇ ਜਿਸ ਤੇ ਉਨ੍ਹਾਂ ਉਸਤਾਦਾਂ ਨੂੰ ਕੀਤਾ ਜਾਂਦਾ ਹੈ ਜਿਹੜੇ ਇਸ ਵੇਲੇ Government Schools ਵਿਚ ਹਨ । ਅਗੇ ਵਾਲੀ ਗੱਲ ਨਾ ਹੋਵੇ ਜਿਸ ਤਰ੍ਹਾਂ ਕਿ ਨੌਕਰੀਆਂ ਦੇ ਮਾਮਲੇ ਵਿਚ Pepsu ਦੇ ਮੁਲਾਜ਼ਮਾਂ ਨੂੰ ਸ਼ਿਕਵੇ ਅਤੇ ਸ਼ਿਕਾਇਤਾਂ ਕਰਨ ਦਾ ਮੌਕਾ ਮਿਲਿਆ ਹੈ । ਮਤਲਬ ਮੇਰੇ ਕਹਿਣ ਦਾ ਇਹ ਹੈ ਕਿ Local Bodies ਵਿਚੋਂ ਆਉਣ ਵਾਲੇ ਮੁਲਾਜ਼ਮਾਂ ਨਾਲ ਮਤਰਈ ਮਾਂ ਵਾਲਾ ਸਲੂਕ ਨਹੀਂ ਹੋਣਾ ਚਾਹੀਦਾ । ਉਨ੍ਹਾਂ ਦੇ privileges ਅਤੇ grades ਬਿਲਕੁਲ ਉਹੀ ਹੋਣੇ ਚਾਹੀਦੇ ਹਨ ਜਿਹੜੇ ਕਿ ਇਸ ਵੇਲੇ ਸਰਕਾਰੀ ਸਕੂਲਾਂ ਦੇ ਮੁਲਾਜ਼ਮਾਂ ਦੇ ਹਨ । ਦੋਹਾਂ ਕਿਸਮਾਂ ਦੇ teachers ਨਾਲ ਇਕੋ ਜਿਹਾ ਵਰਤਾਵ ਕਰਨਾ ਚਾਹੀਦਾ ਹੈ ਅਤੇ ਕੋਈ ਭੇਦ ਭਾਵ ਨਹੀਂ ਹੋਣਾ ਚਾਹੀਦਾ । ਅਜਿਹਾ ਕਰਨ ਨਾਲ ਹੀ ਵਿਦਿਆ ਦੀ ਤਰੱਕੀ ਅਤੇ ਉਨੱਤੀ ਦਾ ਜਿਹੜਾ ਸਾਡਾ aim ਹੈ, object ਹੈ ਅਸੀਂ ਉਸ ਨੂੰ ਹਾਸਲ ਕਰ ਸਕਦੇ ਹਾਂ ਅਤੇ ਵਿਦਿਆ ਦੇ ਮਿਆਰ ਨੂੰ ਚੰਗਾ ਕਰ ਸਕਣ ਵਿਚ ਸਫ਼ਲ ਹੋ ਸਕਦੇ ਹਾਂ । ਇਤਨੇ ਲਫ਼ਜ਼ ਕਹਿ ਕੇ ਮੈਂ Minister-incharge ਸਾਹਿਬ ਦੀ ਸੇਵਾ ਵਿੱਚ ਬਿਨੈ ਕਰਦਾ ਹਾਂ ਕਿ ਉਹ ਇਨ੍ਹਾਂ ਗੱਲਾਂ ਵਲ ਖਾਸ ਧਿਆਨ ਦੇਣ ।

ਡਾਕਟਰ ਭਾਗ ਸਿੰਘ (ਗੜ੍ਹਸ਼ੰਕਰ, ਜਨਰਲ) ਜਨਾਬ ਸਪੀਕਰ ਸਾਹਿਬ, ਗੌਰਮਿੰਟ ਨੇ ਪਹਿਲੀ ਅਕਤੂਬਰ ਤੋਂ Municipal Committees ਤੇ District Boards ਦੇ ਸਕੂਲ ਆਪਣੇ ਮਾਤਹਿਤ ਲੈ ਲਏ ਹਨ । ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਲੋਕਲ ਬਾਡੀਜ਼ ਦੇ ਸਕੂਲਾਂ ਦਾ ਇੰਤਜ਼ਾਮ ਦਾ ਤੇ ਤਾਲੀਮ ਦਾ ਮਿਆਰ ਘੱਟ ਸੀ ਅਤੇ ਗੌਰਮਿੰਟ ਨੇ ਇਸ ਮਿਆਰ ਨੂੰ ਚੰਗਾ ਕਰਨ ਲਈ ਇਹ ਕਦਮ ਉਠਾਇਆ ਹੈ ਇਸ ਲਿਹਾਜ਼ ਨਾਲ ਇਸ ਦੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ । ਕਿਉਂ ਜੋ ਇਹ ਸਕੂਲ ਹੁਣ ਗੌਰਮਿੰਟ ਦੇ ਮਾਤਹਿਤ ਆ ਗਏ ਹਨ, ਇਸ ਕਰਕੇ ਇਨ੍ਹਾਂ ਸਕੂਲਾਂ ਦੇ teachers ਨੂੰ grades Government ਸਕੂਲਾਂ ਵਾਲੇ ਦਿੱਤੇ ਜਾਣਗੇ ।

ਇਸ ਦੇ ਇਲਾਵਾ, ਮੇਰੇ ਨੋਟਿਸ ਵਿੱਚ ਇਹ ਵੀ ਆਇਆ ਹੈ ਅਤੇ ਮੇਰੇ ਖਿਆਲ ਵਿਚ ਇਹ ਗੱਲ ਗੌਰਮਿੰਟ ਦੇ ਨੋਟਿਸ ਵਿੱਚ ਵੀ ਆਈ ਹੋਈ ਹੈ ਕਿ ਕਈ Municipal Committees ਤੇ District Boards ਦੇ ਸਕੂਲਾਂ ਦੇ teachers ਨੂੰ ਕਈ ਕਈ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ ਅਤੇ ਇਹ Local Bodies ਉਨ੍ਹਾਂ ਦੀਆਂ ਤਨਖਾਹਾਂ arrears ਵਿੱਚ ਪਾਈ ਜਾਂਦੀਆਂ ਰਹੀਆਂ ਨੇ, ਇਸ ਬਾਰੇ ਵੀ ਉਹ teachers ਜਦੋ-ਜਹਿਦ ਕਰਦੇ ਰਹੇ ਹਨ । ਇਸ ਲਈ ਮੈਨੂੰ ਆਸ ਹੈ ਕਿ ਸਰਕਾਰ ਉਨ੍ਹਾਂ ਗਰੀਬਾਂ ਨੂੰ ਉਨ੍ਹਾਂ ਦੀਆਂ ਪਿਛਲੀਆਂ ਤਨਖਾਹਾਂ ਵੀ ਦਿਲਾਉਣ ਦਾ ਪ੍ਰਬੰਧ ਕਰੇਗੀ । ਉਨ੍ਹਾਂ ਦੀ ਗਰੀਬੀ ਤਾਂ ਉਨ੍ਹਾਂ ਦੀ ਤਨਖਾਹਾਂ ਤੋਂ ਹੀ ਸਾਫ ਨਜ਼ਰ ਆ ਜਾਂਦੀ ਹੈ । ਕਿਧਰੇ ਇਹ ਨਾ ਹੋਏ ਕਿ ਗੌਰਮਿੰਟ ਦੇ ਇਸ ਫੈਸਲੇ ਨਾਲ ਉਨ੍ਹਾਂ ਨੂੰ ਸਰਕਾਰੀ ਸਕੂਲਾਂ ਦੇ teachers ਦੇ grade ਤਾਂ ਮਿਲ ਜਾਣ ਪਰ ਉਨ੍ਹਾਂ ਦੀਆਂ ਚਾਰ ਚਾਰ, ਪੰਜ ਪੰਜ ਮਹੀਨਿਆਂ ਦੀਆਂ ਤਨਖਾਹਾਂ ਮਾਰੀਆਂ ਜਾਣ ਕਿਉਂ ਜੋ Local Bodies ਤਾਂ ਕਹਿਣਗੀਆਂ ਕਿ ਸਕੂਲ ਤਾਂ ਗੌਰਮਿੰਟ ਨੇ ਲੈ ਲਏ ਹਨ, ਇਸ ਲਈ ਹੁਣ ਉਹ ਉਨ੍ਹਾਂ teachers ਦੀਆਂ ਤਨਖਾਹਾਂ ਲਈ ਜ਼ਿੰਮੇਵਾਰ ਨਹੀਂ ਰਹੀਆਂ ।

[ਡਾਕਟਰ ਭਾਗ ਸਿੰਘ]

ਇਸ ਲਈ ਗੌਰਮਿੰਟ ਇਸ ਗੱਲ ਦਾ ਧਿਆਨ ਕਰੇ ਕਿ ਉਨ੍ਹਾਂ ਦੀਆਂ ਚਾਰ ਚਾਰ ਜਾਂ ਪੰਜ ਪੰਜ ਮਹੀਨਿਆਂ ਦੀਆਂ ਤਨਖਾਹਾਂ ਗੁੱਲ ਨਾ ਹੋ ਜਾਣ ਅਤੇ ਇਸ ਦੇ ਇਸ ਕਦਮ ਉਠਾਉਣ ਨਾਲ ਜਿਹੜਾ ਉਤਸ਼ਾਹ ਉਨ੍ਹਾਂ ਵਿੱਚ ਆਉਣਾ ਚਾਹੀਦਾ ਹੈ ਕਿਧਰੇ ਉਸ ਵਿੱਚ ਕਮੀ ਨਾ ਰਹਿ ਜਾਏ ।

ਫਿਰ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਵਿੱਚ ਇਕ ਕਮੀ ਹੋਰ ਰਹਿ ਗਈ ਹੈ । ਮੈਨੂੰ ਜੇਕਰ ਆਪ ਦੀ ਇਜਾਜ਼ਤ ਹੋਏ ਤਾਂ ਮੈਂ ਉਹ ਹਾਊਸ ਦੇ ਨੋਟਿਸ ਵਿੱਚ ਲਿਆ ਦੇਵਾਂ । ਉਹ ਇਹ ਹੈ ਕਿ ਇਥੇ ਕਈ ਸਕੂਲ ਐਸੇ ਹਨ ਜਿਹੜੇ ਕੁਝ philanthropist ਲੋਗਾਂ ਨੇ ਆਮ ਲੋਗਾਂ ਦੀ ਸਹੂਲਤ ਲਈ ਖੋਲ੍ਹੇ ਹੋਏ ਹਨ, ਉਨ੍ਹਾਂ ਲੋਕਾਂ ਦੇ ਰੁਪਏ ਤੇ ਉਹ ਸਕੂਲ ਚਲਦੇ ਆਏ ਹਨ ਪਰ ਉਹ ਉਨ੍ਹਾਂ ਦਾ ਪ੍ਰਬੰਧ ਚੰਗੀ ਤਰ੍ਹਾਂ ਨਹੀਂ ਚਲਾ ਸਕਦੇ । ਇਤਨੇ ਤਕ ਕਿ ਉਹ ਸਾਰਾ ਸਮਾਨ ਵੀ ਮੁਹੱਈਆ ਨਹੀਂ ਕਰ ਸਕਦੇ । ਇਸ ਲਿਹਾਜ਼ ਨਾਲ ਇਹ ਚਾਹੀਦਾ ਹੈ ਕਿ ਗੌਰਮਿੰਟ ਉਨ੍ਹਾਂ ਦਾ ਪ੍ਰਬੰਧ ਵੀ ਆਪਣੇ ਹੱਥ ਵਿੱਚ ਲੈ ਲਵੇ ਤਾਂ ਜੋ ਉਨ੍ਹਾਂ ਸਕੂਲਾਂ ਦੇ teachers ਦੇ grades ਵੀ uniform ਹੋ ਜਾਣ, ਤਾਲੀਮ ਦਾ ਮਿਆਰ ਵੀ ਉੱਚਾ ਹੋ ਜਾਏ ਅਤੇ ਵਿਦਿਆ ਦਾ ਪ੍ਰਬੰਧ ਵੀ ਅਗੇ ਨਾਲੋਂ ਚੰਗਾ ਹੋ ਜਾਏ । ਇਸ ਲਈ ਮੈਂ ਕਹਿੰਦਾ ਹਾਂ ਕਿ ਜੇਕਰ ਉਹ ਲੋਕ ਗੌਰਮਿੰਟ ਪਾਸ ਇਸ ਤਰ੍ਹਾਂ ਦੀ ਦਰਖਾਸਤ ਕਰਨ ਕਿ ਸਾਥੋਂ ਉਹ ਸਕੂਲ ਨਹੀਂ ਚਲਦੇ ਤਾਂ ਉਨ੍ਹਾਂ ਲੋਕਾਂ ਦੀ ਇਸੇ ਨਜ਼ਰੀਏ ਨਾਲ ਅਤੇ ਇਸੇ ਹੀ ਮਕਸਦ ਨਾਲ ਇਹ ਮਦਦ ਕਰੇ । ਜਿਨ੍ਹਾਂ ਸਕੂਲਾਂ ਨੂੰ ਉਨ੍ਹਾਂ ਨੇ ਤੀਹ ਤੀਹ, ਚਾਲੀ ਚਾਲੀ ਸਾਲਾਂ ਤੋਂ ਬਹੁਤ ਚੰਗੇ ਤਰੀਕੇ ਨਾਲ ਚਲਾਈ ਰਖਿਆ ਹੈ, ਹੁਣ ਗੌਰਮਿੰਟ ਉਨ੍ਹਾਂ ਦਾ ਇੰਤਜ਼ਾਮ ਵੀ ਆਪਣੇ ਹੱਥ ਵਿੱਚ ਲੈ ਲਵੇ ।

ਸਰਦਾਰ ਜਸਦੇਵ ਸਿੰਘ ਸੰਧੂ (ਧੂਰੀ, ਜਨਰਲ): ਸਪੀਕਰ ਸਾਹਿਬ, ਇਹ ਜਿਹੜੇ Supplementary Estimates ਸਾਡੇ ਸਾਹਮਣੇ ਪੇਸ਼ ਕੀਤੇ ਗਏ ਹਨ ਇਨ੍ਹਾਂ ਤੇ ਜਿਤਨੇ ਵੀ ਸੱਜਨ ਬੋਲੇ ਹਨ, ਉਨ੍ਹਾਂ ਵਿਚੋਂ ਹਰ ਇਕ ਨੇ Municipal Committees ਤੇ District Boards ਦੇ ਸਕੂਲਾਂ ਵਲ ਸਰਕਾਰ ਦਾ ਧਿਆਨ ਦਿਵਾਇਆ ਹੈ ਪਰ ਮੈਂ ਜਿਹੜੀਆਂ ਹੋਰ ਦੋ ਤਿੰਨ demands ਹਨ ਉਨ੍ਹਾਂ ਬਾਰੇ ਖਾਸ ਤੌਰ ਤੇ ਇਸ ਹਾਊਸ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਪਹਿਲੀ ਚੀਜ਼ ਇਹ ਹੈ ਕਿ Demand No. 2 ਵਿੱਚ ਲੋਕਾਂ ਦੇ relief ਲਈ ਦੋ ਲੱਖ ਰੁਪਏ ਮੰਗੇ ਗਏ ਹਨ । ਮੈਂ ਸਮਝਦਾ ਹਾਂ ਕਿ ਇਹ ਜਿਹੜਾ relief ਦਿੱਤਾ ਗਿਆ ਹੈ ਸਿਰਫ਼ ਜ਼ਿਲਾ ਅਮ੍ਰਿਤਸਰ ਅਤੇ ਜ਼ਿਲਾ ਗੁਰਦਾਸਪੁਰ ਦੇ ਲੋਕਾਂ ਨੂੰ ਹੀ ਦਿੱਤਾ ਗਿਆ ਹੈ । ਪਰ ਹੋਰਨਾ ਜ਼ਿਲਿਆ ਦੇ ਲੋਕਾਂ ਨੂੰ ਇਹ ਨਹੀਂ ਦਿੱਤਾ ਗਿਆ, ਜਿਥੇ ਕਿ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਰਗਾ ਹੀ ਹੜ੍ਹਾਂ ਨਾਲ ਨੁਕਸਾਨ ਹੋਇਆ ਸੀ । ਉਨ੍ਹਾਂ ਨੂੰ relief ਦੇਣ ਲਈ ਮੰਗ ਨਹੀਂ ਕੀਤੀ ਗਈ। ਇਸ ਬਾਰੇ ਮੈਂ protest ਕਰਨਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਸੰਗਰੂਰ, ਜਿਥੇ ਦੇ Deputy Commissioners ਨੇ report ਕੀਤੀ ਸੀ ਕਿ ਉਥੇ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ, ਇਸ ਤੋਂ ਇਲਾਵਾ ਤਹਿਸੀਲ ਮਲੇਰ ਕੋਟਲਾ ਤੇ ਤਹਿਸੀਲ ਬਰਨਾਲਾ..............

Mr. Speaker: This is irrelevant, please try to confine yourself to the Demand.

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਸ Demand ਬਾਰੇ ਸਿਰਫ਼ ਇਤਨਾ ਹੀ protest show ਕਰਨਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਹ relief ਕੇਵਲ ਦੋ ਹੀ ਜ਼ਿਲ੍ਹਿਆਂ ਦੇ ਲੋਕਾਂ ਨੂੰ ਦੇਣਾ ਮੁਨਾਸਬ ਸਮਝਿਆ ਹੈ ਪਰ ਉਨ੍ਹਾਂ ਇਲਾਕਿਆਂ ਵਲ ਜਿਥੇ ਵੀ ਹੜ੍ਹਾਂ ਨਾਲ ਬੜਾ ਨੁਕਸਾਨ ਹੋਇਆ ਸੀ, ਕੋਈ ਧਿਆਨ ਨਹੀਂ ਦਿੱਤਾ । ਇਸ ਸੂਬੇ ਦਾ ਜਿਹੜਾ ਪੈਸਾ ਹੁੰਦਾ ਹੈ, ਜਿਹੜਾ ਇਸ ਦਾ ਬਜਟ ਹੁੰਦਾ ਹੈ, ਉਹ ਇਸ ਨੂੰ ਸਾਰਿਆਂ ਲਈ ਇਕੋ ਹੀ ਤਰੀਕੇ ਨਾਲ ਇਸਤੇਮਾਲ ਵਿੱਚ ਲਿਆਉਣਾ ਚਾਹੀਦਾ ਹੈ । ਉਨ੍ਹਾਂ ਇਲਾਕਿਆਂ ਦੀਆਂ ਵੀ ਇਨ੍ਹਾਂ ਦੋ ਜ਼ਿਲ੍ਹਿਆਂ ਵਰਗੀਆਂ ਹੀ ਲੋੜਾਂ ਹਨ ।

ਫਿਰ ਮੈਂ ਆਪ ਦੀ ਮਾਰਫ਼ਤ ਸਰਕਾਰ ਦਾ ਧਿਆਨ P. W. D. ਦੀ token demand ਵਲ ਦਿਵਾਉਣਾ ਚਾਹੁੰਦਾ ਹਾਂ.........

Mr. Speaker The only Demand now under discussion is Demand No. (1) "37-- Education"

ਸਰਦਾਰ ਜਸਦੇਵ ਸਿੰਘ ਸੰਧੂ: ਤਾਂ, ਸਪੀਕਰ ਸਾਹਿਬ, ਉਨ੍ਹਾਂ demands ਤੇ ਮੈਂ ਫਿਰ ਬੋਲ ਲਵਾਂਗਾ ।

अध्यक्ष महोदय : जिन साहिबान ने Select Committee की meeting में जाना हो वे मुझे बता दें ताकि मैं उन्हें पहले बोलने का मौका दूं । (Those hon. Members who have to go to attend the meeting of the Select Committee may please let me know, so that I may allow them to speak first.)

चौधरी चम्बेल सिंह (बूटाना) : स्पीकर साहिब, इस वक्त हाऊस के सामने education के बारे में supplementary demand पेश है । मैं समझता हूं कि यह बहुत अच्छी demand है क्योंकि इस से गवर्नमेंट ने बहुत देर से महसूस की हुई teachers की शिकायत को दूर करने की कोशिश की है । Municipal Committees और District Boards गर्जेकि तमाम लोकल बाडीज़ के स्कूलों के teachers की काफी मुद्दत से यह मांग चली आ रही थी कि उन की services को गवर्नमेंट अपने मातहत ले ले । जब मैं इस department में था, मुझे अच्छी तरह से याद है कि teachers की तरफ से स्कूलों को provincialize करने के लिये बहुत कहा गया था । मुझे अब उन की वह मांग पूरी होते देख कर बड़ी खुशी हुई है । इस से उस्ताद साहिबान बहुत हद तक मुतमइन हो गये हैं ।

एक सवाल जो एक दो मैम्बर साहिबान ने उठाया है कि उन्हें शक है कि इन के provincialized होने से स्कूलों में शायद ही ज्यादा अच्छा standard हम कायम कर सकें । जहां तक मेरा ज़ाती तजरुबा है उस की बिना पर मैं यह कह सकता हूं कि District Boards और Municipal Committees के स्कूलों के नताइज गवर्नमेंट के स्कूलों से हमेशा ही अच्छे निकलते रहे हैं और Local Bodies के स्कूलों में बच्चों की देख रेख और वहां तालीम का इन्तज़ाम

[चौधरी चम्बेल सिंह]
भी हमेशा अच्छा ही रहा है। उस में कोई defect नहीं था। यह मैं नहीं कहता कि अब उन में कोई गवर्नमेंट के स्कूलों के नकाइस आ जायेंगे या उन का तालीमी मियार वह नहीं रहेगा जब कि पहले उन की तालीम बहुत अच्छी होती थी, क्योंकि वहां उस्ताद साहिबान बड़ी मेहनत से काम करते थे और उन के काम पर District Boards के मैम्बरान भी निगरानी करते थे। इस वजह से अब जब कि यह गवर्नमेंट के control में आ गये हैं उन पर वह पहले वाली supervision अब नहीं रहेगी इस लिये अब गवर्नमेंट के inspection staff को ज़रा strict होना पड़ेगा। हम ने देखा है कि Inspector साहिबान दूर दराज़ के स्कूलों की inspection करने के लिये साल में एक दफा भी मुश्किल से जाते थे और कई दफा दूर देहात के स्कूलों की तो inspection भी नहीं हुआ करती थी लेकिन अब इस के लिये खातिरखाह इन्तज़ाम करना पड़ेगा और कोई ऐसा तरीकाकार अख्तियार करना पड़ेगा जिस से वहां की तालीम का check होता रहे। ताकि उन स्कूलों का मियार गिर न जाए। इस वक्त तालीम का मियार बहुत अच्छा है इसलिये मैं उम्मीद करता हूं कि सरकार उन के मियार को maintain करने की कोशिश करेगी। यह एक बहुत अच्छा कदम उठाया गया है। उस्तादों की तरफ से इस की भारी मांग थी। इस के लिये उन्होंने जद्दोजहद भी की। Resolution ही पास नहीं किए बल्कि इस से भी सख्त कदम उठाए। अब इन स्कूलों के provincialise होने से वह लोग satisfied हो जायेंगे और मैं आशा रखता हूं कि सरकार इन स्कूलों की तरफ वही ध्यान देगी जो यह अब तक अपने स्कूलों की तरफ देती रही है।

ਸਰਦਾਰ ਭਾਗ ਸਿੰਘ (ਗਇਕੋਟ, ਰਿਜ਼ਰਵਡ) : ਸਪੀਕਰ ਸਾਹਿਬ, ਮੈਂ ਇਸ item ਦੇ ਸਿਲਸਿਲੇ ਵਿਚ Education Minister ਸਾਹਿਬ ਨੂੰ ਵਧਾਈ ਨਹੀਂ ਦੇ ਸਕਦਾ। ਉਸ ਦੀ ਵਜ੍ਹਾ ਇਹ ਹੈ ਕਿ ਮੈਂ centralisation ਦੇ ਖਿਲਾਫ ਹਾਂ ਅਤੇ Local Bodies ਨੂੰ ਜ਼ਿਆਦਾ ਤੋਂ ਜ਼ਿਆਦਾ control ਦੇਣ ਦੇ ਹੱਕ ਵਿਚ ਹਾਂ, decentralisation ਦੇ ਹੱਕ ਵਿਚ ਨਹੀਂ ਹਾਂ। ਇਸ ਕਰਕੇ ਮੈਂ ਸਰਕਾਰ ਨੂੰ ਵਧਾਈ ਨਹੀਂ ਦੇ ਸਕਦਾ, ਪਰ ਮੈਨੂੰ ਇਹ ਵੀ ਪਤਾ ਹੈ ਕਿ Opposition ਅਤੇ Treasury Benches ਦੇ ਕੁਝ ਵੀ ਵਿਚਾਰ ਕਿਉਂ ਨਾ ਹੋਣ, ਸਰਕਾਰ ਨੇ ਆਪਣੇ steps retrace ਨਹੀਂ ਕਰਨੇ ਅਤੇ ਇਹ ਤਜਰਬਾ ਪੂਰਾ ਕਰਨਾ ਹੈ। ਇਸ ਲਈ ਜੇਕਰ ਇਹ ਕਰਨਾ ਹੀ ਹੈ ਤਾਂ ਮੈਂ ਦੋ ਤਿੰਨ suggestions Education Minister ਸਾਹਿਬ ਨੂੰ ਦੇਣਾ ਚਾਹੁੰਦਾ ਹਾਂ।

ਅਗੇ District Boards ਵਿਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੁੰਦੇ ਸਨ, ਭਾਵੇਂ ਵੋਟਰਜ਼ ਬਹੁਤ ਜਾਇਦਾਦ ਰਖਣ ਵਾਲੇ ਹੀ ਹੁੰਦੇ ਸਨ, ਚੁਣੇ ਹੋਏ ਹੋਣ ਕਰਕੇ ਉਹ public opinion ਜ਼ਰੂਰ ਸੁਣਦੇ ਸਨ, ਕਿਉਂਕਿ ਉਨ੍ਹਾਂ ਨੇ ਮੁੜਕੇ ਉਨ੍ਹਾਂ ਲੋਕਾਂ ਸਾਹਮਣੇ ਜਾਣਾ ਹੁੰਦਾ ਸੀ। ਹੁਣ ਇਨ੍ਹਾਂ schools ਦਾ control ਲੋਕਾਂ ਦੇ elected representatives ਦੇ ਹਥੋਂ ਨਿਕਲ ਕੇ ਪੰਜਾਬ ਗੌਰਮਿੰਟ ਦੇ ਹੱਥ ਵਿਚ ਆ ਰਿਹਾ ਹੈ। ਹੁਣ ਲੋਕਾਂ ਦੀ ਆਵਾਜ਼ ਇਥੇ ਪਹੁੰਚਣ ਵਿਚ ਕੁਝ ਦੇਰ ਲਗਿਆ ਕਰੇਗੀ। ਸਰਕਾਰੀ ਅਫ਼ਸਰ ਰੁਕਾਵਟਾਂ ਪਾਇਆ ਕਰਨਗੇ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ Minister ਸਾਹਿਬ

district level ਤੇ Education Committees, public co-operation ਦੀ ਖਾਤਿਰ ਜ਼ਰੂਰ ਬਣਾ ਦੇਣ ਤਾਂ ਇਹ ਜੋ ਤਜਰਬਾ ਹੁਣ ਕੀਤਾ ਜਾ ਰਿਹਾ ਹੈ ਇਹ ਕਿਤੇ ਨਾਕਾਮਯਾਬ ਨਾ ਹੋ ਜਾਵੇ ਅਤੇ ਇਸ ਦੇ ਨਤੀਜੇ ਨਿਕੰਮੇ ਨਿਕਲਣ ਜਿਸ ਕਰਕੇ ਜਿਨ੍ਹਾਂ ਮੈਂਬਰਜ਼ ਨੇ ਹੁਣ ਵਜ਼ੀਰ ਸਾਹਿਬ ਨੂੰ ਵਧਾਈ ਦਿੱਤੀ ਹੈ, ਉਨ੍ਹਾਂ ਨੂੰ ਇਹ ਨਾ ਸੋਚਣਾ ਪਵੇ ਕਿ ਅਸੀਂ ਵਧਾਈ ਕਿਉਂ ਦਿੱਤੀ। ਇਹ ਡਰ ਮੈਨੂੰ ਕਿਉਂ ਹੈ ? ਇਸ ਲਈ ਕਿ ਕਈ ਜ਼ਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰਜ਼ ਇਸ ਕਿਸਮ ਦੇ ਹਨ ਜਿਹੜੇ ਕਿਸੇ ਦੀ ਪਰਵਾਹ ਨਹੀਂ ਕਰਦੇ। ਮੈਨੂੰ ਆਪਣੇ ਜ਼ਿਲ੍ਹੇ ਦਾ ਪਤਾ ਹੈ। Local Bodies Minister ਵਲੋਂ ਕਈ ਵਾਰ circulars ਗਏ ਕਿ District Boards ਦੇ ਕੰਮ ਨਾਲ, ਜਿਸ ਵਿਚ Education ਵੀ ਸ਼ਾਮਿਲ ਸੀ, ਲੋਕਾਂ ਦੇ elected representatives ਨੂੰ, M. L. A.s ਨੂੰ associate ਕੀਤਾ ਜਾਵੇ ਪਰ ਕਈ ਜ਼ਿਲ੍ਹਿਆਂ ਵਿਚ D. Cs ਨੇ ਇਸ ਤਰ੍ਹਾਂ ਨਹੀਂ ਕੀਤਾ ਜਿਸ ਦੇ ਨਤੀਜੇ ਦੇ ਤੌਰ ਤੇ ਜਿਹੜਾ ਕੰਮ ਚੰਗਾ ਹੋਣਾ ਸੀ, ਲੋਕਾਂ ਦੀ ਬਹਿਬੂਦੀ ਦਾ, ਉਹ deteriorate ਹੋਇਆ। ਖ਼ੈਰ ਉਦੋਂ ਅਸੀਂ ਸੋਚਦੇ ਸੀ ਕਿ ਜਦੋਂ District Boards ਦੀ ਹਾਲਤ ਚੰਗੀ ਹੋਵੇਗੀ ਤਾਂ ਇਹ ਸਾਰੀਆਂ ਚੀਜ਼ਾਂ ਠੀਕ ਹੋ ਜਾਣਗੀਆਂ ਪਰ ਗੁਣ ਗੌਰਮੈਂਟ ਦੇ education ਤੇ control ਕਰ ਲੈਣ ਨਾਲ ਉਹ ਉਮੀਦ ਵੀ ਨਹੀਂ ਰਹੀ। ਇਸ ਲਈ ਮੈਂ ਵਜ਼ੀਰ ਸਾਹਿਬ ਅਗੇ ਅਰਜ਼ ਕਰਾਂਗਾ ਕਿ ਜੋ bureaucratic machinery, education ਤੇ control ਕਰੇ ਉਸ ਵਲ ਇਹ ਪੂਰਾ ੨ ਧਿਆਨ ਦੇਣ। ਦੂਸਰੀ ਗੱਲ ਜੋ ਮੈਂ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਸਕੂਲਾਂ ਵਿਚ ਜੋ scheduled castes ਦੇ ਲੜਕੇ ਲੜਕੀਆਂ ਪੜ੍ਹਦੇ ਹਨ, ਉਨ੍ਹਾਂ ਨੂੰ ਵਜ਼ੀਫੇ ਦਿੱਤੇ ਜਾਂਦੇ ਹਨ ਪਰ Headmasters ਇਸ ਵਲ ਕੋਈ ਧਿਆਨ ਨਹੀਂ ਦਿੰਦੇ।

अध्यक्ष महोदय : यह relevant नहीं है। (This is not relevant.)

ਸਰਦਾਰ ਭਾਗ ਸਿੰਘ : ਕਿਉਂਕਿ Local Body Schools ਨੂੰ ਇਹ take over ਕਰ ਰਹੇ ਹਨ ਉਨ੍ਹਾਂ ਵਿੱਚ ਜਿਹੜੇ ਇਹ students ਹਨ ਉਨ੍ਹਾਂ ਬਾਰੇ. . . .

अध्यक्ष महोदय : Imagination को इतना stretch न करें। (The hon. Member need not stretch the imagination too far.)

ਸਰਦਾਰ ਭਾਗ ਸਿੰਘ : ਜਨਾਬ ਮੈਂ scholarships ਦੀ ਗੱਲ ਕਰ ਰਿਹਾ ਹਾਂ।

Mr. Speaker : Please try to be relevant.

ਸਰਦਾਰ ਭਾਗ ਸਿੰਘ : ਜਨਾਬ ਮੈਂ ਕਹਿ ਰਿਹਾ ਸੀ ਕਿ scheduled castes ਦੇ ਜਿਹੜੇ ਲੜਕਿਆਂ ਅਤੇ ਲੜਕੀਆਂ ਨੂੰ ਵਜ਼ੀਫ਼ੇ ਮਿਲੇ ਹੋਏ ਹਨ, ਉਹ ਉਨ੍ਹਾਂ ਨੂੰ ਨਹੀਂ ਦਿੱਤੇ ਜਾਂਦੇ।

Mr. Speaker : How is it relevant please.

ਸਰਦਾਰ ਭਾਗ ਸਿੰਘ : ਇਹ ਇਸ ਤਰ੍ਹਾਂ relevant ਹੈ ਕਿ Local Bodies ਦੇ ਜੋ ਸਕੂਲ ਹਨ ਉਹ ਸਰਕਾਰ ਪਾਸ ਆ ਜਾਣੇ ਹਨ। The students who are studying in these schools and are getting stipends. . .

Mr. Speaker : You are not relevant.

ਸਰਦਾਰ ਭਾਗ ਸਿੰਘ : Sir, I am absolutely relevant. ਇਹ ਸਾਰੇ Education Minister ਸਾਹਿਬ ਦੇ ਮਾਤਹਿਤ ਹੋਣਗੇ ।

Mr. Speaker : Is there any provision in the Demand that these stipends are to be stopped?

ਸਰਦਾਰ ਭਾਗ ਸਿੰਘ : ਜਨਾਬ, ਸਕੂਲਾਂ ਦੇ Headmasters negligent ਹੋ ਜਾਂਦੇ ਹਨ ।

Mr. Speaker : Do you mean to say that they will be negligent to the boys when the schools will be managed by the Government?

ਸਰਦਾਰ ਭਾਗ ਸਿੰਘ : It is quite possible.

Mr. Speaker : तो भी यह बात irrelevant है, (Even then this is irrelevant.)

ਸਰਦਾਰ ਭਾਗ ਸਿੰਘ : Any how, this is my fear. ਇਕ ਹੋਰ ਗੱਲ ਜੋ ਮੈਂ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਕੁਝ technical institutions ਹਨ ਜਿਵੇਂ ਕਿ Engineering Colleges ਵਗ਼ੈਰਾ ਹਨ, ਉਥੇ ਜੋ scheduled castes ਦੇ ਲੜਕੇ ਪੜ੍ਹਦੇ ਹਨ............

Mr. Speaker : I fail to understand, how you are relevant. Please resume your seat.

Sardar Bhag Singh : All right, Sir.

कामरेड मुनी लाल (शिमला) : स्पीकर साहिब, जो आदमी decentralisation के हक में है वह कभी इस measure की तारीफ नहीं कर सकता। मगर एक वजह ऐसी हुई जिस की वजह से ऐसा करना ही पड़ा। District Boards के मैम्बर बराबर लम्बे अरसे से नहीं चुने गए और इन का इन्तज़ाम खराब हो गया। इस हालत को मद्देनज़र रखते हुए गवर्नमैंट ने इन schools को अपने इख्तियार में लिया है। इस provincialisation का फ़ायदा उन teachers को हुआ है जिन की शिकायतें बहुत देर से outstanding थीं। उन को इस से relief मिला है। मगर यह ऐसा कदम नहीं है कि मैं गवर्नमैण्ट को इस पर बधाई दे सकूं। इस में सब से बड़ी मुश्किल की बात यह है कि जो सरकार के existing schools हैं, गवर्नमैंट उन का management ही नहीं ठीक तरह से कर सकी और साथ ही पंजाब और पैप्सू के merger से teachers को काफी परेशानी का सामना करना पड़ रहा है क्योंकि grades के बारे में उन को बहुत शिकायतें हैं। अभी यह मसला सरकार के सामने ही था कि local bodies schools और उन के teachers का मसला एक बहुत बड़ा सवाल बन कर सरकार के सामने आ गया है। मैं तो समझता हूं कि पहले जो existing सरकारी schools हैं उन का इन्तज़ाम

तसल्लीबख्श नहीं है। मैं अपने हलके के मुतअल्लिक बताना चाहता हूं कि वहां पर बहुत सारी School buildings बरवक्त मुरम्मत न होने से खराब हो गई हैं। साथ ही सूबे भर में Teachers में बेचैनी है जिस की वजह से उन का बहुत सा वक्त अपने हकूक को लेने में ही लगता है। मैं समझता हूं कि इस तरफ़ कम ध्यान देना सरकार की बहुत बड़ी गफलत है। Teachers ज़्यादा grades की मांग करते हैं और मैं समझता हूं कि इन लोगों के dissatisfied होने से बच्चों की तालीम पर बहुत बुरा असर पड़ता है क्योंकि यही लोग हैं जो nation को build करने वाले हैं। इस के साथ ही मैं समझता हूं कि हमारा जो तालीम का basic तरीका है वह बिल्कुल नाकिस है। हमें अपने standard of education को ऊंचा करना होगा। इस तरीका तालीम की वजह से educated unemployment का मसला बढ़ा है।

Mr. Speaker : Please try to generalise yourself.

श्री मुनी लाल : मैं चाहता हूं कि industrial training देने के लिये हमें अपने education के system को बदलना चाहिए।

अध्यक्ष महोदय : इस में industrial training कहां से आ गई। आप Demand No. 1 को देखिए, इस में यह नहीं है। (Where from does the industrial training come in it ? The hon. Member may study Demand No. 1. It does not fall within its orbit.)

श्री मुनी लाल : तो मैं यह अर्ज़ कर रहा था कि यह जो स्कूलों का मसला है, teachers और Local Bodies का जो मसला है मैं यह समझता हूं कि decentralization करने वालों के ख्याल में यह ऐसा नहीं जिस के लिये सरकार को मुबारकबाद दी जा सके। लेकिन जो हालत District Boards की थी जब कि कई बरसों से उन के election नहीं हुए थे और टीचरों की हालत खराब थी तो यह देखने के बाद कि इन्हें ठीक करने में कहां तक सरकार को कामयाबी होती है और teachers की हालत ज़्यादा से ज़्यादा बेहतर करने के बाद ही सरकार को मुबारकबाद पेश की जा सकती है। और जितनी देर तक tax-payers को relief नहीं मिलता और teachers भी जब तक आम लोगों की तरह मुश्किलात में न रह कर बच्चों की तालीम की तरफ़ तवज्जुह नहीं देते तब तक ऐसी demands का फ़ायदा नहीं। इस लिये Local Bodies के school teachers की सब grievances को दूर करना सब से ज़रूरी है।

4 p. m.

सन्त साधु सिंह (रोपड़, जेनरल) : जनाब स्पीकर साहिब, बहुत से आनरेबल मेम्बर साहिबान ने इस demand के मुतअल्लिक अपने ख्याल ज़ाहिर किए हैं, मैं उन्हें repeat नहीं करना चाहता। मैं तो केवल एक दो clarifications चाहता हूं जो कि Local Bodies की contribution के मुतअल्लिक हैं। यह जो Local Bodies की contribution के लिये कहा गया है वह न तो किसी

[संत साधू सिंह]
Education Code में हैं और न ही District Boards के rules के मुताबिक ही हैं। न तो Educational Code में इस किस्म का कोई provision है जिस के मुताबिक इस तरह से Government Local Bodies से contribution ले। District Boards Act में भी ऐसा कोई provision नहीं और न ही Government contribution इन से ले सकती है। जिन जिन मद्दों के लिये Local Bodies से गवर्नमेंट contribution लेती है, मिसाल के तौर पर hospitals के लिये या स्कूलों के लिए, तो पहले वह Local Bodies के साथ या District Boards के साथ agreement करती है। पहले District Boards का agreement Government से होता है, department concerned से होता है और गवर्नमेंट कहती है कि अगर District Board या Municipal Committee इतना contribution किसी हस्पताल या स्कूल के लिये देगी या किसी और purpose के लिये देगी तो वह हस्पताल या स्कूल गवर्नमेंट अपने under ले लेगी। अब जब कि इस मौजूदा केस में कोई इस तरह का contract या agreement Local Bodies के साथ नहीं किया गया तो मैं इस point पर clarification चाहता हूं और उम्मीद करता हूं कि वज़ीर साहिब यह बतायेंगे कि जो demand Local Bodies के बारे में की गई है और कहा गया है कि Local Bodies ने जो खर्च 1957-58 में करना था वह contribution Local Bodies Government को दें, तो यह किन rules के मातहत हैं ?

इस के साथ ही एक बात और है वह यह है कि कई District Boards ऐसे हैं जिन को 80 प्रतिशत गवर्नमेंट से मिलता था और 20 प्रतिशत वे अपने पास से खर्च करते थे और कहीं पर यह 60 प्रतिशत मिलता था। मुझे अम्बाला District Board का ज़ाती इल्म है कि वहां पर Government की aid 60 प्रतिशत थी और Ambala District Board 40 प्रतिशत अपने पास से खर्च करता था। इसी तरह कई District Boards अपने पास से 20 या 30 प्रतिशत खर्च करते थे कई D. B. अपने पास से कुछ खर्च नहीं करते थे i.e., Kangra. तो इस किस्म की Local Bodies या District Boards जो contribution करते थे उन्हें 30 प्रतिशत या 40 प्रतिशत contribution देने वाले District Boards के साथ कैसे मिलाया जाएगा और disparity जो उन की contribution में है उसे कैसे हल किया जाएगा, या जो District Board 40 प्रतिशत खर्च करता था वह 40 प्रतिशत देगा और जो 20 प्रतिशत खर्च करता था वह 20 प्रतिशत देगा। जो कुछ खर्च नहीं करता था वह कुछ न देगा। तो यह सब किस rule के मुताबिक होगा। या इस के लिये कोई agreement किया जाएगा क्योंकि disparity बहुत ज्यादा है।

बाकी यह जो demand है, यह तो एक just demand है और यह मंजूर होनी चाहिए। Education Department में education के बारे में भारी नुक्स था कि बहुत सारे स्कूलों में ऐसे होता था कि कई कई महीने teachers बिना तनखाह के रहा करते थे, अब वह नुक्स दूर हो गया है और मैं उम्मीद करता हूं कि अब Inspection Staff उन टीचरों की difficulties को remove करेगा।

इस के साथ ही मैं यह भी उम्मीद करता हूं कि जो नगुफतबीह हालत District Boards के स्कूल buildings की है उसे भी दरुस्त किया जाएगा। क्योंकि यह देखने में आया है कि जहां एक घण्टा बारिश हुई, वहां District Boards के स्कूलों में 4 घंटे बारिश होती रहती थी। वह buildings चूती रहती थीं। इस लिए मैं यह विनय करूंगा कि इन school buildings की हालत को सुधारा जाए।

एक और बात जिस की तरफ़ मैं सरकार का ध्यान दिलाना चाहता हूं वह यह है कि teachers की जो pay बकाया है वह भी उन्हें मिलनी चाहिये क्योंकि service तो उन्होंने की ही है।

इस के साथ ही जो contribution के बारे में haphazardly order कर दिया गया है कि 1957-58 में जो खर्च District Boards ने करना था वह अब Government को दे दें, इस की clarification की जाए क्योंकि इस तरह के order देने के लिये Government के पास कोई कानून नहीं है, और न ही कोई agreement या contract सरकार ने उन के साथ किया हुआ है, इस लिये मैं उम्मीद करता हूं कि वज़ीर साहिब इन चीज़ों की clarification करेंगे।

अध्यक्ष महोदय : देखिए 5-45 शाम पर गिलोटीन apply की जाएगी और उस के बाद कोई discussion नहीं होगी। (I would like to inform the House that Guillotine will be applied at 5.45 p. m. and no discussion will be allowed after that.)

श्रीमती सरला देवी शर्मा : जनाब, बहनें कई बार उठती हैं। आप भाइयों को बोलने के लिये टाइम देते हैं। आप हमें भी टाइम दें। मैं खुद कई बार उठी हूं लेकिन बोलने की इजाज़त नहीं मिली।

अध्यक्ष महोदय : आप बहनों का वास्ता क्यों देती हैं। आप भाइयों से कम नहीं हैं। आप को कैसे शक हो गया कि आप को टाइम नहीं मिलेगा। (Why does the hon. Lady Member make an appeal in the name of sisters? She is in no way inferior to the brother members. What has led her to think that she will be given no time to speak.)

Shri Rup Singh Phul (Hamirpur 'R'): Mr. Speaker, I appreciate the step that has been taken by the Government to provincialise the schools

[Shri Rup Singh Phul]
being run by the local bodies. But I think Government will not attract any appreciation, if some of the important points which I am just going to bring to its notice, are not taken into consideration. Firstly, that the privately-run schools which are in a large number in the State should be suitably compensated. In certain districts, for example, in the district of Kangra, within the radius of 4, 5 or 6 miles, there does not exist even a single primary school, not to speak of any middle or high school. If the Government is not liberal in opening new schools in certain areas which are educationally backward then of course this step will not appear to be appreciable. Moreover, there are certain schools which were being run by the local bodies, were not well furnished. Now, when Government has taken over huge responsibility on its shoulders, which I unders and would involve colossal expenditure, then it should also take upon itself the responsibility of well furnishing the schools—whether they are primary or high schools. I beg to bring to the notice of the House that there are hundreds of schools where the school children have to sit on the floor and even mattings have not been provided to them. It is an irony of fate that our children in the schools should be exposed to such inconvenience. At the same time, Sir, there are certain areas where there is only one high school. When the time of admission comes, the Headmaster assumes air and denies admission to those students who are to some extent weak. It becomes very difficult for the parents of such poor students, who can ill-afford to send their children to distant schools, to educate them upto middle or matric standard. Thus it is how a poor father, in his financial embarrassment has to suffer a great difficulty in the matter of admission of his children into schools. His grievance should be redressed forthwith. Further if the Government do not take steps to compensate the privately-managed schools,it will hit them hard because quite a large number of students are receiving instructions there. For example, in the district of Kangra the students are exempted from the payment of tuition fee up to the middle standard. There are also so many primary schools which are run by private bodies. It means that those schools which are privately managed will deprive the students of the concession which is granted to students in the Government schools. I would, therefore, submit that these privately-managed schools may kindly be compensated by the Government so that they may keep on running.

One more important point that I would like to bring to the notice of Education Minister is that certain conditions were prescribed by the District Boards or Municipal Committees according to which people were required to construct building according to certain specifications and enter into agreement with them that they would be responsible for paying the loss that might accrue to them within five years. They have to give to the Government ten thousand or five thousand rupees. Sir, in the district of Kangra, I beg to point out that rupees one lakh have been deposited there simply in the hope that Anglo-Vernacular Middle Schools will be upgraded. If the Government is not liberal to upgrade the Anglo-Vernacular Middle Schools to the high standard, public will be hard hit. It means that instead of expanding our education we will be giving it a serious setback. These are some of the points which I wanted to point out to the Government and I hope that our Education Minister will give due consideration to these suggestions.

ਬੀਬੀ ਹਰਪਰਕਾਸ਼ ਕੌਰ (ਜਗਰਾਉਂ) : ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਲੋਕਲ ਬਾਡੀਜ਼ ਦੇ ਅਤੇ ਮਿਊਨਿਸੀਪਲ ਕਮੇਟੀਆਂ ਦੇ ਸਕੂਲਾਂ ਲਈ ਜਿਹੜਾ ਕਦਮ ਚੁਕਿਆ

ਹੈ ਉਹ ਬੜਾ ਸਰਾਹਣਾਯੋਗ ਹੈ। ਮੈਂ ਇਸ ਲਈ ਸਰਕਾਰ ਨੂੰ ਵਧਾਈ ਦਿੰਦੀ ਹਾਂ।

ਇਕ ਹੋਰ ਕਦਮ ਸਾਢੇ ਚਾਲੀ ਲੱਖ ਰੁਪਏ ਦੀ ਕੰਟਰੀਬਿਊਸ਼ਨ ਦਾ ਗੌਰਮਿੰਟ ਨੇ ਲੋਕਲਬਾਡੀਜ਼ ਅਤੇ ਮਿਊਨਿਸੀਪਲ ਕਮੇਟੀਆਂ ਕੋਲੋਂ ਲੈਣ ਦਾ ਚੁੱਕਿਆ ਹੈ, ਉਹ ਇਕ ਬੜੀ ਚੰਗੀ ਗੱਲ ਹੈ ਕਿਉਂਕਿ ਜਦ ਤਾਈਂ ਲੋਕਲ ਬਾਡੀਜ਼ ਆਪਣਾ ਹਿੱਸਾ ਨਹੀਂ ਪਾਉਣਗੀਆਂ ਉਦੋਂ ਤਕ ਉਹ ਕੋਈ ਦਿਲਚਸਪੀ ਨਹੀਂ ਲੈਣਗੀਆਂ। ਇਸ ਲਈ ਮੈਂ ਏਸ ਕਦਮ ਲਈ ਸਰਕਾਰ ਦੀ ਸ਼ਲਾਘਾ ਕਰਦੀ ਹਾਂ। ਸਪੀਕਰ ਸਾਹਿਬ, ਮੈਂ ਆਪ ਦੇ ਜ਼ਰੀਏ ਐਜੂਕੇਸ਼ਨ ਡੀਪਾਰਟਮੇਂਟ ਦਾ ਧਿਆਨ ਇਸ ਵਲ ਦਿਲਾਉਂਦੀ ਹਾਂ ਕਿਉਂਕਿ ਅੱਜ ਕਲ੍ਹ ਜਿਹੜੀ ਇਨ੍ਹਾਂ ਸਕੂਲਾਂ ਦੀ ਹਾਲਤ ਹੈ ਉਹ ਕਾਫੀ ਗ਼ੌਰ ਕਰਨ ਦੇ ਕਾਬਲ ਹੈ। ਇਨ੍ਹਾਂ ਸਕੂਲਾਂ ਦੇ ਵਿਚ ਨਾ ਤਾਂ ਕੋਈ ਫਰਨੀਚਰ ਹੀ ਹੈ ਨਾ ਪੂਰਾ ਸਟਾਫ ਹੈ ਅਤੇ ਨਾ ਹੀ ਕੋਈ ਯੋਗ ਇਮਾਰਤਾਂ ਹਨ। ਇਨ੍ਹਾਂ ਸਕੂਲਾਂ ਦਾ ਸਟੈਂਡਰਡ ਰੇਜ਼ ਕਰਨ ਲਈ ਸਾਡੀ ਸਰਕਾਰ ਨੂੰ ਆਪਣਾ ਬਜਟ ਦਸ ਗੁਣਾ ਹੋਰ ਵਧਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਕਿ ਸਕੂਲਾਂ ਦੇ ਵਿਚ ਸਾਰੀਆਂ ਸਹੂਲਤਾਂ ਪਰੋਵਾਈਡ ਕੀਤੀਆਂ ਜਾ ਸਕਣ।

ਸਪੀਕਰ ਸਾਹਿਬ, ਇਨ੍ਹਾਂ ਕਮੀਆਂ ਤੋਂ ਇਲਾਵਾ ਇਕ ਹੋਰ ਜ਼ਰੂਰੀ ਚੀਜ਼ ਹੈ ਜਿਸ ਵਲ ਮੈਂ ਆਪਣੀ ਸਰਕਾਰ ਦਾ ਧਿਆਨ ਦਵਾਉਣਾ ਚਾਹੁੰਦੀ ਹਾਂ। ਉਹ ਇਹ ਹੈ ਕਿ ਜਿਸ ਵੇਲੇ ਇਹ ਸਕੂਲ ਸਰਕਾਰ ਦੇ ਹੇਠਾ ਆਉਣਗੇ ਉਸ ਵੇਲੇ ਇਕ ਬੜੀ ਭਾਰੀ ਗੜਬੜ ਹੋ ਜਾਵੇਗੀ। ਜਿਹੜਾ ਅੱਜ ਕਲ੍ਹ ਡਿਸਟਰਿਕਟ ਬੋਰਡਾਂ ਦੇ ਅਤੇ ਮਿਊਨਿਸੀਪਲ ਕਮੇਟੀਆਂ ਦੇ ਸਕੂਲਾਂ ਵਿੱਚ ਸਟਾਫ ਕੰਮ ਕਰ ਰਿਹਾ ਹੈ, ਉਨ੍ਹਾਂ ਦੀ ਸੀਨਿਆਰੀਟੀ ਵਿੱਚ ਕਾਫੀ ਝਗੜਾ ਪਏਗਾ। ਇਸ ਲਈ, ਸਪੀਕਰ ਸਾਹਿਬ, ਮੈਂ ਆਪ ਦੇ ਜ਼ਰੀਏ ਐਜੂਕੇਸ਼ਨ ਡਿਪਾਰਟਮੈਂਟ ਦਾ ਧਿਆਨ ਏਸ ਗੱਲ ਵਲ ਦਿਲਾਉਂਦੀ ਹੋਈ ਇਹ ਕਹਿਣਾ ਚਾਹੁੰਦੀ ਹਾਂ ਕਿ ਉਨ੍ਹਾਂ ਦੀ ਸੀਨਿਆਰਿਟੀ ਦੀ ਪੋਜ਼ੀਸ਼ਨ ਨੂੰ ਠੀਕ ਰਖਿਆ ਜਾਵੇ। ਕਿਤੇ ਇਹ ਨਾ ਹੋ ਜਾਵੇ ਕਿ ਏਸ ਚੀਜ਼ ਦੇ ਕਰਨ ਦੇ ਨਾਲ ਉਨ੍ਹਾਂ ਦੇ ਕੈਰੀਅਰ ਤੇ ਕੋਈ ਬੁਰਾ ਅਸਰ ਪਏ।

ਸਪੀਕਰ ਸਾਹਿਬ, ਪੈਪਸੂ ਅਤੇ ਪੰਜਾਬ ਦੇ ਮਰਜ ਹੋਣ ਦੇ ਨਾਲ ਸਰਕਾਰ ਦੇ ਸਾਹਮਣੇ ਪਹਿਲੇ ਹੀ ਸਰਵਸਿਜ਼ ਦੀ ਇੰਟੈਗਰੇਸ਼ਨ ਦਾ ਇਕ ਬੜਾ ਭਾਰੀ ਮਸਲਾ ਖੜਾ ਹੋਇਆ ਹੋਇਆ ਹੈ। ਹੁਣ ਜਦ ਸਰਕਾਰ ਸਕੂਲਾਂ ਨੂੰ ਆਪਣੇ ਹੱਥ ਵਿਚ ਲਏਗੀ ਤਾਂ ਸੀਨਿਆਰਿਟੀ ਦਾ ਇਕ ਬੜਾ ਵੱਡਾ ਮਸਲਾ ਹੋਰ ਪੈਦਾ ਹੋ ਜਾਏਗਾ ਅਤੇ ਜੇ ਏਸੇ ਰਫਤਾਰ ਨਾਲ ਗੌਰਮੈਂਟ ਕੰਮ ਕਰਦੀ ਰਹੀ ਤਾਂ ਮੈਂ ਸਮਝਦੀ ਹਾਂ ਕਿ ਏਸ ਮਸਲੇ ਨੂੰ ਹੱਲ ਕਰਨ ਲਈ ਪੰਜ ਜਾਂ ਛੇ ਸਾਲ ਲਗ ਜਾਣਗੇ।

ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਐਜੂਕੇਸ਼ਨ ਡੀਪਾਰਟਮੈਂਟ ਦਾ ਧਿਆਨ ਫਿਰ ਇਸ ਗੱਲ ਵਲ ਦਵਾਉਣਾ ਚਾਹੁੰਦੀ ਹਾਂ ਕਿ ਇਨ੍ਹਾਂ ਸਕੂਲਾਂ ਵਿਚ ਜਿਹੜੇ ਬੱਚੇ ਪੜ੍ਹਾਈ ਹਾਸਲ ਕਰ ਰਹੇ ਹਨ ਉਨ੍ਹਾਂ ਦਾ ਸਟੈਂਡਰਡ ਰੇਜ਼ ਕਰਨ ਲਈ ਬੜੇ ਧਿਆਨ ਦੀ ਲੋੜ ਹੈ। ਇਸ ਲਈ ਸਾਡੀ ਸਰਕਾਰ ਨੂੰ ਇਨ੍ਹਾਂ ਸਕੂਲਾਂ ਦੀ ਇੰਸਪੈਕਸ਼ਨ ਕਰਨ ਲਈ ਬਹੁਤ ਜ਼ਿਆਦਾ ਸਟਾਫ ਦੀ ਲੋੜ ਪਏਗੀ। ਮੈਂ ਆਸ ਕਰਦੀ ਹਾਂ ਕਿ ਸਰਕਾਰ ਇੰਸਪੈਕਸ਼ਨ ਕਰਨ ਵਾਲੇ ਸਟਾਫ਼ ਨੂੰ ਜ਼ਿਆਦਾ ਤੋਂ ਜ਼ਿਆਦਾ ਵਧਾਉਣ ਦੀ ਕੋਸ਼ਿਸ਼ ਕਰੇਗੀ। ਅੱਜ ਕਲ੍ਹ ਮੈਂ ਦੇਖਦੀ ਹਾਂ ਕਿ ਬਹੁਤ ਸਾਰੇ ਸਕੂਲ ਐਸੇ ਹਨ ਜਿੱਥੇ ਕਿ ਦਸ ਦਸ ਸਾਲਾਂ ਤੋਂ ਕਿਸੇ ਨੇ

[ਬੀਬੀ ਹਰਪਰਕਾਸ਼ ਕੌਰ]

ਇੰਸਪੈਕਸ਼ਨ ਨਹੀਂ ਕੀਤੀ। ਉਨ੍ਹਾਂ ਸਕੂਲਾਂ ਦੇ ਵਿਚ ਟੀਚਰ ਹਫ਼ਤੇ ਵਿਚ ਇਕ ਜਾਂ ਦੋ ਦਿਨਾਂ ਲਈ ਆਉਂਦੇ ਹਨ। ਇਸ ਲਈ ਬਚਿਆਂ ਦੀ ਪੜ੍ਹਾਈ ਦਾ ਬੜਾ ਹਰਜ ਹੁੰਦਾ ਹੈ ਅਤੇ ਉਨ੍ਹਾਂ ਸਕੂਲਾਂ ਦੀ ਬੁਰੀ ਹਾਲਤ ਹੈ। ਇਸ ਵਾਸਤੇ ਮੈਂ ਬੇਨਤੀ ਕਰਦੀ ਹਾਂ ਕਿ ਅਜਿਹੇ ਸਕੂਲਾਂ ਦੇ ਸਟੈਂਡਰਡ ਨੂੰ ਰੇਜ਼ ਕਰਨ ਵਲ ਸਾਡੇ ਐਜੂਕੇਸ਼ਨ ਡਿਪਾਰਟਮੈਂਟ ਨੂੰ ਜ਼ਿਆਦਾ ਤੋਂ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।

श्रीमती सरला देवी शर्मा (कांगड़ा) : स्पीकर साहिब, आज इस हाउस में स्कूलों के मसले पर जो चीज़ आई है उस के लिये हमें बड़ी खुशी है कि हमारी पंजाब गवर्नमेंट ने Local Bodies और Municipal Committees के स्कूलों को अपने हाथ में ले लिया है।

(At this stage Mr. Deputy Speaker occupied the Chair.)

इन स्कूलों के आ जाने से सब से बड़ा फायदा हमारे टीचिंग स्टाफ को होगा। क्योंकि लोकल बाडीज़ और म्युनिसिपल स्कूलों में टीचरों को तीन तीन और चार चार महीनों तक तनखाह नहीं दी जाती थी। इस से उन को बड़ी दिक्कत होती थी और इस का असर बच्चों की तालीम पर पड़ता था। वह भी बच्चों के साथ न्याय नहीं कर सकते थे। अब उन की तनखाहें ठीक वक्त पर मिलने से उन को तो फायदा होगा ही, बच्चों की तालीम भी अच्छी हो जाएगी। साथ ही गवर्नमेंट इस बात का खास ख्याल रखे कि उन को महीने के महीने तनखाह मिल जाए। एक बात की मुझे बड़ी खुशी है कि सरकार ने हमारा ज़िला कांगड़ा की तरफ़ भी इस ओर ध्यान दिया। इस के लिये मैं गवर्नमेंट को बधाई देती हूं। यह एक हकीकत है कि हमारा कांगड़ा ज़िला पंजाब के सब ज़िलों से पीछे था। वहां पर पढ़ाई तो नाम को पढ़ाई जाती थी। हमारे ज़िले के बच्चे दूसरे ज़िलों में जा कर बर्तन साफ़ करने का काम करते थे। लेकिन आज गवर्नमेंट के ज़रिये वहां पर शिक्षा की तरफ़ ध्यान देने से लोगों के अन्दर इस बात का अहसास पैदा हो गया है कि बच्चों को तालीम देनी चाहिये ताकि हम भी पत्थरों से निकल कर बाहर आ कर अच्छे सुन्दर घर बना सकें और एक अच्छी ज़िन्दगी बसर कर सकें। ऐसा अहसास कराने के लिये मैं गवर्नमेंट को बधाई देती हूं। एक बात और है जिस की ओर मैं सरकार का ध्यान दिलाना चाहती हूं। वह यह कि हमारे कांगड़ा के अन्दर एक एक स्कूल में दो दो सौ लड़के होते हैं और मास्टर सिर्फ एक या ज्यादा से ज्यादा दो।

एक आवाज : ऐसा तो और भी जगह है।

श्रीमती सरला देवी शर्मा : हो सकता है, लेकिन मुझे कांगड़ा की बाबत अच्छी तरह मालूम है। हां, तो स्टाफ कम होने का यह असर होता है कि वह मास्टर सवेरे से ले कर दोपहर तक लड़कों को बिठाते ही रहते हैं, पढ़ाने की तो बात दूर रही। तो जब पढ़ाई इस तरह से होती है तो रिज़ल्ट भी वैसा ही होता है। जब यह लड़के दसवीं पास करते हैं तो थर्ड डिवीज़न में और जब Subordinate Services Selection Board के कम्पटीशन में बैठते हैं तो सर्विस में सिलैक्ट नहीं हो पाते और थर्ड डिवीज़न वालों को

तो बोर्ड के कम्पटीशन में बैठने की इजाज़त ही नहीं होती। इस लिये मैं गवर्नमेंट से प्रार्थना करती हूं कि जिस स्टाफ की कमी की वजह से वहां पर बच्चे तालीम में पीछे रह जाते हैं, उस स्टाफ की कमी को दूर किया जाए।

हमारा ज़िला सोना तो पैदा करता नहीं वहां तो पत्थर ही पैदा होते हैं इस लिये वहां बच्चों के मां बाप प्राइवेट स्कूलों को ज्यादा फीस नहीं दे सकते। और वहां पर हैं भी प्राइवेट संस्थाओं के स्कूल। अभी सनातन धर्म सभा की तरफ से एक स्कूल खोला गया है . . . . .

उपाध्यक्ष महोदय : इस का डिमांड से क्या ताल्लुक है। Please come to the Demand. (How is it relevant to the Demand? Please come to the Demand.)

श्रीमती सरला देवी शर्मा: आज हमारे ज़िले के अन्दर 65 के करीब प्राईवेट स्कूल चल रहे हैं वहां उन्हें फ़ीस देनी पड़ती है। यदि गवर्नमेंट उन स्कूलों को भी अपने control में ले ले तो इस का असर यह होगा कि करीब करीब पहले की निस्बत मुफ्त तालीम हो जायेगी।

Mr. Deputy Speaker : Order please. Up to this time only one Demand is under discussion. After 5-45 p.m. the guillotine will be applied. Therefore, your speech should be relevant.

श्रीमती सरला देवी शर्मा : मैं तो डिमांड ही पर बोल रही हूं। अब चूंकि गवर्नमेंट स्कूल ले रही है इस लिये इन 65 स्कूलों के बच्चे गवर्नमेंट स्कूल में चले जाएंगे। इस का नतीजा यह होगा कि इन प्राइवेट स्कूलों का स्टाफ बेकार हो जाएगा। इस तरीके से हमारे यहां बहुत नुकसान होगा। इस लिये मैं आप के ज़रिये मिनिस्टर साहिब से प्रार्थना करती हूं कि हमारे यहां के जो स्कूल्ज़ हैं वह सारे के सारे पंजाब गवर्नमेंट को ले लेने चाहिएं ताकि स्टाफ बेकार न हो और बच्चे तालीम पा सकें।

चौधरी बलबीर सिंह (होशियारपुर, जैनरल) : जनाब डिप्टी स्पीकर साहिब, इस supplementary बजट को देखते हुए मुझे एक शेर याद आ गया :

"बहुत शोर सुनते थे पहलू में दिल का,
जो चीरा तो इक कतराए खूंन निकला"

सरकार ने जब सालाना बजट पेश किया था तो बड़े बुलन्द दावे किये थे। और गवर्नर साहिब की स्पीच पर भी ऐसे दावे किये गये थे कि इस साल हाई स्कूल तक मुफ्त तालीम हो जाएगी और मिडल क्लास तक compulsory education हो जाएगी। लेकिन आज उसका नतीजा क्या निकला कि गवर्नमेंट जो supplementary बजट पेश कर रही है उस में सिर्फ primary classes संभाल रही है। मैं डिप्टी स्पीकर साहिब, आप की मार्फत मिनिस्टर साहिब को यह बतलाना चाहता हूं कि जो वायदे वह यहां करते हैं वह देख सुन के सोच-समझ के करने चाहियें क्योंकि जो बातें वह पूरी नहीं कर सकते वह नही करनी चाहियें। आज लोगों का सरकार पर से यकीन उठ गया है।

वित्त मंत्री : यह तो बिल्कुल irrelevant है ।

Mr. Deputy Speaker : You should speak on Demand No. 1. I would ask you not to do side-tracking because it is not a discussion on the original demand but it is a discussion on the supplementary demands.

वित्त मंत्री : सप्लीमेंट्री बजट को समझ लो ।

चौधरी बलबीर सिंह : मेरी यह अर्ज़ है कि गवर्नमेंट ने जो Plan बनाई थी उस से गवर्नमेंट बहुत नीचे चली गई है । मैंने पहले भी यह कहा था कि गवर्नमेंट जो यह वायदे कर रही है वह गलत हैं । अब जो Supplementary Budget हमारे सामने है वह Primary education पर है । अब लोकल बाडीज़ के स्कूलों को लेने का फैसला किया गया है और compulsory education करने......

Minister for Finance : What has the compulsory education to do with this demand ?

चौधरी बलबीर सिंह : Free education की वजह से यह बजट बढ़ाया गया है ।

उपाध्यक्ष महोदय : अगर आप connect करना चाहते हैं तो जल्दी कीजिए । (If you want to connect your speech with the demand under discussion then please do it as soon as possible.)

चौधरी बलबीर सिंह : मुझे अफसोस है कि मिनिस्टर साहिब को समझ नहीं आ रही है । अगर उन्हें समझ नहीं आ रही है तो बड़ी मुश्किल होगी ।

वित्त मंत्री : अपनी समझ का इलाज कराइये ।

चौधरी बलबीर सिंह : अब गवर्नमेंट ने जो Local Bodies के स्कूल ले लिये हैं तो एक ज्यादा खर्च और अपने हाथ में ले लिया है । लोकल बाडीज़ में इंतज़ाम भी ठीक था.......

उपाध्यक्ष महोदय : मैं आप की तवज्जुह Rule 223 की तरफ दिलाना चाहता हूं । (I want to draw the attention of the hon. Member to Rule 223.) There it is given—

> "The debate on the supplementary grants shall be confined to the items constituting the same. No discussion will be made on the original demands nor the policy underlying them."

ਚੌਧਰੀ ਬਲਬੀਰ ਸਿੰਘ : ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਡਿਮਾਂਡ ਜਿਤਨੀ ਹੋਣੀ ਚਾਹੀਦੀ ਸੀ ਉਤਨੀ ਨਹੀਂ ਹੈ ਬਲਕਿ ਉਸ ਨਾਲੋਂ far below ਹੈ । ਇਨ੍ਹਾਂ ਨੇ ਕਿਹਾ ਸੀ ਕਿ ਮਿਡਲ ਕਲਾਸ ਤਕ education free ਕਰਾਂਗੇ । ਇਨ੍ਹਾਂ ਨੂੰ ਆਪਣੇ ਇਸ ਦਾਅਵੇ ਨੂੰ ਇਸ supplemntary buget ਦੇ ਰਾਹੀਂ ਪੂਰਾ ਕਰਨਾ ਚਾਹੀਦਾ ਸੀ ਅਤੇ ਮਿਡਲ ਕਲਾਸ ਤਕ free education ਦਾ provision ਇਸ ਵਿਚ ਹੋਣਾ ਚਾਹੀਦਾ ਸੀ.......

वित्त मंत्री : कभी समझने की कोशिश भी किया करें । (हंसी)

ਚੌਧਰੀ ਬਲਬੀਰ ਸਿੰਘ : ਠੀਕ ਹੈ ਜਦੋਂ ਇਸ ਕੁਰਸੀ ਤੇ ਬੈਠ ਜਾਂਦੇ ਹੋ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਆ ਹੀ ਜਾਂਦੀਆਂ ਹਨ । (*interruptions*) ਸਰਕਾਰ ਨੇ ਜਿਹੜੇ local bodies ਦੇ ਸਕੂਲ ਹਨ, ਉਨ੍ਹਾਂ ਨੂੰ ਆਪਣੇ ਹੱਥ ਵਿੱਚ ਲੈਕੇ ਉਨ੍ਹਾਂ ਦਾ ਖ਼ਰਚ ਆਪਣੇ ਜ਼ਿੰਮੇ ਲੈ ਲਿਆ ਹੈ ਯਾਨੀ ਜੋ ਖ਼ਰਚ Municipal Committees ਅਤੇ District Boards ਆਪਣੇ ਸਕੂਲਾਂ ਤੇ ਕਰਦੇ ਸਨ, ਉਹ ਸਰਕਾਰ ਨੇ ਆਪਣੇ ਉਤੇ ਲੈ ਲਿਆ ਹੈ । ਪਰ ਇਸ ਚੀਜ਼ ਦਾ ਅਮਲੀ ਫ਼ਾਇਦਾ ਤੇ ਤਦ ਹੀ ਹੁੰਦਾ ਜੇਕਰ ਉਨ੍ਹਾਂ ਸਕੂਲਾਂ ਦੇ employees ਦੇ ਗਰੇਡ ਵੀ ਵਧਾਏ ਜਾਂਦੇ । ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਇਕ ਗੱਲ ਹੈ ਕਿ ਮੰਗੀ ਸੀ ਹੇਠ ਨੂੰ ਮਿਲੀ ਉਪੱਰ ਨੂੰ, ਉਹੀ ਗੱਲ ਕਿਤੇ teachers ਨਾਲ ਵੀ ਨਾ ਹੋਵੇ । ਉਹ ਡਿਮਾਂਡ ਕਰਦੇ ਸਨ ਕਿ ਸਾਡੇ ਗਰੇਡ ਵਧਣੇ ਚਾਹੀਦੇ ਹਨ ਪਰ ਇਸ ਦਾ ਨਤੀਜਾ ਹੁਣ ਇਹ ਨਾ ਹੋਵੇ ਕਿ local bodies ਦੇ ਘਟ ਤਨਖਾਹਾਂ ਵਾਲੇ teachers ਜੋ ਹਨ ਉਨ੍ਹਾਂ ਨੂੰ ਇਧਰ ਉਧਰ ਤਬਦੀਲ ਕਰ ਦਿਤਾ ਜਾਵੇ । ਮੈਂ ਇਹ ਕਹਿਣਾ ਚਾਹੁੰਦਾ ਹੈ ਕਿ local bodies ਦੇ ਜੋ teachers ਅਤੇ class IV employees ਹਨ ਉਨ੍ਹਾਂ ਦੀਆਂ ਤਨਖਾਹਾਂ ਦੇ ਗਰੇਡ ਬਹੁਤ ਥੋੜ੍ਹੇ ਹਨ । ਇਕ ਤਰਫ਼ ਤਾਂ ਅਸੀਂ ਟੀਚਰਜ਼ ਨੂੰ ਇਕ ਬੜਾ dignified ਦਰਜਾ ਦੇਂਦੇ ਹਾਂ, ਉਨ੍ਹਾਂ ਨੂੰ ਉਸਤਾਦ ਅਤੇ ਗੁਰੂ ਕਰਕੇ ਮੰਨਦੇ ਹਾਂ ਪਰ ਇਸ ਦੇ ਨਾਲ ਹੀ ਉਨ੍ਹਾਂ ਨੂੰ ਭੁੱਖੇ ਵੀ ਮਾਰ ਰਹੇ ਹਾਂ । 17,123 ਟੀਚਰਜ਼ ਦੀ ਇਕ ਭਾਰੀ ਤਾਦਾਦ ਨੂੰ 60—4—80 ਰੁਪਏ ਦੇ ਗਰੇਡ ਦੇ ਮੁਤਾਬਿਕ ਤਨਖਾਹ ਦਿੱਤੀ ਜਾਂਦੀ ਹੈ । ਮੈਂ ਇਨ੍ਹਾਂ ਸੱਜਨਾਂ ਦੀ ਤਵੱਜੁਹ, ਜਿਹੜੇ socialist pattern ਕਾਇਮ ਕਰਨ ਦਾ ਦਾਅਵਾ ਕਰਦੇ ਹਨ, ਇਸ ਤਰਫ਼ ਦਿਵਾਉਣਾ ਚਾਹੁੰਦਾ ਹਾਂ ਕਿ ਅੱਜ ਕਲ ਦੇ ਜ਼ਮਾਨੇ ਵਿਚ ਇਕ ਟੀਚਰ ਨੂੰ 60 ਰੁਪਏ ਦੇਣਾ, ਜਿਸ ਨੂੰ ਅਸੀਂ ਚਾਹੁੰਦੇ ਹਾਂ ਕਿ ਉਹ ਸਾਡੇ ਬੱਚਿਆਂ ਨੂੰ ਚੰਗੀ ਤਾਲੀਮ ਦੇਵੇ ਅਤੇ ਉਸ ਦਾ society ਵਿਚ dignified ਦਰਜਾ ਹੋਵੇ, ਕਿਥੋਂ ਤਕ ਠੀਕ ਹੈ । ਕੀ ਇਕ ਟੀਚਰ 60 ਰੁਪਏ ਨਾਲ ਅਪਣਾ ਗੁਜ਼ਾਰਾ ਕਰ ਸਕਦਾ ਹੈ ? ਫਿਰ ਤੁਸੀਂ class IV servants ਨੂੰ ਲੈ ਲਓ । ਇਨ੍ਹਾਂ ਨੂੰ 27 ਰੁਪਏ ਤਨਖਾਹ ਦਿੱਤੀ ਜਾਂਦੀ ਹੈ । ਜਦੋਂ ਇਕ ਮਜ਼ਦੂਰ ਦੋ ਰੁਪਏ ਰੋਜ਼ ਲੈਂਦਾ ਹੈ ਸਾਡੀ ਇਹ socialist pattern ਦੀ ਸਰਕਾਰ ਉਨ੍ਹਾਂ ਨੂੰ ਇਕ ਰੁਪਏ ਰੋਜ਼ ਤੋਂ ਵੀ ਘਟ ਦਿੰਦੀ ਹੈ ।

Minister for Finance : Sir, what is he talking about ? He is not relevant. It is a simple question and that is that the local body schools have been taken over by the Government.

ਚੌਧਰੀ ਬਲਬੀਰ ਸਿੰਘ : ਜੇਕਰ ਇਹ ਜ਼ਰਾ ਬੈਠ ਜਾਣ ਤਾਂ ਮੈਂ ਇਨ੍ਹਾਂ ਨੂੰ ਸਮਝਾ ਵੀ ਦਿੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਇਹ ਜੋ grant ਮੰਗੀ ਗਈ ਹੈ ਜਦੋਂ ਇਸ ਵਿਚੋਂ ਇਨ੍ਹਾਂ ਨੇ ਉਨ੍ਹਾਂ employees ਨੂੰ ਤਨਖਾਹਾਂ ਵੀ ਦੇਣੀਆਂ ਹਨ ਤਾਂ ਕੀ ਮੈਂ ਉਨ੍ਹਾਂ ਦੀ ਤਨਖਾਹਾਂ discuss ਨਹੀਂ ਕਰ ਸਕਦਾ ? ਜਦੋਂ ਉਸ ਰੁਪਏ ਵਿਚੋਂ ਤਨਖਾਹਾਂ ਮਿਲਣੀਆਂ ਹਨ ਤਾਂ ਕੀ ਉਨ੍ਹਾਂ ਨੂੰ discuss ਕਰਨਾ irrelevant ਹੈ ? ਇਸ ਲਈ ਮੈਂ ਕਹਿ ਸਕਦਾ ਹਾਂ ਕਿ ਇਹ ਤਨਖਾਹਾਂ ਬਹੁਤ ਘਟ ਹਨ ਅਤੇ ਵਧ ਹੋਣੀਆਂ ਚਾਹੀਦੀਆਂ ਹਨ । ਮੇਰਾ ਖਿਆਲ ਹੈ ਕਿ ਹੁਣ ਮਨਿਸਟਰ ਸਾਹਿਬ ਨੂੰ ਸਮਝ ਆ ਗਈ ਹੋਵੇਗੀ । (ਹਾਸਾ) ਸੋ ਮੈਂ ਇਨ੍ਹਾਂ ਨੂੰ ਕਹਾਂਗਾ ਕਿ 60 ਰੁਪਏ ਅਤੇ 27 ਰੁਪਏ ਨਾਲ ਅਜ ਕਲ ਕਿਸੇ ਦਾ

[ਚੌਧਰੀ ਬਲਬੀਰ ਸਿੰਘ]

ਗੁਜ਼ਾਰਾ ਨਹੀਂ ਹੋ ਸਕਦਾ । 60 ਰੁਪਏ ਨਾਲ ਇਕ ਟੀਚਰ society ਵਿਚ dignified ਦਰਜਾ ਨਹੀਂ ਰਖ ਸਕਦਾ । ਇਸ ਪੰਜਾਬ ਦੇ ਵਿਚ ......

Minister for Finance : On a point of Order, Sir. This is absolutely irrelevant. We have taken over local bodies schools and have given to the staff Government grades. He is now challenging the Government scales of pay. This is not relevant.

उपाध्यक्ष महोदय : Order please. आप उसी एक argument को बार बार न दोहराएं । (Order please. The hon. Member should not repeat the same argument again and again.)

ਚੌਧਰੀ ਬਲਬੀਰ ਸਿੰਘ : ਚੂੰਕਿ ਮਨਿਸਟਰ ਸਾਹਿਬ ਸਮਝਦੇ ਨਹੀਂ ਹਨ, ਇਸ ਲਈ ਸਮਝਾਉਣ ਲਈ explain ਕਰਨਾ ਪੈਂਦਾ ਹੈ । (ਹਾਸਾ) ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਇਹ ਜੋ supplementary demand ਪੇਸ਼ ਕੀਤੀ ਗਈ ਹੈ ਇਹ ਬਹੁਤ ਘਟ ਹੈ । ਉਨ੍ਹਾਂ employees ਲਈ ਇਸ ਵਿਚ ਕੁਛ ਨਹੀਂ ਕੀਤਾ ਗਿਆ, ਇਸ ਲਈ ਇਨ੍ਹਾਂ ਨੂੰ ਅਜੇ ਵੀ ਇਸ ਨੂੰ revise ਕਰ ਲੈਣਾ ਚਾਹੀਦਾ ਹੈ ਅਤੇ ਇਸ amount ਨੂੰ ਵਧਾਇਆ ਜਾਵੇ ਅਤੇ ਟੀਚਰਜ਼ ਤੇ class IV employees ਨੂੰ ਵਧ ਤਨਖਾਹਾਂ ਦਿੱਤੀਆਂ ਜਾਣ ।

ਇਸ ਦੇ ਨਾਲ ਹੀ ਮੈਂ ਡਿਪਟੀ ਸਪੀਕਰ ਸਾਹਿਬ, ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ । ਉਹ ਇਹ ਗੱਲ ਵੀ ਧਿਆਨ ਵਿੱਚ ਰਖਣ ਕਿ ਸਕੂਲ ਜੋ ਇਨ੍ਹਾਂ ਨੇ ਲੈ ਲਏ ਹਨ ਉਨ੍ਹਾਂ ਦੇ ਲੈਣ ਦੇ ਨਾਲ ਇਹ ਨਾ ਹੋਵੇ ਕਿ ਟੀਚਰਜ਼ ਦੀਆਂ transfers ਬਾਹਰਲੇ ਇਲਾਕਿਆਂ ਜਾਂ out of district ਹੋਣੀਆਂ ਸ਼ੁਰੂ ਹੋ ਜਾਣ । ਜੋ local bodies ਦੇ ਟੀਚਰ ਸ਼ਹਿਰਾਂ ਵਿਚ ਰਹਿੰਦੇ ਹਨ ਅਤੇ ਉਥੇ ਹੀ ਕੰਮ ਕਰਦੇ ਹਨ ਜੇਕਰ ਉਨ੍ਹਾਂ ਦੀਆਂ transfers ਬਾਹਰਲੇ ਇਲਾਕਿਆਂ ਵਿਚ ਹੋਣੀਆਂ ਸ਼ੁਰੂ ਹੋ ਗਈਆਂ ਤਾਂ ਉਹ ਬਿਲਕੁਲ ਤਬਾਹ ਹੋ ਜਾਣਗੇ ਕਿਉਂ ਜੋ ਉਨ੍ਹਾਂ ਦੀਆਂ ਤਨਖਾਹਾਂ ਤਾਂ ਪਹਿਲਾਂ ਹੀ ਘਟ ਹਨ ਅਤੇ ਉਹ ਫਿਰ ਬਿਲਕੁਲ ਹੀ ਭੁਖੇ ਮਰ ਜਾਣਗੇ । ਹੁਣ ਤਾਂ ਉਹ ਮਾੜਾ ਮੋਟਾ ਗੁਜ਼ਾਰਾ ਕਰ ਹੀ ਲੈਂਦੇ ਹਨ, ਕਿਉਂ ਜੋ ਉਸੇ ਸ਼ਹਿਰ ਵਿਚ ਰਹਿੰਦੇ ਹਨ ਜਾਂ ਉਥੇ ਹੀ ਆਪਣੇ ਘਰ ਦੇ ਨੇੜੇ ਤੇੜੇ ਰਹਿੰਦੇ ਹਨ । ਮੈਂ ਇਕ ਵਾਰ ਫਿਰ ਵਜ਼ੀਰ ਸਾਹਿਬ ਅਗੇ ਅਰਜ਼ ਕਰਾਂਗਾ ਕਿ teachers ਅਤੇ class IV servants ਦੇ ਗਰੇਡ ਬਹੁਤ ਘਟ ਹਨ ਉਨ੍ਹਾਂ ਨੂੰ ਵਧਾਇਆ ਜਾਵੇ । ਜੇਕਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਇਨ੍ਹਾਂ ਸਕੂਲਾਂ ਦੇ ਲੈਣ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ ।

ਸਰਦਾਰ ਦਰਬਾਰਾ ਸਿੰਘ : (ਨੂਰਮਹਿਲ) : ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਸਿਰਫ਼ ਇਹੋ ਹੀ ਹੈ ਕਿ ਸਰਕਾਰ ਨੇ ਇਹ ਡਿਮਾਂਡ ਹਾਊਸ ਦੇ ਸਾਹਮਣੇ ਲਿਆ ਕੇ ਇਸ ਗੱਲ ਦਾ ਸਬੂਤ ਦਿੱਤਾ ਹੈ ਕਿ ਉਹ ਆਪਣੀ policies ਨੂੰ ਸਹੀ ਮਾਇਨਿਆਂ ਵਿਚ execute ਕਰਨਾ ਚਾਹੁੰਦੀ ਹੈ । ਇਨ੍ਹਾਂ ਮਹੀਨਿਆਂ ਵਿੱਚ ਜਿਹੜੇ ਇਹ ਸਕੂਲ ਸਰਕਾਰ ਨੇ ਆਪਣੀ ਤਹਵੀਲ ਵਿੱਚ ਲਏ ਹਨ, ਭਾਵੇਂ ਉਹ District Boards ਦੇ ਹੋਣ ਭਾਵੇਂ ਉਹ Municipal Committees ਦੇ ਹੋਣ, ਇਹ ਇਕ ਐਸਾ ਕਦਮ ਸਰਕਾਰ ਨੇ ਉਠਾਇਆ ਹੈ ਜਿਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਉਨੀ ਹੀ ਥੋੜੀ ਹੈ । ਇਸ ਕਦਮ

ਦੇ ਦੁਕੇ ਜਾਣ ਨਾਲ ਅਸੀਂ ਗੌਰਮਿੰਟ ਦੀ intention ਜੋ ਹੈ ਉਸ ਨੂੰ ਸਾਫ਼ ਤੌਰ ਤੇ ਸਮਝਦੇ ਹਾਂ । ਸਰਕਾਰ ਨੇ ਕਿਹ ਸੂਬੇ ਵਿੱਚ...... (*Interruptions by Kanwcrani Jagdish Kaur*) ਬੀਬੀ ਜੀ ਨੂੰ ਜਣਾਂ ਤੁਸੀਂ ਪਹਿਲਾਂ ਚੁਪ ਕਰਾ ਲਓ ਤਾਂ ਫਿਰ ਮੈਂ ਅਗੇ ਕੁਝ ਗੱਲ ਕਰਾਂਗਾ ।

Mr. Deputy Speaker : Ord r, o der.

ਸਰਦਾਰ ਦਰਬਾਰਾ ਸਿੰਘ : ਮੇਰੀ ਅਰਜ਼ ਇਹ ਹੈ ਕਿ ਉਨ੍ਹਾਂ ਸਕੂਲਾਂ ਉਪੱਰ ਜੋ ਸਰਕਾਰ ਦੀ ਤਹਵੀਲ ਵਿਚ ਨਹੀਂ ਸਨ ਜਾਂ ਜੋ ਅਜਾਂ ਲਏ ਜਾਣੇ ਹਨ ਉਨ੍ਹਾਂ ਤੇ ਇਕ ਖ਼ਾਸ ਕਿਸਮ ਦੇ ਲੋਕਾਂ ਦਾ ਕਬਜ਼ਾ ਸੀ ਅਤੇ ਉਹ ਆਪਣੇ ਢੰਗ ਨਾਲ ਅਤੇ ਖ਼ਾਸ ਤਰੀਕੇ ਨਾਲ ਡਿਸਟਰਿਕਟ ਬੋਰਡਾਂ ਜਾਂ ਦੂਜੀਆਂ ਜਗ੍ਹਾਂ ਤੇ ਬੱਚਿਆਂ ਤੇ ਅਸਰ ਅੰਦਾਜ਼ ਹੁੰਦੇ ਸਨ । ਉਥੇ ਕਿਸੇ ਨਾ ਕਿਸੇ ਤਰੀਕੇ ਨਾਲ co.nmunalism ਦਾ ਸਬਕ ਵੀ ਦਿੱਤਾ ਜਾਂਦਾ ਸੀ ਪਰ ਇਸ ਕਦਮ ਦੇ ਚੁੱਕੇ ਜਾਣ ਨਾਲ ਬਹੁਤ ਹੱਦ ਤਕ communalism ਦੂਰ ਹੋ ਜਾਏਗਾ ਜੇ ਸਰਕਾਰ ਦੀ policy ਇਹ ਹੈ ਕਿ ਪੰਜਾਬ ਵਿਚ ਸਾਰੇ ਸਕੂਲ ਜੋ ਹਨ ਉਨ੍ਹਾਂ ਨੂੰ ਆਪਣੀ ਤਹਵੀਲ ਵਿਚ ਲੈਣਾ ਹੈ ਤਾਂ ਉਹ ਇਸ ਗੱਲ ਦਾ ਸਬੂਤ ਹੋਵੇਗਾ ਕਿ ਪੰਜਾਬ ਵਿਚ ਜਿਥੇ ਪਹਿਲਾਂ ਬੱਚਿਆਂ ਵਿੱਚ ਇਨ੍ਹਾਂ ਪਰਾਈਵੇਟ ਸਕੂਲਾਂ ਰਾਹੀਂ ਦੂਜੀਆਂ ਗੱਲਾਂ inject ਕੀਤੀਆਂ ਜਾਂਦੀਆਂ ਸਨ ਜੋ nationalism ਦੇ ਖ਼ਿਲਾਫ਼ ਸਨ ਉਥੇ ਅਸੀਂ ਹੁਣ ਉਨ੍ਹਾਂ ਵਿਚ nationlism ਦੀ spirit ਭਰਨਾ ਚਾਹੁੰਦੇ ਹਾਂ । ਮੈਂ ਪਰਾਈਵੇਟ ਸਕੂਲਾਂ ਬਾਰੇ ਵੀ ਅਰਜ਼ ਕਰਦਾ ਹਾਂ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਨੂੰ ਵੀ ਦੂਜਿਆਂ ਸਕੂਲਾਂ ਦੀ ਤਰ੍ਹਾਂ ਆਪਣੀ ਤਹਵੀਲ ਵਿਚ ਲੈ ਲਵੇ ਤਾਕਿ ਇਹ ਰੋਜ਼ ਰੋਜ਼ ਦਾ ਝਗੜਾ ਜੋ ਹੈ, ਉਹ ਖ਼ਤਮ ਹੋ ਜਾਵੇ । ਸਰਕਾਰ ਨੂੰ ਇਸ ਤਰ੍ਹਾਂ ਕਰਕੇ ਦਸਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਪੜ੍ਹਾਉਣ ਦੀ ਜ਼ਿੰਮੇਦਾਰ ਸਰਕਾਰ ਹੈ । ਸਰਕਾਰ ਨੂੰ ਇਸ ਸਾਰੇ ਸਿਲਸਿਲੇ ਨੂੰ ਆਪਣੀ ਤਹਵੀਲ ਵਿੱਚ ਲੈ ਲੈਣਾ ਚਾਹੀਦਾ ਹੈ ਤਾਕਿ ਉਹ ਲੋਕ ਬੱਚਿਆਂ ਤੇ ਅਸਰ ਅੰਦਾਜ਼ ਨਾ ਹੋ ਸਕਣ ਅਤੇ ਉਨ੍ਹਾਂ ਦੇ ਦਿਮਾਗ ਵਿੱਚ nationalism ਪੈਦਾ ਕੀਤਾ ਜਾਵੇ ।

ਚੌਧਰੀ ਸਾਹਿਬ ਨੇ ਗਵਰਨਰ ਸਾਹਿਬ ਦੇ ਐਡਰੈਸ ਦਾ ਜ਼ਿਕਰ ਕੀਤਾ ਹੈ । ਉਨ੍ਹਾਂ ਨੇ ਸ਼ਾਇਦ ਐਡਰੈਸ ਚੰਗੀ ਤਰ੍ਹਾਂ ਨਹੀਂ ਪੜ੍ਹਿਆ । ਉਸ ਵਿਚ ਲਿਖਿਆ ਹੈ endeavours ਕਰਾਂਗੇ, efforts ਕਰਾਂਗੇ ਜਿਹੜੀਆਂ ਕਿ ਡਿਮਾਂਡ (1) ਦੀ ਸ਼ਕਲ ਵਿਚ ਸਾਡੇ ਸਾਹਮਣੇ ਹਨ । ਅਖੀਰ ਵਿੱਚ ਮੈਂ ਗੌਰਮੈਂਟ ਦੀ ਪ੍ਰਸ਼ੰਸਾ ਕਰਦਾ ਹਾਂ ਕਿ ਉਨ੍ਹਾਂ ਨੇ ਜੋ ਇਹ ਚੀਜ਼ ਲਿਆਂਦੀ ਹੈ ।

डाक्टर परमानन्द (पानीपत) : जनाब डिप्टी स्पीकर साहिब, मैं पंजाब सरकार की इस बात पर सराहना करता हूं कि उन्होंने एक बहुत भारी कदम उठाया है जो पंजाब के अन्दर एजुकेशन को नेश्नेलाइज़ किया और वह चीज़ जो पंजाब के अन्दर बहुत बढ़ रही थी, जैसे कि मेरे भाई दरबारा सिंह ने भी कहा कि इस पंजाब में फिरकाप्रस्ती इन स्कूलों की वजह से चलती थी। यह ठीक है कि लोकल बाडीज़ स्कूल semi-Government थे। इन लोकल बाडीज़ के अन्दर मुख्तलिफ़ इलाके अलाट हो कर जाते थे और जो भी पार्टी चाहे म्युनिसिपल कमेटी के अन्दर चाहे डिस्ट्रिक्ट बोर्ड के अन्दर कामयाब होती थी वह उस के अन्दर अपने मुलाज़िम लोगों को भेजती थी। अपने ख्यालात को और अपने इरादों को इन

[डाक्टर परमानन्द]

में introduce करती थीं और इसी तरह वह काम करती थी। आज मैं समझता हूं कि गवर्नमेंट हमारी मुबारकबाद की मुस्तहक है कि उन्होंने यह काम करके न सिर्फ फिरका-प्रस्ती को दूर करने की ओर कदम उठाया है बल्कि देश में एक बहुत बड़ा सुधार किया है। मैं समझता हूं कि जितने भी समाज के स्कूल हैं, दूसरे हैं, तीसरे हैं सब को नैश्नेलाइज़ करना चाहिए था।

चौधरी बलबीर सिंह : हिम्मत है क्या ऐसा करने की ?

डाक्टर परमानन्द : मैं समझता हूं कि यह एक बहुत भारी कदम है और इस से हकूमत की ज़िम्मेदारी बहुत बढ़ जाती है। गवर्नमेंट को तमाम किस्म का ख्याल रखना होगा। स्कूल के बच्चों की तरफ़, बिल्डिंग की तरफ़, मास्टरों की तरफ़, उन के ग्रेडों की तरफ़ और उन को तमाम सहूलतें देने की तरफ़ ख्याल रखना होगा। वे तमाम सहूलतें जो देनी चाहिए थीं वह गवर्नमेंट दे नहीं सकी। मैं प्रार्थना करूंगा कि इन चीज़ों की तरफ़ ख्याल किया जाये। मैं सरकार को मुबारकबाद देता हूं कि यह काम सराहना के काबल है जो इस ने इन्हें नैश्नेलाइज़ करके दिखा दिया है। न सिर्फ पंजाब को बल्कि हिन्दुस्तान को एक सबक दिया है कि हिन्दुस्तान की तमाम स्टेटें इस पर चलें।

मौलवी अब्दुल ग़नी डार (नूह) : मैं पंजाब सरकार को बधाई देता हूं कि उन्होंने इतना भारी कदम उठा कर स्कूलों को नैश्नेलाइज़ किया है। डिस्ट्रिक्ट बोर्डों और म्युनिसिपल कमेटियों के स्कूलों की हालत बुरी थी, उस्तादों को तन्खाहें नहीं मिलती थीं और दीगर किस्म की बदअनवानियां हो रही थीं। लेकिन गवर्नमेंट के इस कदम से टीचर्ज़ की बहुत ज़्यादा हौसला अफ़ज़ाई हुई है। म्युनिसिपल बोर्ड माडल हाई स्कूल, सिविल लाइन्ज़ लुध्याना की टीचरैस मिसिज़ ठांडी का किस्सा मैं आप के गोश-गुज़ारा करना चाहता हूं। मेरे हाथ में जाली टिक्टों के फोटॉग्राफ़ हैं जो कि डरामा के नाम पर जारी की गईं और इस तरह से गोलमाल होता रहा। लुध्याना म्युनिसिपल कमेटी की तरफ़ से डिप्टी कमिश्नर साहिब से इन्कुआयरी कराने के लिये दरखास्त की गई कि दो सौ के ऊपर जाली टिक्टें जारी की गई हैं, इस मामला की तफ्तीश की जाये। तफ्तीश शुरु हुई, लेकिन ऊपर से पंजाब सरकार के महकमा लोकल बाडीज़ के सैक्रेटरी साहिब की तरफ़ से हुकम जारी हुआ कि इन्कुआयरी बन्द करो। सरदार रघबीर सिंह सैक्रेटरी लुधियाना में डिप्टी कमिश्नर थे। वहां उन्होंने उसी उस्तानी को 70 रुपये की बजाए 130 रुपये पर सीधा लगाया था। मैं ने पता किया सरदार साहिब और भी इमदाद करते रहे। मुझे पता नहीं इन के ठांडी साहिबा के आपस में क्या तअल्लुकात थे। सरकार जाली टिक्टों की पूछ-ताछ करे। यह अन्धेरगर्दी इन स्कूलों में मची हुई है और इस के मुतअल्लिक हकूमत के अफ़सरान का यह रवैया है। इन हालात में मैं पंजाब सरकार को मुबारकबाद देता हूं कि उन्होंने स्कूलों को नैश्नेलाइज़ करके एक ऐसा कदम उठाया है जिस से टीचरों के साथ इन्साफ होगा। डिप्टी स्पीकर साहब, मैं पंजाब सरकार को इस के लिये मुबारकबाद देता हूं कि उस ने बहुत ज़्यादा ज़िम्मेदारी अपने कन्धों पर ले ली है। लेकिन अच्छा होता अगर वह गवर्नमेंट खालसा हाई स्कूल, सनातन धर्म हाई स्कूल, देव समाज हाई स्कूल, नामधारी हाई स्कूल फिरकू नामों को भी ख़त्म कर देती।

डिप्टी स्पीकर साहिब, लोकल बाडीज़ के दो बड़े काम थे। एक था स्कूलों का, और दूसरा था हस्पतालों का। हस्पतालों को provincialise करने की तरफ़ पंजाब सरकार पहले ही कदम उठा रही है। अब स्कूलों की नैश्नेलाइज़ेशन का काम भी शुरु हो गया है। लेकिन—

कोई माशूक है इस पर्दादारी में

श्री रूप सिंह फूल (हमीरपुर रिज़र्व्ड) : सदरे मुहतरिम, बिल आख़िरी शक्ल अख़्तियार कर रहा है और इस पर मैं मुखतसरन यह तबसरा करना चाहता हूं कि यह हकूमत अंधाधुंध टैक्स तो लगा रही है मगर एक सवाल मैं इस से मोद्दबाना पूछना चाहता हूं कि क्या कांग्रेस के हकूमत इख़्तियार करने से पहले इस ने प्रैस और प्लैटफ़ार्म से बार 2 नहीं कहा था और क्या यह हमारे विधान में भी दर्ज नहीं है कि टैक्स सिर्फ़ उन लोगों के ही कन्धों पर डाले जायेंगे जो इन का बोझ बरदाश्त कर सकते हों ? तो आज टैक्सों के ऊपर टैक्स और उन पर भी टैक्स क्यों लगाए जा रहे हैं और क्या अवाम इन को बरदाश्त करने की कुव्वत रखते हैं ? इस का जवाब ट्रैज़री बैंचिज़ वाले मैम्बर साहिबान अपने दिल से पूछें। एक तरफ तो इस तरह टैक्सिज़ लगाये जा रहे हैं और दूसरी तरफ इस बिल का मकसद स्टेट के अन्दर जो सड़कें हैं उन की हालत को बेहतर बनाने का बताया जा रहा है। मुझे समझ नहीं आती कि किन सड़कों की हालत को बेहतर बनाया जा रहा है और पंजाब के किस खास इलाके की सड़कों को पक्का बनाया जा रहा है जहां कि इतने नर्म पैरों वाले नाजुक बदन चलते हैं। जो भी हो जहां तक मेरी कन्स्टीचुएंसी का ताल्लुक है आप को तो वहां की हालत का पता ही होगा क्योंकि आप ने वहां दौरा कर के देखा है और मुझे मालूम नहीं कि कितनी बार मालिश आप को अपने पांव की करानी पड़ी होगी। वहां पर एक इंच भी पक्की सड़क नहीं है और ऐसी हालत है कि कोई भला पुरुष वहां पैदल सफर तो क्या मोटर में भी

[श्री रूप सिंह फूल]

सफर नहीं कर सकता। एक तरफ तो यह नारा लगाया जा रहा है कि डिवलपमेंट कर रहे हैं मगर दूसरी तरफ इनसान को इतनी तक्लीफ है। मैं समझता हूं कि ट्रैयरी बैंचिज़ वालों की या मिनिस्टीरियल बैंचिज वालों की फिज़ीकल डिवलपमेंट तो ज़रूर हो रही है। मगर देश की डिवैल्पमेंट कहीं दिखाई नहीं देती मैदान की तरफ तो डिवैल्पमेंट कुछ हुई है, मगर क्या पहाड़ी इलाके का भी ख्याल रखा जाएगा। (आपोजीशन की तरफ से तालियां) आज टैक्सों की इतनी भरमार हो चुकी है कि हमारे इलाके के लोग इस बोझ को बहुत भारी महसूस कर रहे हैं। फिर इन टैक्सों से तरक्की किन की होगी? आया पंजाब स्टेट के किसी खास इलाके की तरक्की होगी, हरिजनों की होगी, स्वर्णों की होगी, देहातियों की होगी या शहरियों की होगी? आज यह लोग कुछ रो से रहे हैं। यह जो रोज़ २ हाउस के सामने इतने टैक्स लगाने की तजवीज़ें लाई जा रही हैं उन की क्या ज़रूरत है, मैं आप को एक ही टैक्स बता देता हूं जो अगर आप लगा देंगे तो जितना आप रुपया इन रोज़ 2 के टैक्सों से इकट्ठा करना चाहते हैं वह भी हो जाएगा और हाउस का जो वक्त खर्च हो रहा है वह भी बच जाएगा। और वह सजैशन यह है कि यूं भी पब्लिक रो रही है आप हंसने पर ही टैक्स लगा दें और इस टैक्स के तीन हिस्से कर दें यानी मुसकराने पर टैक्स एक रुपया, हंसने पर दो और कहकहा लगाने पर तीन रुपए। इस से मैं समझता हूं कि सरकार का खजाना भी भर जाएगा और इतने बिल पेश करने की भी ज़रूरत नहीं रहेगी। यह जो टैक्स रोज़ 2 लगाए जा रहे हैं यह नहीं लगाए जाने चाहिएं। जनता इन को बरदाश्त नहीं कर सकती।

ਸਰਦਾਰ ਦਰਬਾਰਾ ਸਿੰਘ (ਨੂਰਮਹਲ): ਸਪੀਕਰ ਸਾਹਿਬ, ਮੈਂ ਸਿਰਫ ਥੋੜੀ ਜਿਹੀ ਇਹ ਅਰਜ਼ ਕਰਨੀ ਹੈ ਕਿ ਸਰਕਾਰ ਚਲਾਉਣ ਲਈ taxes ਲਾਉਣੇ ਜ਼ਰੂਰੀ ਹੁੰਦੇ ਹਨ। ਸਰਕਾਰ tax ਲਾਉਣ ਲਈ ਇਸ ਗਲ ਦੀ ਪੜਚੋਲ ਕਰਦੀ ਹੈ ਕਿ ਕਿਸ ਹਦ ਤਕ.........
(*Interruptions*)

श्री रूप सिंह 'फूल' : On a point of order, Sir 'पड़चोल' का मतलब समझा दिया जाए।

अध्यक्ष महोदय : पड़चोल का मतलब इन से कहीं सीख लें। (Let the hon. Member understand the meaning of the words "ਪੜਚੋਲ" from him.)

ਸਰਦਾਰ ਦਰਬਾਰਾ ਸਿੰਘ : ਇਸ ਲਈ ਸਰਕਾਰ ਅਜਿਹੇ ਟੈਕਸ ਤਜਵੀਜ਼ ਕਰਦੀ ਹੈ ਕਿ ਜਿਹੜੇ ਉਨ੍ਹਾਂ ਮੋਢਿਆਂ ਤੇ ਪੈਣ ਜਿਹੜੇ ਉਨ੍ਹਾਂ ਦਾ ਭਾਰ ਬਰਦਾਸ਼ਤ ਕਰ ਲੈਣ। ਅਜ ਇਹ ਹਾਲਤ ਹੈ ਕਿ ਰੋਜ਼ ਦੇ ਛੋਟੇ ੨ ਟੈਕਸ ਕਾਫੀ propaganda ਦਾ ਬਾਇਸ ਬਣ ਰਹੇ ਹਨ। ਚੰਗਾ ਅਸਰ ਤਾਂ ਇਨ੍ਹਾਂ ਦਾ ਥੋੜੇ ਜਿਹੇ ਲੋਕਾਂ ਤੇ ਪੈਂਦਾ ਹੈ ਪਰ ਜੋ ਪਰਚਾਰ opposition ਵਾਲੇ ਜਾਂ ਦੂਜੇ ਲੋਕ ਬਾਹਰ ਜਾ ਕੇ ਕਰਦੇ ਹਨ ਉਸ ਦਾ ਖਾਸਾ ਅਸਰ public ਤੇ ਪੈਂਦਾ ਹੈ ਅਤੇ ਖਾਸੀਆਂ ਗਲਤ ਫਹਿਮੀਆਂ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜੋ unproductive projects ਹਨ ਉਨ੍ਹਾਂ ਨੂੰ ਫਿਲਹਾਲ defer ਕਰ ਦੇਵੇ ਇਸ ਨਾਲ ਨਵੇਂ ਟੈਕਸ ਲਾਉਣ ਦੀ ਜਿਹੜੀ ਕੋਸ਼ਿਸ਼ ਕਰਨੀ ਪੈਂਦੀ ਹੈ ਉਸ ਤੋਂ ਬਚ ਜਾਵਾਂਗੇ।

Finance Minister ਸਾਹਿਬ ਨੇ ਕਿਹਾ ਹੈ, ਕਿ ਪੁਲਾਂ ਦੇ ਦੋਵੇਂ ਪਾਸ ਕਿਸੇ ਦੀ ਜ਼ਮੀਨ ਨਹੀਂ ਹੈ । ਜਿਥੇ ਤਕ ਮੈਨੂੰ ਪਤਾ ਹੈ ਹਰੀਕੇ ਪੱਤਨ ਦੇ ਦੋਵੇਂ ਪਾਸੇ ਲੋਕਾਂ ਦੀ ਜ਼ਮੀਨ ਹੈ । ਉਨ੍ਹਾਂ 20 ਪਿੰਡਾਂ ਦਾ ਸਤਲੁਜ ਅਤੇ ਬਿਆਸ ਦੇ ਸੰਗਮ ਬਣਨ ਕਰਕੇ ਨੁਕਸਾਨ ਨਹੀਂ ਹੋਇਆ ਬਲਕਿ flood ਦੇ ਪਾਣੀ ਕਰਕੇ ਉਨ੍ਹਾਂ 20 ਪਿੰਡਾਂ ਦਾ ਖਾਸਾ ਨੁਕਸਾਨ ਹੋਇਆ ਹੈ । ਉਨ੍ਹਾਂ ਲੋਕਾਂ ਨੂੰ relief ਦੇਣ ਦੇ ਬਜਾਏ ਕਿ ਜਿਥੇ ਨਹਿਰ ਜਾਂਦੀ ਹੈ ਜਿਵੇਂ ਬੀਕਾਨੇਰ ਵਿਚ, ਉਨ੍ਹਾਂ ਨੂੰ ਉਥੇ ਜ਼ਮੀਨ ਦੀ ਬਜਾਏ ਇਹ ਟੈਕਸ ਲਾ ਦਿੱਤਾ ਹੈ । ਆਵਾਜਾਈ ਵਿਚ ਰੋਜ਼ ਦੂਜੇ ਪਾਸੇ tractor ਜਾਂ ਹੋਰ ਦੂਜੀ vehicle ਨੂੰ ਲੈਕੇ ਜਾਣਾ ਪੈਂਦਾ ਹੈ । ਇਸ ਕਰਕੇ ਜੋ ਟੈਕਸ ਅੱਜ ਤਜਵੀਜ਼ ਕੀਤਾ ਗਿਆ ਹੈ ਇਸ ਨਾਲ ਉਨ੍ਹਾਂ ਲੋਕਾਂ ਤੇ ਬੋਝ ਪਏਗਾ ।

ਮੈਂ ਸਰਕਾਰ ਪਾਸ ਇਕ ਅਪੀਲ ਦੀ ਸ਼ਕਲ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਇਕ ਅਜਿਹੀ ਕਮੇਟੀ ਬਨਾਣ ਦੀ ਤਜਵੀਜ਼ ਕਰੇ ਜੋ ਇਕ ਬਾਰ ਇਸ ਗੱਲ ਨੂੰ ਚੰਗੀ ਤਰ੍ਹਾਂ ਵੇਖ ਲਏ ਕਿ ਟੈਕਸ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ । ਅਤੇ ਇਸ ਦਾ ਖਾਸ ਖਿਆਲ ਰਖੇ ਕਿ ਜਿਹੜੇ ਟੈਕਸ ਲੋਕ ਬਰਦਾਸ਼ਤ ਕਰ ਸਕਣ ਉਸ ਤਰ੍ਹਾਂ ਦੇ ਟੈਕਸ ਲਗਾਉਣੇ ਚਾਹੀਦੇ ਹਨ । ਜੇ ਕੋਈ ਟੈਕਸ ਨਾ ਲਗਣ ਤਾਂ ਇਹ ਪੰਜ ਸਾਲਾ ਸਕੀਮ ਕਾਮਯਾਬ ਨਹੀਂ ਹੋ ਸਕਦੀ । ਇਸ ਲਈ ਇਸ ਨੂੰ ਪੂਰਾ ਕਰਨ ਕਾਫੀ ਲਈ ਟੈਕਸਾਂ ਦੀ ਲੋੜ ਹੈ । ਪਰ ਇਸ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਸਰਕਾਰ ਪਾਸ ਅਜਿਹੇ projects ਹਨ ਜਿਹੜੇ ਮੁਲਤਵੀ ਕੀਤੇ ਜਾ ਸਕਦੇ ਹਨ, ਉਹ ਪੋਸਟਪੋਨ ਕਰਨੇ ਚਾਹੀਦੇ ਹਨ । ਇਸ ਨਾਲ ਜਿਹੜੇ ਮੌਜੂਦਾ Five-Year Plan ਲਈ ਟੈਕਸ ਲਗਾਉਣੇ ਹਨ ਉਹ ਘੱਟ ਹੋ ਸਕਦੇ ਹਨ ।

ਇਹ ਪੈਸਾ ਜਿਹੜਾ ਹਰੀਕੇ ਪੱਤਣ bridge ਜਾਂ ਹੋਰ ਦੂਜੇ bridges ਦੇ ਰਾਹੀਂ ਗੌਰਮੈਂਟ ਨੂੰ ਆਉਣ ਵਾਲਾ ਹੈ ਉਸ ਨਾਲ ਸਰਕਾਰ ਨੂੰ ਫਾਇਦਾ ਤਾਂ ਹੋਵੇਗਾ ਪਰ ਜਿਹੜਾ propaganda ਇਸ ਨਾਲ ਹੋਣ ਵਾਲਾ ਹੈ ਉਸ ਰਾਹੀਂ ਨੁਕਸਾਨ ਹੋਵੇਗਾ ਕਿਉਂਕਿ ਹਰ ਇਕ ਸਵਾਰੀ ਇਹ ਆਖੇਗੀ ਕਿ ਇਹ ਇਕ ਨਵਾਂ ਟੈਕਸ ਸਾਡੇ ਉਤੇ ਲਗਿਆ ਹੈ । ਕਿਉਂਕਿ ਪੈਸੰਜਰ ਟੈਕਸ ਦੀ ਤਰ੍ਹਾਂ ਇਹ ਟੈਕਸ ਵੀ ਬਸਿਜ਼ ਵਾਲਿਆਂ ਨੇ ਸਵਾਰੀਆਂ ਤੋਂ ਹੀ ਚਾਰਜ ਕਰਨਾ ਹੈ । ਇਸ ਦੇ ਉਤੇ ਨਵੇਂ ਸਿਰੇ ਤੇ ਸੋਚਣ ਦੀ ਲੋੜ ਹੈ । ਤੇ ਮੈਂ ਉਮੀਦ ਕਰਦਾ ਹਾਂ ਕਿ ਸਰਕਾਰ ਇਸ ਤੇ ਗੌਰ ਕਰੇਗੀ ।

श्री शेर सिंह (झज्जर, जनरल) : यह जो विधेयक हमारे सामने हैं और जिस पर अभी विचार विनिमय हो रहा है उस पर बोलते वक्त हमारे एक मित्र ने यह कहा कि इस टैक्स को हम छोड़ दें और जो unproductive काम या Projects हैं, उन को भी छोड़ दें और काफी दिनों के लिये हम इन को postpone कर दें। तो इस के सम्बन्ध में मैं कहना चाहता हूं कि यह जो टैक्स इस विधेयक में तजवीज़ किया गया है इस से किसी गरीब आदमी पर कोई प्रभाव नहीं पड़ता क्योंकि अगर कोई किसान अपनी बैल-गाड़ी लेकर पुल पार करके दूसरी तरफ जाता है तो उस पर टैक्स नहीं लगता। यह तो उस आदमी के ऊपर पड़ता है जिस के पास ट्रैक्टर, ट्रक या मोटर आदि जैसी मशीनें हैं। अगर कोई यह सोचे कि ग़रीब आदमी के पास कोई ट्रैक्टर हो सकता है तो मैं समझता हूं कि उस के दिमाग में यह ग़लत चीज़ है। मैं तो यह कहता हूं कि अगर कोई साहुकार आदमी अपना ट्रैक्टर ले जाता है तो उस पर पुल पार करने का टैक्स लगना चाहिये और उस को

[श्री शेर सिंह]
खुशी से सरकार को पैसा देना चाहिये। इसी तरह कोई कार ले जाये तो उसे भी टैक्स देना चाहिये। क्योंकि जो पुल तैयार किया गया उस पर काफी रुपया खर्च किया गया। और अगर हम ने development के कार्य को आगे बढ़ाना है तो यह जरूरी है कि टैक्स देना पड़ेगा। क्योंकि जिस चीज से लोगों को लाभ पहुंचता है अगर उस के इवज़ में कोई पैसा देना पड़े तो खुशी से देना चाहिये। जैसे अगर भाखड़ा कैनाल से कोई पानी लेता है तो उस से जो फायदा होता है अगर उस के इवज़ में Betterment Fees देनी पड़ती है तो खुशी से देनी चाहिये। और ऐसे टैक्स जो दे सकते हैं उन्हें resent नहीं करना चाहिये। यह toll tax इतना बड़ा नहीं है कि दुखने वाला हो। इस लिये यह टैक्स लगना चाहिये।

मेरे दोस्त ने जो unproductive projects को postpone कर देने के विषय में कहा तो मैं समझता हूं कि जो projects हरियाणा में बनने हैं उन को इस Five-Year Plan में से निकलवाने की यह तजवीज़ है। इसी लिये Unproductive Projects का नाम लेकर यह बात यहां पर कही गई है। मैं समझता हूं कि इस में सरकार की mischief है, शरारत है। क्योंकि गुड़गांव आदि स्थानों पर कोई भी ऐसी scheme ले जाएं तो वह पहिले पहिले Productive नहीं हो सकती। इसी तरह अगर आप कांगड़ा ज़िले में बिजली वगैरह ले जाते हैं तो वह कभी productive नहीं हो सकती। इस लिये अगर unproductive कह कर इन Projects को postpone किया जाता है तो यह पथरीले इलाके सैंकड़ों साल तक develop नहीं हो सकते। और गुड़गांव हिसार का ज़िला भी इसी श्रेणी में आता है। इस इलाके के अन्दर जो पानी देना है उस के लिये 9 करोड़ की scheme है अगर उस पर Betterment Fees न लें तो वह scheme unproductive हो जाती है।

ਸਰਦਾਰ ਦਰਬਾਰਾ ਸਿੰਘ : ਕੀ unproductive schemes ਦੀ ਇਸ ਤਰ੍ਹਾਂ ਦੀ definition ਹੈ ?

प्रोफैसर शेर सिंह : Unproductive part आप ले लें लेकिन यह बहाना बना कर कि यह unproductive scheme है इस लिये इन को छोड़ दिया जाये, यह बात नहीं करनी चाहिये। बल्कि ऐसे इलाके जो backward हैं उन की इमदाद करनी चाहिये। भले ही यह schemes unproductive हों, मदद ज़रूरी है। और जिन लोगों के अन्दर tax देने की हिम्मत है उन से tax ज़रूर लेना चाहिये और जैसा कि मैंने बतलाया, कोई भी Projects जो गरीब इलाकों के लिये या पिछड़े हुए इलाकों के लिये हों उन्हें नहीं छोड़ना चाहिये।

ਮਾਲ ਮੰਤ੍ਰੀ (ਗਿਆਨੀ ਕਰਤਾਰ ਸਿੰਘ) : ਜਨਾਬ ਸਪੀਕਰ ਸਾਹਿਬ ਇਹ ਬਿਲ ਜ਼ਰੂਰ ਪਾਸ ਹੋਣਾ ਚਾਹੀਦਾ ਹੈ। ਇਸ ਦੇ ਸਿਲਸਿਲੇ ਵਿਚ ਇਹ ਚੀਜ਼ ਕਹੀ ਗਈ ਹੈ ਕਿ ਸਵਾਰੀਆਂ ਨੂੰ ਅਟਕਾਉ ਹੋਵੇਗਾ ਅਤੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਦੀਆਂ ਜ਼ਮੀਨਾਂ ਹਰੀਕੇ ਪੱਤਣ ਦੀ ਪਰਲੀ ਸਾਈਡ ਤੇ ਵਾਕੇ ਹਨ ਉਨ੍ਹਾਂ ਨੂੰ ਵੀ ਇਸ ਕਾਨੂੰਨ ਦਾ ਅਸਰ ਹੋਵੇਗਾ। ਮੈਂ

ਕਹਿਣਾ ਚਾਹੁੰਦਾ ਹਾਂ ਕਿ ਇਹ ਕਾਨੂੰਨ ਕੋਈ ਨਵੀਂ ਗੱਲ ਨਹੀਂ ਇਹ ਤਾਂ ਪੁਰਾਣੇ ਜ਼ਮਾਨੇ ਵਿਚ ਵੀ ਟੋਲ ਟੈਕਸ ਲਗਦਾ ਰਿਹਾ ਹੈ । ਫੇਰ ਜਿਨ੍ਹਾਂ ਨੂੰ ਇਸ ਬਿਲ ਤੇ ਅਤਰਾਜ਼ ਹੈ ਉਹ ਜੇਕਰ ਇਸ ਦੇ ਫਾਇਦੇ ਨੂੰ ਮੱਦੇਨਜ਼ਰ ਰਖਣ ਤਾਂ ਉਨ੍ਹਾਂ ਨੂੰ ਇਹ ਗੱਲ ਜਚ ਜਾਏਗੀ ਕਿ ਟੋਲ ਟੈਕਸ ਲੱਗਣਾ ਜ਼ਰੂਰੀ ਹੈ ।

ਪਹਿਲਾਂ ਜਦ ਅੰਮ੍ਰਿਤਸਰ ਤੋਂ ਜਗਰਾਉਂ ਜਾਣਾ ਪੈਂਦਾ ਸੀ ਅਤੇ ਅੰਮ੍ਰਿਤਸਰ ਤੋਂ ਮੋਗਾ ਜਾਣਾ ਪੈਂਦਾ ਸੀ ਉਸ ਵਕਤ ਲੋਕਾਂ ਦਾ ਕਾਫੀ ਖਰਚ ਆਉਂਦਾ ਸੀ । ਅਤੇ ਹੁਣ ਹਰੀਕੇ ਪੱਤਣ Bridge ਬਣ ਜਾਣ ਤੋਂ ਬਾਅਦ ਜਿੰਨਾ ਪੈਸਾ ਲਗਦਾ ਹੈ ਉਸ ਤੋਂ ਜ਼ਿਆਦਾ ਦੇਣਾ ਪੈਂਦਾ ਸੀ ਮੈਂ ਇਸ ਲਈ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਸਹੂਲਤਾਂ ਮਿਲੀਆਂ ਹਨ ਉਨ੍ਹਾਂ ਦੇ ਮੁਕਾਬਲੇ ਵਿਚ ਟੋਲ ਟੈਕਸ ਕੁਝ ਵੀ ਨਹੀਂ ਹੈ । ਇਨ੍ਹਾਂ ਪੁਲਾਂ ਨਾਲ ਪੈਸੇ ਦੀ ਵੀ ਬਚਤ ਹੋਈ ਅਤੇ ਜਿਹੜਾ ਵਕਤ ਲਗਦਾ ਸੀ ਉਹ ਵੀ ਘੱਟ ਲਗਣ ਲਗ ਪਿਆ। ਇਸ ਫਾਇਦੇ ਨੂੰ ਵੇਖਦੇ ਹੋਏ ਟੈਕਸ ਖੁਸ਼ੀ ਨਾਲ ਦੇਣਾ ਚਾਹੀਦਾ ਹੈ ।

ਇਕ ਇਹ ਗੱਲ ਆਖੀ ਗਈ ਹੈ ਕਿ ਹਰੀਕੇ ਪੱਤਣ ਦੇ ਦੋਹਾਂ ਪਾਸੇ ਜਿਨ੍ਹਾਂ ਲੋਕਾਂ ਦੀ ਜ਼ਮੀਨ ਹੈ ਉਹ effect ਹੋਣਗੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਲੋਕ ਐਸੇ ਹਨ ਜਿਨ੍ਹਾਂ ਦੇ ਕੋਲ tractors ਹਨ ? ਬਹੁਤ ਘੱਟ ਲੋਕ ਹਨ ਇਸ ਤਰ੍ਹਾਂ ਦੇ । ਜਿਹੜੇ tractors ਰਖਦੇ ਹਨ ਉਹ ਟੈਕਸ ਦੇਣ ਦੀ ਹਿੰਮਤ ਰਖਦੇ ਹਨ । ਇਕ ਹੋਰ ਗੱਲ ਕਹੀ ਗਈ ਕਿ ਜਿਹੜੇ tractors agricultural purpose ਲਈ ਵਰਤੇ ਜਾਂਦੇ ਹਨ ਉਨ੍ਹਾਂ ਤੇ ਟੈਕਸ ਨਹੀਂ ਲਗਾਣਾ ਚਾਹੀਦਾ ਹੈ ਕਿਉਂਕਿ grow-more-food ਤੇ ਅਸਰ ਪੈਂਦਾ ਹੈ । ਮੈਂ ਕਹਿੰਦਾ ਹਾਂ ਜੇ grow-more-food ਤੇ ਅਸਰ ਪੈਣਾ ਹਟਾਉਣਾ ਹੈ ਤਾਂ ਜਿਹੜੀ betterment fee ਲੱਗਦੀ ਹੈ ਅਤੇ ਆਬਿਆਨਾ ਲਗਦਾ ਹੈ ਉਹ ਵੀ ਨਹੀਂ ਲਗਾਣਾ ਚਾਹੀਦਾ ਹੈ । ਤਾਂ ਮੈਂ ਸਮਝਦਾ ਹਾਂ ਕਿ ਜੇ ਗਰੀਬਾਂ ਉਤੇ ਟੈਕਸ ਲਗਦਾ ਹੈ ਤਾਂ tractors ਰਖਣ ਵਾਲਿਆਂ ਤੇ ਵੀ ਲਗਣਾ ਚਾਹੀਦਾ ਹੈ ।

ਅੰਤ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਨਾਲ ਲੋਕਾਂ ਦੀਆਂ ਸਹੂਲਤਾਂ ਵਿਚ ਅਜਾਫਾ ਹੋਣ ਵਾਲਾ ਹੈ ਇਸ ਕਰਕੇ ਇਸ ਨੂੰ ਖੁਸ਼ੀ ਨਾਲ ਤੇ ਇੱਤਫਾਕ ਰਾਏ ਨਾਲ ਪਾਸ ਕੀਤਾ ਜਾਣਾ ਚਾਹੀਦਾ ਹੈ।

Sardar Achhar Singh Chhina : Sir, I beg to move—

That question be now put.

Mr. Speaker : Question is—

That question be now put.

The motion w s carried.

Mr. Speaker : Question is—

That the Punjab Mechanical Vehicles (Bridge Tolls) Bill, as amended, be passed.

The motion was carried.

THE PUNJAB SECURITY OF LAND TENURES (AMENDMENT) BILL, 1957

Minister for Revenue (Giani Kartar Singh) : Sir, I beg to move—

That the Punjab Security of Land Tenures (Amendment) Bill be taken into consideration at once.

ਸਪੀਕਰ ਸਾਹਿਬ, ਇਹ ਬਿਲ ਇਸ ਮੰਤਵ ਦੀ ਪੂਰਤੀ ਲਈ ਲਿਆਂਦਾ ਗਿਆ ਹੈ ਕਿ ਇਸੇ ਹੀ ਹਾਊਸ ਨੇ, ਏਸੇ ਹੀ ਮਜਲਸ ਨੇ ਇਸ ਤੋਂ ਪਹਿਲਾਂ ਜੋ ਬਿਲ ਪਾਸ ਕੀਤਾ ਸੀ ਜਿਸ ਨੇ ਕਿ ਬਾਦ ਵਿਚ ਐਕਟ ਦਾ ਰੂਪ ਧਾਰਨ ਕੀਤਾ ਉਸ ਦੀਆਂ ਪਰੋਵੀਜ਼ਨਜ਼ ਨੂੰ ਅਮਲ ਵਿਚ ਲਿਆਉਣ ਦੇ ਰਸਤੇ ਵਿਚ ਕੁਝ ਮੁਸ਼ਕਲਾਤ ਪੇਸ਼ ਆਈਆਂ ਸਨ । ਜਿਸ ਮਕਸਦ ਲਈ ਉਹ ਬਿਲ ਪਾਸ ਕਰਵਾਇਆ ਗਿਆ ਸੀ ਉਹ ਇਹ ਸੀ ਕਿ ਜ਼ਮੀਨ ਜਿਹੜੀ ਕਿ ਨਾ ਸਿਰਫ ਮੁਜ਼ਾਰਿਆਂ ਦੇ ਪਾਸ ਹੀ ਹੈ ਬਲਕਿ ਇਕ ਮਾਲਕ ਦੀ ਖੁਦ ਕਾਸ਼ਤ ਵੀ ਹੈ ੩੦ ਸਟੈਂਡਰਡ ਏਕੜਾਂ ਤੋਂ ਉਪਰ ਉਨ੍ਹਾਂ ਦੀ ਜ਼ਮੀਨ ਲੈ ਲਈ ਜਾਵੇ ਔਰ ਉਸ ਦੇ ਉਤੇ ਈਜੈਕਟਡ ਟੈਨੈਂਟਸ (ejected tenants) ਨੂੰ ਆਬਾਦ ਕਰਨ ਦਾ ਸਾਮਾਨ ਕੀਤਾ ਜਾਵੇ ਤਾਕਿ ਰੋਜ਼ ਪੰਜਾਬ ਦੇ ਵਿਚ ਜੋ ਮਾਲਕ ਔਰ ਮੁਜ਼ਾਰੇ ਦਾ ਝਗੜਾ ਰਹਿੰਦਾ ਹੈ ਉਸ ਨੂੰ ਨਿਪਟਾਇਆ ਜਾ ਸਕੇ । ਉਸ ਐਕਟ ਨੂੰ ਪਾਸ ਕਰਨ ਵੇਲੇ ਉਸ ਵਿਚ ਕੁਛ ਖਾਮੀਆਂ ਰਹਿ ਗਈਆਂ ਸਨ। ਉਸ ਦੇ ਵਿਚ ਇਹ ਤਜਵੀਜ਼ ਸੀ ਕਿ ਹਰੇਕ ਮਾਲਕ ਔਰ ਮੁਜ਼ਾਰਾ ਆਪਣੀ ਜ਼ਮੀਨ ਦਾ ਹਿਸਾਬ ਕਿਤਾਬ ਪੇਸ਼ ਕਰੇ ਜਾਂ ਦੂਸਰੇ ਲਫਜ਼ਾਂ ਵਿਚ ਕਹਿ ਲਉ ਰੀਟਰਨ (return) ਪੇਸ਼ ਕਰੇ । ਉਸ ਬਿਲ ਦੇ ਅੰਦਰ ਇਹ ਸੂਰਤ ਪੈਦਾ ਕਰ ਦਿੱਤੀ ਗਈ ਕਿ ਹਰੇਕ ਛੋਟੇ ਬੜੇ ਮਾਲਕ ਅਤੇ ਮੁਜ਼ਾਰੇ ਨੂੰ ਰੀਟਰਨ (return) ਦੇਣੀ ਲਾਜ਼ਮੀ ਕਰਾਰ ਦਿੱਤੀ ਗਈ । ਪੰਜਾਬ ਦੇ ਸਾਰੇ ਮੁਜ਼ਾਰੇ ਅਤੇ ਮਾਲਕ ਅਗਰ ਰੀਟਰਨ ਪੇਸ਼ ਕਰਦੇ ਤਾਂ ਉਹ ਇਕ ਬਹੁਤ ਲੰਬਾ ਚੌੜਾ ਹਿਸਾਬ ਕਤਾਬ ਬਣ ਜਾਂਦਾ ਸੀ । ਅਜਿਹੀ ਰੀਟਰਨ ਬਹੁਤ ਸਾਰੇ ਮਾਲਕਾਂ ਅਤੇ ਮੁਜ਼ਾਰਿਆਂ ਨੇ ਪੇਸ਼ ਵੀ ਨਹੀਂ ਕੀਤੀ; ਕਿਉਂ ਨਹੀਂ ਕੀਤੀ ; ਉਹ ਕਿਸ ਲਈ ਨਹੀਂ ਕੀਤੀ ਕਿ ਰੀਟਰਨ ਨਾ ਪੇਸ਼ ਕਰਨ ਦੇ ਸਿਲਸਲੇ ਵਿਚ ਕੋਈ ਸਜ਼ਾ ਤਜਵੀਜ਼ ਨਹੀਂ ਸੀ ਕੀਤੀ ਗਈ । ਇਸ ਦੇ ਨਾਲ ਹੀ ਅਗਰ ਕੋਈ ਗਲਤ ਰੀਪੋਰਟ ਪੇਸ਼ ਕਰਦਾ ਤਾਂ ਵੀ ਉਸ ਲਈ ਸਜ਼ਾ ਕੋਈ ਨਹੀਂ ਸੀ ਰੱਖੀ ਗਈ । ਕਿਉਂਕਿ ਸਜ਼ਾ ਮਿਲਣ ਦਾ ਕਿਸੇ ਨੂੰ ਡਰ ਨਹੀਂ ਸੀ ਇਸ ਲਈ ਲੋਕਾਂ ਨੇ ਬਹੁਤ ਘਟ ਗਿਣਤੀ ਵਿਚ ਰੀਟਰਨ ਪੇਸ਼ ਕੀਤੀ ਸੀ । ਸੋ ਏਸ ਨਵੇਂ ਬਿਲ ਰਾਹੀਂ ਅਸੀਂ ਇਸ ਕਮੀ ਨੂੰ ਦੂਰ ਕਰਨਾ ਹੈ ਔਰ ਅਸੀਂ ਸਜ਼ਾ ਤਜਵੀਜ਼ ਕਰ ਰਹੇ ਹਾਂ । ਪਹਿਲੇ ਕਾਨੂੰਨ ਦੇ ਵਿਚ ਸਜ਼ਾ ਦੀ ਪਰੋਵੀਜ਼ਨ ਨਾ ਹੋਣ ਦੇ ਕਾਰਨ ਲੋਕਾਂ ਨੇ ਪਰਚੇ ਜਾਂ ਰੀਟਰਨ ਨਹੀਂ ਸੀ ਦਿੱਤੇ ਔਰ ਉਸ ਦੇ ਵਾਸਤੇ ਜਿਹੜੀ ਮਿਆਦ ਦਿੱਤੀ ਸੀ ਉਹ ਗੁਜ਼ਰ ਗਈ । ਹੁਣ ਜਦੋਂ ਅਸੀਂ ਇਸ ਬਿਲ ਰਾਹੀਂ ਸਜ਼ਾ ਮੁਕੱਰਰ ਕਰਨੀ ਹੈ ਤਾਂ ਉਨ੍ਹਾਂ ਨੂੰ ਨਵੇਂ ਸਿਰੇ ਤੋਂ ਟਾਇਮ ਵੀ ਦੇਣਾ ਪਏਗਾ ਤਾਂ ਕਿ ਉਹ ਆਪਣਾ ਜ਼ਮੀਨ ਦਾ ਹਿਸਾਬ ਕਿਤਾਬ ਪੇਸ਼ ਕਰ ਸਕਣ । ਸੋ, ਸਪੀਕਰ ਸਾਹਿਬ, ਇਹ ਬਿਲ ਇਸ ਲਈ ਪੇਸ਼ ਕੀਤਾ ਹੈ ਕਿ ਉਨ੍ਹਾਂ ਲੋਕਾਂ ਦੇ ਕੋਲੋਂ ਰੀਟਰਨਜ਼ ਲਈਆਂ ਜਾਣ ਔਰ ਅਗਰ ਕੋਈ ਰੀਟਰਨ ਦੇਣ ਤੋਂ ਫੇਲ੍ਹ ਹੋਵੇ ਤਾਂ ਉਸ ਨੂੰ ਸਜ਼ਾ ਮਿਲੇ । ਇਸ ਤੋਂ ਬਿਨਾ ਜੇ ਕੋਈ ਆਦਮੀ ਆਪਣੀ ਰੀਟਰਨ ਗਲਤ ਪੇਸ਼ ਕਰਦਾ ਹੈ ਤਾਂ ਉਸ ਨੂੰ ਵੀ ਸਜ਼ਾ ਦੇਣ ਲਈ ਇਸ ਬਿਲ ਵਿਚ ਪਰੋਵੀਜ਼ਨ ਕੀਤੀ ਗਈ ਹੈ । ਇਸ ਕਰਕੇ ਪਹਿਲੇ ਬਿਲ ਦੀਆਂ ਇਨ੍ਹਾਂ ਖਾਮੀਆਂ ਨੂੰ ਦੂਰ ਕਰਨ ਵਾਸਤੇ ਇਹ ਨਵਾਂ ਬਿਲ ਲਿਆਂਦਾ ਗਿਆ ਹੈ। (*At this stage Mr. Deputy Speaker*

occupied the Chair) ਮੈਂ ਉਮੀਦ ਕਰਦਾ ਹਾਂ ਇਹ ਆਨਰੇਬਲ ਹਾਊਸ ਇਸ ਬਿਲ ਤੇ ਗੌਰ ਕਰੇਗਾ ਔਰ ਗੌਰ ਕਰਨ ਤੋਂ ਬਾਦ ਇਸ ਨੂੰ ਕਬੂਲ ਕਰੇਗਾ । ਬਾਕੀ ਜੇ ਇਸ ਵਿਚ ਕਿਸੇ ਜਗਾ ਕੋਈ ਕਮੀ, ਕਮਜ਼ੋਰੀ ਜਾਂ ਊਣਤਾਈ ਦਿਖਾਈ ਦਿੰਦੀ ਹੈ ਤਾਂ ਮੈਂਬਰ ਸਾਹਿਬਾਨ ਉਨ੍ਹਾਂ ਦੀ ਦੋਸਤੀ ਲਈ ਤਜਵੀਜ਼ਾਂ ਪੇਸ਼ ਕਰਨ । ਉਨ੍ਹਾਂ ਦੀਆਂ ਤਜਵੀਜ਼ਾਂ ਤੇ ਗੌਰ ਕੀਤਾ ਜਾਵੇਗਾ ਔਰ ਮੁਨਾਸਬ ਤੌਰ ਤੇ ਇਸ ਬਿਲ ਨੂੰ ਸੋਧ ਕੇ ਫਾਈਨਲ (final) ਸ਼ਕਲ ਵਿਚ ਪਾਸ ਕੀਤਾ ਜਾਵੇਗਾ । ਇਨ੍ਹਾਂ ਲਫਜ਼ਾਂ ਦੇ ਨਾਲ ਮੈਂ ਇਹ ਬਿਲ ਵਿਚਾਰ ਲਈ ਹਾਊਸ ਅੱਗੇ ਪੇਸ਼ ਕਰਦਾ ਹਾਂ ।

Mr. Deputy Speaker (Ajnala) : Motion moved—

That the Punjab Security of Land Tenures (Amendment) Bill, be taken into consideration at once.

Sardar Achhar Singh Chhina (Ajnala) : Sir, I beg to move—

That the Punjab Security of Land Tenures (Amendment) Bill be referred to a Select Committee consisting of:—

(1) Giani Kartar Singh, Revenue Minister,

(2) Shri Ram Kishan Bharolian,

(3) Shri Muni Lal,

(4) Shri Inder Singh,

(5) Sardar Rajinder Singh,

(6) Chaudhri Bharat Singh,

(7) Sardar Harchand Singh,

(8) Sardar Waryam Singh, and

(9) Comrade Ram Chandra,

with a direction to report by 1st December, 1957.

ਪ੍ਰਧਾਨ ਜੀ, ਪਿਛਲੀ ਦਫਾ ਮਨਿਸਟਰ ਸਾਹਿਬ ਨੇ ਇਹ ਬਹਾਨਾ ਲੈ ਲਿਆ ਸੀ ਕਿ ਅਮੈਂਡਮੈਂਟ move ਨਹੀਂ ਕੀਤੀ ਇਸ ਕਰਕੇ ਅਜ ਮੈਂ ਪਹਿਲੇ ਆਪਣੀ ਅਮੈਂਡਮੈਂਟ move ਕਰ ਦਿਤੀ ਹੈ ।

ਪ੍ਰਧਾਨ ਜੀ, ਮੈਂ ਇਹ ਬਿਲ ਇਸ ਵਾਸਤੇ ਸੀਲੈਕਟ ਕਮੇਟੀ ਨੂੰ refer ਕਰਨ ਵਾਸਤੇ ਨਹੀਂ ਕਹਿੰਦਾ ਕਿ ਇਹ ਪਾਸ ਨਾ ਹੋਵੇ । ਮੇਰਾ ਇਹ ਮੰਤਵ ਨਹੀਂ, ਬਲਕਿ ਮੇਰਾ ਮੰਤਵ ਇਹ ਹੈ ਕਿ ਇਸ ਬਿਲ ਨੂੰ ਚੰਗੀ ਤਰ੍ਹਾਂ ਸੋਧ ਕੇ ਪਾਸ ਕੀਤਾ ਜਾਵੇ । ਇਹ ਹਾਊਸ 1953 ਤੋਂ ਬਿਲ ਪਾਸ ਕਰਨ ਲੱਗਾ ਹੈ ਜਿਨ੍ਹਾਂ ਦਾ ਕਿ ਕਿਸੇ ਮੁਜ਼ਾਰੇ ਨੂੰ ਕੋਈ ਫਾਇਦਾ ਨਹੀਂ ਪਹੁੰਚਿਆ, ਸਗੋਂ ਉਨ੍ਹਾਂ ਦੀਆਂ ਬੇਦਖਲੀਆਂ ਕੀਤੀਆਂ ਗਈਆਂ ਔਰ ਬੁਰੀ ਤਰ੍ਹਾਂ ਉਜਾੜਿਆ ਗਿਆ ।

ਸ੍ਰੀ ਇੰਦਰ ਸਿੰਘ : ਛੀਨਾ ਸਾਹਿਬ, ਸੀਲੈਕਟ ਕਮੇਟੀ ਦੇ ਮੈਂਬਰਾਂ ਦੇ ਨਾਮ ਜ਼ਰਾ ਫੇਰ ਦਸ ਦਿਉ ।

ਸਰਦਾਰ ਅੱਛਰ ਸਿੰਘ ਛੀਨਾ : ਅੱਛਾ ਜੀ ਦਸਦਾ ਹਾਂ । ਇਸ ਸੀਲੈਕਟ ਕਮੇਟੀ ਦੇ ਮੈਂਬਰ ਹਨ:—

[ਸਰਦਾਰ ਅੱਛਰ ਸਿੰਘ ਛੀਨਾ]

੧. ਗਿਆਨੀ ਕਰਤਾਰ ਸਿੰਘ, ਮਾਲ ਮੰਤਰੀ,

੨. ਸ਼੍ਰੀ ਰਾਮ ਕਿਸ਼ਨ ਭੜੋਲੀਆਂ.

੩. ਸ਼੍ਰੀ ਮੁਨੀ ਲਾਲ,

੪. ਚੌਧਰੀ ਇੰਦਰ ਸਿੰਘ,

੫. ਸਰਦਾਰ ਰਾਜਿੰਦਰ ਸਿੰਘ,

੬. ਚੌਧਰੀ ਭਰਤ ਸਿੰਘ,

੭. ਸਰਦਾਰ ਹਰਚੰਦ ਸਿੰਘ,

੮. ਸਰਦਾਰ ਵਰਿਆਮ ਸਿੰਘ ਔਰ

੯. ਕਾਮਰੇਡ ਰਾਮ ਚੰਦਰ ।

ਜਦੋਂ ਤੋਂ ਮੁਜ਼ਾਰਿਆਂ ਦੇ ਵਾਸਤੇ ਲੈਂਡ ਟੈਨਿਉਰ ਦਾ ਬਿਲ ਆਉਂਦਾ ਰਿਹਾ ਹੈ ਉਦੋਂ ਤੋਂ ਹੀ ਜਿਹੜੇ ਮਕਸਦ ਲਈ ਉਹ ਬਿਲ ਪਾਸ ਕੀਤੇ ਜਾਂਦੇ ਰਹੇ ਹਨ ਉਹ ਫੌਤ ਹੋ ਜਾਂਦਾ ਰਿਹਾ ਹੈ । ਇਸ ਵਾਸਤੇ ਜਿਤਨੇ ਏਥੇ ਸੈਂਟਰ ਤੋਂ ਕਾਂਗਰਸ ਦੇ ਲੀਡਰ ਆਉਂਦੇ ਰਹੇ ਹਨ ਜਾਂ ਜਿਨ੍ਹਾਂ ਜਿਨ੍ਹਾਂ ਨੇ ਉਹ ਬਿਲ ਪੜ੍ਹੇ ਹਨ ਉਹ ਸਾਰੇ ਹੀ ਇਹ ਕਹਿੰਦੇ ਰਹੇ ਹਨ ਕਿ ਪੰਜਾਬ ਦੇ ਵਿਚ ਮੁਜ਼ਾਰਿਆਂ ਵਾਸਤੇ ਅਤੇ land reforms ਲਈ ਕੁਛ ਵੀ ਨਹੀਂ ਕੀਤਾ ਗਿਆ ਔਰ ਜੇ ਕੀਤਾ ਗਿਆ ਹੈ ਤਾਂ ਉਹ ਬਿਲਕੁਲ ਘਟ ਤੋਂ ਘਟ ਕੀਤਾ ਗਿਆ ਹੈ । ਕਈਆਂ ਨੇ ਕਿਹਾ ਹੈ, that the Punjab Government have not touched the fringe of the problem. ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਨੇ ਵੀ ਕਿਹਾ ਹੈ ਕਿ ਪੰਜਾਬ ਦੇ ਵਿਚ ਐਗਰੇਰੀਅਨ ਰੀਫਾਰਮਜ਼ ਲਈ ਕੋਈ ਚੰਗਾ ਬਿਲ ਪਾਸ ਨਹੀਂ ਕੀਤਾ ਗਿਆ । ਹੁਣ ਵੀ ਪਲਾਨਿੰਗ ਕਮਿਸ਼ਨ ਅਤੇ ਹੋਰ ਸਾਰੇ ਲੀਡਰ ਇਹ ਗਲ ਕਹਿ ਰਹੇ ਹਨ । ਇਹ ਠੀਕ ਹੈ ਕਿ ਸਾਡੀ ਗੌਰਮੈਂਟ ਕੋਈ ਨਾ ਕੋਈ ਬਿਲ ਲੈ ਆਉਂਦੀ ਰਹੀ ਹੈ, ਇਕ ਦੇ ਬਾਦ ਦੂਜਾ ਬਿਲ ਲਿਆਂਦਾ ਔਰ ਦੂਜੇ ਦੇ ਬਾਦ ਤੀਸਰਾ ਅਮੈਂਡਿੰਗ ਬਿਲ ਲਿਆਂਦਾ । ਇਹ ਦਸਣਾ ਚਾਹੁੰਦੇ ਹਨ ਕਿ ਅਸੀਂ ਬੜੇ ਬਿਲ ਪਾਸ ਕਰਦੇ ਰਹੇ ਹਾਂ । ਮਗਰ ਇਹ ਸਾਰੇ ਫਜ਼ੂਲ ਬਿਲ ਸਨ ਔਰ ਮਹਿਜ਼ ਕਾਗਜ਼ੀ ਕਾਰਵਾਈ ਸੀ । ਮੈਂ ਤਾਂ ਕਹਾਂਗਾ ਕਿ ਕਾਗਜ਼ਾਂ ਅਤੇ ਛਪਾਈ ਤੇ ਪੈਸੇ ਖਰਚ ਕਰਕੇ ਜ਼ਾਇਆ ਕੀਤੇ ਗਏ ਹਨ । ਇਸ ਤੋਂ ਬਿਨਾ ਸਾਡੇ ਵਜ਼ੀਰ ਮਾਲ ਸਾਹਿਬ ਗਿਆਨੀ ਜੀ ਨੇ ਜਿਹੜਾ ਹੁਣ ਬਿਲ ਲਿਆਂਦਾ ਹੈ ਇਸ ਦੇ ਨਾਲ ਵੀ ਮਕਸਦ ਪੂਰਾ ਨਹੀਂ ਹੁੰਦਾ । ਇਸ ਬਿਲ ਨੂੰ ਜਿਹੜਾ ਪੜ੍ਹੇ ਉਹ ਹੈਰਾਨ ਹੋ ਜਾਂਦਾ ਹੈ ਕਿ ਇਨ੍ਹਾਂ ਨੇ ਕੀ ਮਜ਼ਾਕ ਬਣਾਇਆ ਹੋਇਆ ਹੈ । ਇਸ ਬਿਲ ਵਿਚ ਲਿਖਿਆ ਹੋਇਆ ਹੈ ਕਿ 1953 ਦੇ ਵਿਚ ਜਦੋਂ ਬਿਲ ਪਾਸ ਹੋਇਆ ਤਾਂ ਦੋ ਮਹੀਨੇ ਦੀ ਮਿਆਦ ਦਿਤੀ ਗਈ, ਜਦੋਂ ਜ਼ਿਮੀਂਦਾਰਾਂ ਨੇ ਇਸ ਅਰਸੇ ਵਿਚ ਰੀਟਰਨਜ਼ ਨਹੀਂ ਦਿਤੀਆਂ ਤਾਂ ਫੇਰ ਛੇ ਮਹੀਨੇ ਦੀ ਹੋਰ ਮਿਆਦ ਦਿੱਤੀ ਗਈ, 1956 ਵਿਚ ਫੇਰ ਬਿਲ ਲਿਆਂਦਾ ਔਰ ਲੋਕਾਂ ਨੂੰ ਛੁੱਟੀ ਦਿੱਤੀ ਗਈ ਕਿ ਜ਼ਮੀਨਾਂ ਦੇ ਅੰਦਰਾਜ ਕਰਵਾ ਲਉ । ਅੱਜ ਗੌਰਮੈਂਟ ਨੇ ਡੇਢ ਸਾਲ ਦੇ ਬਾਦ ਫੇਰ Amending Bill ਲੈ ਆਂਦਾ ਹੈ ਔਰ ਛੇ ਮਹੀਨੇ ਦੀ ਮਿਆਦ ਹੋਰ ਦਿੱਤੀ ਜਾ ਰਹੀ ਹੈ । What is this ? ਇਹ ਕਿਸ ਤਰ੍ਹਾਂ ਦੀ ਹੇਰਾ ਫੇਰੀ ਕੀਤੀ ਜਾ ਰਹੀ ਹੈ । ਚੋਰ ਦਰਵਾਜ਼ਾ ਤੋੜਿਆ ਜਾਂਦਾ ਹੈ ਔਰ ਉਸ ਨੂੰ ਅਲਾਰਮ ਤੇ ਅਲਾਰਮ ਵਜਾ ਕੇ ਕਿਹਾ

ਜਾਂਦਾ ਹੈ, ਬਚਾ ਕਰ ਲੈ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਮਿਆਦ ਦੇ ਕੇ ਲੈਂਡਲਾਰਡਜ਼ ਨੂੰ ਮੌਕਾ ਦਿੱਤਾ ਜਾ ਰਿਹਾ ਹੈ ਕਿ ਗਲਤ ਅੰਦਰਾਜ ਕਰਵਾ ਲਉ ਔਰ ਮੁਜ਼ਾਰਿਆਂ ਦੀਆਂ ਬੇਦਖਲੀਆਂ ਕਰ ਲਉ । ਮੈਂ ਕਹਿੰਦਾ ਹਾਂ ਕਿ ਗੌਰਮੈਂਟ ਮੈਨੂੰ ਛਾਤੀ ਤੇ ਹੱਥ ਰਖ ਕੇ ਇਹ ਗਲ ਦੱਸੇ ਕਿ ਉਦੋਂ ਦਾ ਇਨ੍ਹਾਂ ਨੇ ਕੋਈ ਮੁਜ਼ਾਰਾ ਬਹਾਲ ਕੀਤਾ ਹੈ । ਜਾਗੀਰਦਾਰਾਂ ਨੇ ਅੰਨ੍ਹੀ ਪਾ ਰਖੀ ਹੈ । ਮੁਜ਼ਾਰਿਆਂ ਤੇ 107/151 ਦੇ ਕੇਸ ਚਲਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਭੇਜਿਆ ਜਾਂਦਾ ਹੈ ਔਰ ਉਨ੍ਹਾਂ ਦੀਆਂ ਖੜ੍ਹੀਆਂ ਫਸਲਾਂ ਤੇ ਟਰੈਕਟਰ ਚਲਾਏ ਜਾਂਦੇ ਹਨ । ਕਰਨਾਲ ਵਿਚ ਇਕ ਪਿੰਡ ਹੈ ਜਿੱਥੇ ਇਕ ਜਾਗੀਰਦਾਰ ਨੇ ਮੁਜ਼ਾਰੇ ਤੇ ਝੂਠਾ 107/151 ਦਾ ਕੇਸ ਬਣਵਾ ਕੇ ਜੇਲ੍ਹ ਵਿਚ ਭਿਜਵਾ ਦਿੱਤਾ ਔਰ ਉਸ ਦੀ ਖੜ੍ਹੀ ਫਸਲ ਤੇ ਟਰੈਕਟਰ ਫੇਰ ਦਿੱਤਾ ਹੈ । ਸਪੀਕਰ ਸਾਹਿਬ, ਇਸ ਤਰੀਕੇ ਦੇ ਨਾਲ ਜਾਗੀਰਦਾਰ ਮੁਜ਼ਾਰਿਆਂ ਨੂੰ ਬੇਦਖਲ ਕਰ ਰਹੇ ਹਨ ।

5 p.m.

ਸਪੀਕਰ ਸਾਹਿਬ, ਸਾਡੀ ਗੌਰਮੈਂਟ ਬਿਲ ਤਾਂ ਧੜਾ ਧੜ ਲੈ ਆਉਂਦੀ ਹੈ ਪਰ ਦੋ ਦੋ ਸਾਲ ਤਕ ਰੂਲਜ਼ ਨਹੀਂ ਬਣਾਏ ਜਾਂਦੇ ਹਨ । ਗੱਲਾਂ ਤਾਂ ਇਹ ਬੜੀਆਂ ਵਧ ਵਧ ਕੇ ਕਰਦੇ ਹਨ ਕਿ ਵੇਖੋ ਇਤਨੇ ਜਾਗੀਰਦਾਰ ਹਨ, ਉਨ੍ਹਾਂ ਕੋਲੋਂ ਇਤਨੀ surplus ਜ਼ਮੀਨ ਮਿਲੇਗੀ । ਇਸ ਕਾਨੂੰਨ ਦੇ ਹੇਠ ਅਸੀਂ ਉਹ ਸਾਰੀ surplus ਜ਼ਮੀਨ ਲੈ ਲੈਣੀ ਹੈ ਅਤੇ ਮੁਜ਼ਾਰਿਆਂ ਵਿਚ ਵੰਡ ਦੇਣੀ ਹੈ । ਪਰ, ਸਪੀਕਰ ਸਾਹਿਬ, ਜਦੋਂ ਅਸੀਂ ਗੌਰਮਿੰਟ ਕੋਲ ਜਾਂਦੇ ਹਾਂ ਕਿ ਦਸੋ ਕਿਨੀ surplus ਜ਼ਮੀਨ ਨਿਕਲੀ ਹੈ ਅਤੇ ਕਦੋਂ ਉਹ ਦੇਣੀ ਹੈ ਤਾਂ ਜਵਾਬ ਮਿਲਦਾ ਹੈ ਕਿ ਕਾਨੂੰਨ ਤਾਂ ਬਣ ਗਿਆ ਹੈ ਪਰ ਅਜੇ ਰੂਲਜ਼ ਨਹੀਂ ਬਣੇ ਹਨ । ਦੂਜੇ ਪਾਸੇ ਫਿਰ ਹੁਣ ਇਹ ਕਹਿੰਦੇ ਹਨ ਕਿ ਕੀ ਕਰੀਏ ਜਾਗੀਰਦਾਰ declaration ਹੀ ਨਹੀਂ ਦਿੰਦੇ, ਇਸ ਲਈ ਇਹ ਬਿਲ ਲਿਆਂਦਾ ਹੈ ਤਾਕਿ ਉਹ ਬਚ ਕੇ ਨਿਕਲ ਨਾ ਜਾਣ ਪਰ ਮੈਂ ਤੁਹਾਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਬਹੁਤ ਸਾਰੀ ਜ਼ਮੀਨ ਤਾਂ ਤੁਹਾਡੇ ਕਾਨੂੰਨਾਂ ਨਾਲ ਪਹਿਲਾਂ ਹੀ ਨਿਕਲ ਚੁਕੀ ਹੈ ਅਤੇ ਹੁਣ ਜਿਹੜੀ ਰਹੀ ਸਹੀ ਜ਼ਮੀਨ ਹੈ ਉਹ ਵੀ ਨਿਕਲ ਜਾਣੀ ਹੈ ਅਤੇ ਤੁਹਾਡੇ ਹਥ ਵਿਚ ਨਹੀਂ ਆਉਣੀ । ਇਸ ਲਈ ਮੈਂ ਤਜਵੀਜ਼ ਕਰਦਾ ਹਾਂ ਕਿ ਇਸ ਬਿਲ ਨੂੰ Select Committee ਦੇ ਸੁਪੁਰਦ ਕਰ ਦਿਤਾ ਜਾਵੇ ਅਤੇ ਉਹ ਇਸ ਉਤੇ ਸੋਚ ਵਿਚਾਰ ਕਰਕੇ ਇਸਨੂੰ foolproof ਬਣਾਵੇ ਫਿਰ ਪਹਿਲੀ ਦਸੰਬਰ ਨੂੰ ਆਪਣੀ ਰਿਪੋਰਟ ਪੇਸ਼ ਕਰੇ । ਤੁਸੀਂ ਪਹਿਲਾਂ ਵੀ ਦੋ ਤਿੰਨ ਬਿਲ Select Committee ਵਿਚ ਭੇਜੇ ਹਨ ਅਤੇ ਉਨ੍ਹਾਂ ਦੀ ਰਿਪੋਰਟ ਵੀ ਦਸੰਬਰ ਵਿਚ ਆਉਣੀ ਹੈ । ਇਸ ਦਾ ਮਤਲਬ ਹੈ ਕਿ ਇਸ ਸਾਲ ਵਿਚ ਇਕ ਹੋਰ Session ਅਜੇ ਲਗਣਾ ਹੈ । ਇਸ ਲਈ ਇਸਨੂੰ ਸੋਚ ਵਿਚਾਰ ਲਈ ਦੇ ਦਿਤਾ ਜਾਵੇ ਅਤੇ ਅਜਿਹਾ ਬਿਲ ਬਣਾਇਆ ਜਾਵੇ ਕਿ ਜਿਨ੍ਹਾਂ ਨੇ ਪਹਿਲਾਂ ਇਤਲਾਹ ਨਹੀਂ ਦਿਤੀ ਹੈ ਉਨ੍ਹਾਂ ਨੂੰ ਵੀ ਸਜ਼ਾ ਦਿਤੀ ਜਾਵੇ ਅਤੇ ਸਾਰੀ surplus ਜ਼ਮੀਨ ਜਦੋਂ ਦਾ ਇਹ Act ਬਣਿਆ ਹੈ ਉਸ ਵੇਲੇ ਤੋਂ ਹੀ ਕਢੀ ਜਾਵੇ । ਜੇਕਰ ਇਸ ਤਰ੍ਹਾਂ ਨਹੀਂ ਕਰੋਗੇ ਅਤੇ ਇਸੇ ਤਰ੍ਹਾਂ ਹੀ ਇਸ ਬਿਲ ਨੂੰ ਪਾਸ ਕਰ ਦਿਉਗੇ ਤਾਂ ਮੈਂ ਕਹਾਂਗਾ ਕਿ ਗਿਆਨੀ ਜੀ ਨੇ ਵੀ ਇਹ ਜਾਗੀਰਦਾਰਾਂ ਨੂੰ ਅਲਾਰਮ ਦੀ ਘੰਟੀ ਵਜਾ ਦਿਤੀ ਹੈ ਕਿ ਅਜੇ ਟਾਇਮ ਹੈ ਇਸ ਲਈ ਤੁਸੀਂ ਟਰੈਕਟਰ ਚਲਾ ਲਓ, ਦਫ਼ਾ 107 ਅਤੇ 151 ਹੇਠ ਮੁਜ਼ਾਰਿਆਂ ਨੂੰ ਕੈਦ ਕਰਾ ਦਿਉ ਅਤੇ ਜ਼ਮੀਨ ਇਧਰ ਉਧਰ ਕਰ ਦਿਉ । ਜੇਕਰ ਤੁਹਾਡਾ ਇਹੋ ਮਨਸ਼ਾ ਹੈ ਤਾਂ ਫਿਰ ਇਨ੍ਹਾਂ ਕਾਨੂੰਨਾਂ ਦੇ ਪਾਸ ਕਰਨ ਦਾ ਕੀ ਫਾਇਦਾ ? ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਸਾਰੀਆਂ ਗਲਾਂ ਤੇ ਸੋਚ ਵਿਚਾਰ ਕਰਨ ਲਈ ਇਸ ਬਿਲ ਨੂੰ Select

[ਸਰਦਾਰ ਅੱਛਰ ਸਿੰਘ ਛੀਨਾ]

Committee ਦੇ ਸੁਪੁਰਦ ਕਰ ਦਿਤਾ ਜਾਵੇ । ਦੂਜੇ ਦੋ ਤਿੰਨ ਬਿਲ ਮਰਲਾ ਟੈਕਸ ਵਗੈਰਾ ਵੀ ਤੁਸੀਂ ਭੇਜੇ ਹਨ । ਇਸ ਨੂੰ ਵੀ ਭੇਜ ਦਿਓ । ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਕੋਈ ਅਜਿਹਾ ਬਿਲ ਲਿਆਓ ਜਿਸ ਨਾਲ surplus ਜ਼ਮੀਨ ਨਿਕਲ ਸਕੇ । ਐਵੇਂ ਮਖੌਲ ਹੀ ਨਾ ਕਰੋ ਅਤੇ ਜਾਗੀਰਦਾਰਾਂ ਲਈ ਅਲਾਰਮ ਦੀਆਂ ਘੰਟੀਆਂ ਹੀ ਨਾ ਵਜਾਓ ਬਲਕਿ ਮੁਜ਼ਾਰਿਆਂ ਨੂੰ ਬਹਾਲ ਕਰੋ ਜਿਹੜੇ ਬੇਦਖਲ ਕੀਤੇ ਗਏ ਹਨ ।

Mr. Deputy Speaker : Motion moved—

That the Punjab Security of Land Tenures (Amendment) Bill be referred to a Select Committee, consisting of:—

(1) Giani Kartar Singh, Revenue Minister.

(2) Shri Ram Kishan Bharolian,

(3) Shri Muni Lal,

(4) Shri Inder Singh,

(5) Sardar Rajinder Singh,

(6) Chaudhri Bharat Singh,

(7) Sardar Harchand Singh,

(8) Sardar Waryam Singh, and

(9) Comrade Ram Chandra,

with a direction to report by 1st December, 1957.

ਸਰਦਾਰ ਹਰਚਰਨ ਸਿੰਘ (ਮਾਨਸਾ, ਜਨਰਲ) : ਸਪੀਕਰ ਸਾਹਿਬ, ਇਹ ਜੋ ਬਿਲ ਪੇਸ਼ ਕੀਤਾ ਗਿਆ ਹੈ ਇਹ amending ਬਿਲ ਹੈ । ਇਸ ਦੇ ਜ਼ਰੀਏ declaration ਦੇਣ ਬਾਰੇ provision ਕੀਤਾ ਗਿਆ ਹੈ ਅਤੇ ਜੋ ਲੋਕ ਵਕਤ ਸਿਰ ਨਹੀਂ ਦੇਣਗੇ ਉਨ੍ਹਾਂ ਲਈ ਇਸ ਵਿਚ penality provide ਕੀਤੀ ਗਈ ਹੈ । Agrarian reforms ਦੇ ਸਿਲਸਿਲੇ ਵਿਚ ਅਜ ਹਿੰਦੁਸਤਾਨ ਵਿਚ ਬਹੁਤ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਬਹੁਤ ਕੁਝ ਸੋਚਿਆ ਜਾ ਰਿਹਾ ਹੈ ਕਿ ਕੋਈ ਇਸ ਕਿਸਮ ਦੀਆਂ radical changes ਲਿਆਈਆਂ ਜਾਣ ਜਿਸ ਦੇ ਨਾਲ ਅਸੀਂ ਅਪਣੇ ਮੁਕੱਰਰ ਕੀਤੇ ਗਏ ਨਿਸ਼ਾਨੇ ਤਕ ਜਿਸ ਨੂੰ Socialistic pattern of Society ਕਹਿੰਦੇ ਹਨ ਉਸ ਤਕ ਜਾ ਅਪੜੀਏ । ਅਜ ਮੈਨੂੰ ਇਸ ਬਿਲ ਨੂੰ ਵੇਖ ਕੇ ਬੜੀ ਖੁਸ਼ੀ ਹੁੰਦੀ ਹੈ । ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਵੇਗਾ ਕਿ ਪਿਛਲੇ ਦਿਨਾਂ ਵਿਚ ਮੈਸੂਰ ਵਿਚ ਵਡੇ ਵਡੇ ਨੇਤਾਵਾਂ ਦਾ ਇਸ ਬਾਰੇ ਇਕੱਠਾ ਹੋਇਆ ਸੀ । ਉਹ ਜਿਹੜਾ ਇਕੱਠ ਹੋਇਆ ਸੀ ਉਹ ਅਜਿਹਾ ਨਹੀਂ ਸੀ ਕਿ ਕੋਈ ਕਿਸੇ ਖਾਸ ਪਾਰਟੀ ਦੇ ਆਦਮੀ ਉਸ ਵਿਚ ਸ਼ਾਮਿਲ ਹੋਏ ਸਨ ਬਲਕਿ ਉਹ ਲੋਕ ਉਥੇ ਇਕੱਠੇ ਹੋਏ ਸਨ ਜਿਨ੍ਹਾਂ ਦੇ ਸਾਹਮਣੇ ਇਹ ਨਿਸ਼ਾਨਾ ਹੈ ਕਿ ਹਿੰਦੁਸਤਾਨ ਵਿਚ agrarian reforms ਲਿਆਉਣੇ ਹਨ । ਬਗੈਰ ਕਿਸੀ ਗਰੁਪ ਜਾਂ ਪਾਰਟੀ ਦੇ ਭੇਦ ਭਾਵ ਦੇ ਉਥੇ ਵਡੇ ਵਡੇ ਨੇਤਾ ਇਕੱਠੇ ਹੋਏ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਵਿਨੋਬਾ ਜੀ ਜਿਸ ਤਰੀਕੇ ਨਾਲ ਕਰਾਂਤੀ ਲਿਆ ਰਹੇ

ਹਨ ਉਹ ਬਿਲਕੁਲ ਠੀਕ ਹੈ । ਇਹ ਅਮਰ ਵਾਕਿਆ ਹੈ ਕਿ ਹਿੰਦੁਸਤਾਨ ਇਸ ਮਾਮਲੇ ਵਿਚ ਤਮਾਮ ਦੁਨੀਆਂ ਨੂੰ ਰਾਹ ਦਿਖਾਵੇਗਾ । ਅਜ ਅਸੀਂ ਕਈ ਦਫਾ ਮਹਿਸੂਸ ਕਰਦੇ ਹਾਂ ਕਿ ਜਦੋਂ ਵਿਨੋਬਾ ਜੀ ਨੇ ਇਹ ਕੰਮ ਸ਼ੁਰੂ ਕੀਤਾ ਸੀ ਤਾਂ ਲੋਕ ਹੱਸਦੇ ਸਨ, ਮਖੌਲ ਕਰਦੇ ਸਨ ਅਤੇ ਖਿਆਲ ਕੀਤਾ ਜਾਂਦਾ ਸੀ ਕਿ ਇਸ ਤਰ੍ਹਾਂ ਕੌਣ ਜ਼ਮੀਨ ਦਿੰਦਾ ਹੈ । ਕੋਈ ਇਸ ਤਰ੍ਹਾਂ ਜ਼ਮੀਨ ਨਹੀਂ ਦੇਵੇਗਾ । ਪਿਛਲੇ ਦਿਨਾਂ ਵਿਚ ਜਦੋਂ ਇਥੇ ਰੂਸ ਦੇ ਲੀਡਰ ਆਏ ਸਨ ਤਾਂ ਜਦੋਂ ਉਨ੍ਹਾਂ ਨੂੰ ਇਹ ਗਲ ਦੱਸੀ ਗਈ ਤਾਂ ਉਹ ਹੱਸ ਪਏ ਅਤੇ ਕਹਿਣ ਲਗੇ ਕਿ ਕਦੇ ਕੋਈ ਇਸ ਤਰ੍ਹਾਂ ਵੀ ਅਪਣੀ ਜ਼ਮੀਨ ਦਿੰਦਾ ਹੈ ; ਇਹ ਨਾਮੁਮਕਿਨ ਹੈ । ਪਰ, ਪਰਧਾਨ ਜੀ, ਅਜ ਤਕ 40 ਲਖ ਏਕੜ ਜ਼ਮੀਨ ਲੋਕਾਂ ਵਲੋਂ ਦੇ ਦਿਤੀ ਗਈ ਅਤੇ ਤਿੰਨ ਹਜ਼ਾਰ ਤੋਂ ਵਧ ਪਿੰਡ ਗਰਾਮਦਾਨ ਵਿਚ ਦਿਤੇ ਗਏ ਹਨ । ਇਸੇ ਤਰ੍ਹਾਂ ਦੇ ਖਿਆਲਾਤ ਅਸੀਂ ਲੋਕਾਂ ਦੇ ਦਿਲਾਂ ਵਿਚ ਪੈਦਾ ਕਰਨਾ ਚਾਹੁੰਦੇ ਹਾਂ । ਜਿਨਾਂ ਚਿਰ ਇਹ ਚੀਜ਼ ਲੋਕਾਂ ਦੇ ਦਿਲਾਂ ਵਿਚ ਨਹੀਂ ਆਉਂਦੀ ਉਨਾਂ ਚਿਰ ਅਸੀਂ ਇਸ ਮਾਮਲੇ ਵਿਚ ਪੂਰੀ ਤਰ੍ਹਾਂ ਕਾਮਿਆਬ ਨਹੀਂ ਹੋ ਸਕਦੇ । ਅਜ ਅਸੀਂ ਅਸੈਂਬਲੀ ਵਿਚ ਲੋਕਾਂ ਦੇ ਭੇਜੇ ਹੋਏ ਆਏ ਹਾਂ ਅਤੇ ਮੈਂ ਇਹ ਗਲ ਸਾਰੇ ਹਾਊਸ ਨੂੰ address ਕਰਕੇ ਕਹਿੰਦਾ ਹਾਂ ਕਿ ਬਗੈਰ ਕਿਸੇ ਪਾਰਟੀ ਭੇਦ ਭਾਵ ਦੇ ਸਾਡਾ ਇਹ ਫਰਜ਼ ਹੋ ਜਾਂਦਾ ਹੈ ਕਿ ਅਸੀਂ ਸਾਰੇ ਹੀ ਇਸ ਮਾਮਲੇ ਤੇ ਸੋਚ ਵਿਚਾਰ ਕਰੀਏ ਅਤੇ ਸਾਨੂੰ ਉਸ ਨਿਸ਼ਾਨੇ ਵਲ, Socialistic pattern ਦੀ Society ਵਲ ਜਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਮੈਂ ਇਹ ਸਾਰੇ ਹਾਊਸ ਨੂੰ ਕਹਾਂਗਾ ਕਿ ਆਉ ਆਪਣੀਆਂ ਆਪਣੀਆਂ ਪਾਰਟੀਆਂ ਤੋਂ ਉਪਰ ਉਠ ਕੇ ਇਸ ਮਸਲੇ ਤੇ ਸੋਚ ਵਿਚਾਰ ਕਰੀਏ ਅਤੇ ਚੰਗੇ agrarian reforms ਲਿਆ-ਉਣ ਦੇ ਜਤਨ ਕਰੀਏ, ਨਹੀਂ ਤਾਂ ਅਸੀਂ ਐਵੇਂ ਹੀ ਭਟਕਦੇ ਫਿਰਾਂਗੇ ਅਤੇ ਕੋਈ reforms ਨਹੀਂ ਲਿਆ ਸਕਾਂਗੇ । ਇਹ ਠੀਕ ਹੈ ਕਿ ਇਹ reforms ਲਿਆਉਣ ਲਈ ਕਈ ਕਾਨੂੰਨ ਬਣਾਏ ਹਨ ਪਰ ਉਨ੍ਹਾਂ ਨੂੰ ਲਾਗੂ ਕਰਨ ਤੋਂ ਅਸੀਂ ਹਿਚਕਚਾ ਜਾਂਦੇ ਹਾਂ । ਜਿਸ ਵੇਲੇ ਚੋਣਾਂ ਹੁੰਦੀਆਂ ਹਨ ਤਾਂ ਇਹ ਖਿਆਲ ਹੁੰਦਾ ਹੈ ਕਿ ਸਾਨੂੰ ਵੋਟ ਕਿਵੇਂ ਮਿਲਣਗੇ ਅਤੇ ਅਸੀਂ ਜਿੱਤਾਂਗੇ ਕਿਸ ਤਰ੍ਹਾਂ । ਖੈਰ ਸਾਨੂੰ ਚਾਹੀਦਾ ਹੈ ਕਿ ਜਦੋਂ ਅਸੀਂ ਕੋਈ ਕਾਨੂੰਨ ਬਣਾਈਏ ਤਾਂ ਇਸ ਖਿਆਲ ਨਾਲ ਬਣਾਈਏ ਕਿ ਅਸੀਂ ਇਸ ਨੂੰ implement ਵੀ ਕਰਨਾ ਹੈ ਅਤੇ ਜਿਸ ਮਕਸਦ ਲਈ ਬਣਾਇਆ ਗਿਆ ਹੈ ਉਸ ਨੂੰ ਪੂਰਾ ਕਰਨਾ ਹੈ । ਮੈਂ ਸਮਝਦਾ ਹਾਂ ਕਿ ਸਾਨੂੰ ਇਹ reforms ਲਿਆਉਣ ਲਈ ਬਹੁਤ ਛੇਤੀ ਕਦਮ ਉਠਾਉਣੇ ਚਾਹੀਦੇ ਹਨ । ਇਹ ਵੀ penalty ਦੇ ਸਿਲਸਿਲੇ ਵਿਚ ਜੋ ਹੁਣ ਕਦਮ ਚੁਕਿਆ ਗਿਆ ਹੈ ਬਹੁਤ ਜ਼ਰੂਰੀ ਸੀ । ਤੁਸੀਂ ਵੇਖਿਆ ਹੈ ਕਿ ਇਥੇ ਦੱਸਿਆ ਗਿਆ ਹੈ ਕਿ ਇਸ ਸਿਲਸਿਲੇ ਵਿਚ ਪਹਿਲਾਂ ਦੋ ਮਹੀਨੇ ਦੀ ਮਿਆਦ ਰਖੀ ਗਈ, ਫਿਰ ਛੇ ਮਹੀਨੇ ਦੀ ਹੋਰ ਮੁਹਲਤ ਦਿਤੀ ਗਈ ਪਰ ਲੋਕਾਂ ਵਲੋਂ declaration ਨਹੀਂ ਭੇਜੇ ਗਏ ਅਤੇ ਇਸ ਚੀਜ਼ ਨੂੰ ਹੁੰਦਿਆਂ ਦੋ ਸਾਲ ਹੋ ਗਏ ਹਨ । ਇਸ ਲਈ ਮੈਂ ਸਮਝਦਾ ਹਾਂ ਕਿ ਇਸ penalty ਕਲਾਜ਼ ਦਾ ਹੋਣਾ ਜ਼ਰੂਰੀ ਸੀ ।

ਇਸ ਬਾਰੇ ਵਿਚ ਅਸੀਂ ਇਹ ਵੀ ਵੇਖਣਾ ਹੈ ਕਿ ਇਹ ਜੋ ਕਾਨੂੰਨ ਹਨ ਅਤੇ ਪੈਪਸੂ ਦਾ ਵੀ ਜੋ Act ਆਇਆ ਹੈ ਇਹ ਸਾਨੂੰ ਉਸ ਨਿਸ਼ਾਨੇ ਵਲ ਲੈ ਜਾ ਸਕਦੇ ਹਨ ? ਮੈਂ ਸਮਝਦਾ ਹਾਂ ਕਿ ਇਹ ਕਾਫੀ ਨਹੀਂ । ਇਸ ਲਈ ਜ਼ਰੂਰੀ ਹੈ ਕਿ ਅਸੀਂ ਇਸ ਮਸਲੇ ਉਤੇ ਹੋਰ ਵਿਚਾਰ ਕਰੀਏ ਅਤੇ ਕੋਈ ਬਿਹਤਰ ਚੀਜ਼ ਲਿਆਈਏ । Agrarian reforms ਦੇ ਸਿਲਸਿਲੇ ਵਿਚ ਮੈਂ ਇਕ ਹੋਰ ਚੀਜ਼ ਦੱਸਣੀ ਚਾਹੁੰਦਾ ਹਾਂ । ਉਹ ਇਹ ਹੈ ਕਿ ਅਸੀਂ ਪੈਪਸੂ

[ਸਰਦਾਰ ਹਰਚਰਨ ਸਿੰਘ]

ਖਤਮ ਹੋਣ ਕੁਛ ਦਿਨ ਪਹਿਲਾਂ ਇਕ ਕਾਨੂੰਨ ਬਣਾਇਆ ਸੀ ਅਤੇ ਉਸ ਨਾਲ ਅਸੀਂ ਕੁਝ ਇਕ ਕਦਮ ਅੱਗੇ ਗਏ ਸੀ । ਮੈਂ ਇਹ ਨਹੀਂ ਕੈਹਿਦਾ ਕਿ ਉਹ ਮੁਕੰਮਲ ਸੀ ਲੇਕਿਨ ਉਸ ਵਿਚ ਅਸੀਂ ਇਕ idea ਦਿਤਾ ਹੈ ਕਿ ਇਹ ਜੋ ਸਾਡੇ ਸਾਹਮਣੇ ਨਿਸ਼ਾਨਾ ਹੈ Socialistic pattern ਦਾ ਅਸੀਂ ਉਸ ਤਕ ਅਪੜਨਾ ਹੈ । ਅਸੀਂ ਕਿਹਾ ਸੀ ਕਿ ਇਸ ਰਾਹੀਂ ਅਸੀਂ 80 ਫੀ ਸਦੀ ਪਿੰਡਾ ਦੇ ਲੋਕਾਂ ਦੇ ਮਸਲੇ ਹਲ ਕਰਨ ਚਲੇ ਹਾਂ । ਇਕ ਆਦਮੀ ਕੋਲ 30 Standard ਏਕੜ ਤੋਂ ਵਧ ਜ਼ਮੀਨ ਨਹੀਂ ਹੋਵੇਗੀ ਅਤੇ ਦੂਜੇ ਪਾਸੇ ਕੋਸ਼ਿਸ਼ ਇਹ ਹੈ ਕਿ ਇਕ ਆਦਮੀ ਕੋਲ ਘਟੋ ਘਟ 5 ਏਕੜ ਜ਼ਮੀਨ ਜ਼ਰੂਰ ਹੋਣੀ ਚਾਹੀਦੀ ਹੈ । ਇਸ ਹਿਸਾਬ ਨਾਲ ਇਕ ਸੋਸਾਇਟੀ ਬਨਣ ਵਾਲੀ ਹੈ ਜਿਥੇ ਕਿ ਪਿੰਡਾਂ ਵਿਚ ਵਸਣ ਵਾਲਿਆਂ ਦੀ ਆਮਦਨੀ ਜੋ ਹੋਵੇਗੀ ਉਹ 1:5 ਜਾਂ 1:6 ਦੀ ਨਿਸਬਤ ਨਾਲ ਹੋਵੇਗੀ । ਇਹ ਨਹੀਂ ਕਿ ਇਕ ਪਿੰਡ ਦਾ ਵਸਣ ਵਾਲਾ 50 ਹਜ਼ਾਰ ਰੁਪਿਆ ਕਮਾਉਂਦਾ ਹੈ ਅਤੇ ਉਸੀ ਪਿੰਡ ਦੇ ਦੂਜੇ ਵਸਣ ਵਾਲੇ ਕੋਲ 500 ਰੁਪਿਆ ਵੀ ਨਹੀਂ ਹੁੰਦਾ ਹੈ । ਇਸ ਚੀਜ਼ ਨੂੰ ਕਰਨ ਲਈ ਸਾਨੂੰ ਲੋਕਾਂ ਦੇ ਦਿਲਾਂ ਵਿਚ ਪਰੀਵਰਤਨ ਲਿਆਉਣ ਦੀ ਲੋੜ ਹੈ । ਉਨ੍ਹਾਂ ਦੇ ਖਿਆਲਾਤ ਨੂੰ ਬਦਲਣ ਦੀ ਲੋੜ ਹੈ । ਜਿਨਾਂ ਚਿਰ ਅਸੀਂ ਲੋਕਾਂ ਨੂੰ ਇਹ ਮਹਿਸੂਸ ਨਹੀਂ ਕਰਾ ਦਿੰਦੇ ਕਿ ਕਿਹੜੀ ਚੀਜ਼ ਸੋਸਾਇਟੀ ਦੀ ਭਲਾਈ ਲਈ ਹੈ ਅਤੇ ਲੋਕਾਂ ਲਈ ਚੰਗੀ ਹੈ ਉਨਾਂ ਚਿਰ ਭਾਵੇਂ ਅਸੀਂ ਕਿਨੇਂ ਵੀ ਕਨੂੰਨ ਬਣਾਈਏ ਅਸੀਂ ਕੋਈ ਪਰੀਵਰਤਨ ਨਹੀਂ ਲਿਆ ਸਕਦੇ । ਕਾਨੂੰਨਾਂ ਦੇ ਨਾਲ ਨਾਲ ਖਿਆਲਾਤ ਦੀ ਤਬਦੀਲੀ ਲਿਆਉਣੀ ਵੀ ਜ਼ਰੂਰੀ ਹੈ । ਫਿਰ ਜੋ ਕਾਨੂੰਨ ਬਣਾਏ ਜਾਣ ਉਨ੍ਹਾਂ ਨੂੰ implement ਕਰਨਾ ਵੀ ਜ਼ਰੂਰੀ ਹੈ । ਮੈਂ Punjab Security of Land Tenures Act ਦੇ ਬਾਰੇ ਤੁਹਾਨੂੰ ਇਕ ਮਿਸਾਲ ਦੇਣੀ ਚਾਹੁੰਦਾ ਹਾਂ । ਉਹ ਇਹ ਹੈ ਕਿ ਸਾਡੀ ਬਿਲਾਸਪੁਰ ਦੇ ਲੋਕਾਂ ਨੂੰ ਜਿਹੜੇ ਭਾਖੜਾ ਡੈਮ ਨਾਲ ਉਜੜੇ ਹਨ commitment ਹੈ ਕਿ ਅਸੀਂ ਉਨ੍ਹਾਂ ਨੂੰ ਵਸਾਉਣਾ ਹੈ ਅਤੇ ਜ਼ਮੀਨ ਦੇਣੀ ਹੈ । ਮੇਰਾ ਖਿਆਲ ਹੈ ਕਿ ਇਹ ਸੋਚਿਆ ਗਿਆ ਸੀ ਕਿ ਉਨ੍ਹਾਂ ਨੂੰ ਜ਼ਿਲਾ ਹਿਸਾਰ ਵਿਚ ਵਸਾਉਣਾ ਹੈ । ਇਸ Act ਦੀ ਰਾਹੀਂ ਉਥੇ ਇਸ ਕੰਮ ਲਈ ਜ਼ਮੀਨ ਲਈ ਵੀ ਜਾ ਸਕਦੀ ਸੀ ਪਰ ਅਜ ਤਕ ਅਸੀਂ ਕੋਈ ਆਦਮੀ ਵੀ ਨਹੀਂ ਵਸਾ ਸਕੇ ਹਾਂ । ਪਿਛਲੇ ਦਿਨੀਂ 100 ਜਾਂ 200 ਆਦਮੀ ਤਹਿਸੀਲ ਸਰਸੇ ਤੋਂ ਆਏ ਸਨ । ਉਥੇ, ਸਪੀਕਰ ਸਾਹਿਬ, ਇਕ ਚੀਜ਼ ਚਲਦੀ ਹੈ । ਇਕ ਪਟਵਾਰੀ ਜੋ ਉਥੇ ਭਾਖੜਾ ਡੈਮ ਦੇ ਸਿਲਸਿਲੇ ਵਿਚ ਲਗਾ ਹੋਇਆ ਹੈ ਉਹ ਲੋਕਾਂ ਕੋਲ ਜਾਂਦਾ ਹੈ ਅਤੇ ਪੁਛਦਾ ਹੈ ਕਿ ਦਸੋ ਕਿਸ ਕਿਸ ਕੋਲ 30 ਏਕੜ ਤੋਂ ਵਧ ਜ਼ਮੀਨ ਹੈ, ਇਸ ਪਿੰਡ ਵਿਚ । ਫਿਰ ਉਨ੍ਹਾਂ ਦੇ ਨਾਂ ਲਿਖ ਲਏ ਜਾਂਦੇ ਹਨ ਜਿਨ੍ਹਾਂ ਕੋਲ 30 ਏਕੜ ਤੋਂ ਵਧ ਜ਼ਮੀਨ ਹੁੰਦੀ ਹੈ । ਉਨ੍ਹਾਂ ਨੇ ਦਸਿਆ ਹੈ ਕਿ ਫਿਰ ਕੋਈ ਉਨ੍ਹਾਂ ਵਿਚ ਗੱਲ ਬਾਤ ਹੋ ਜਾਂਦੀ ਹੈ ਅਤੇ ਉਨ੍ਹਾਂ ਦੇ ਨਾਂ ਕੱਟ ਦਿਤੇ ਜਾਂਦੇ ਹਨ । ਮੈਂ ਸਮਝਦਾ ਹਾਂ ਕਿ ਬਿਲਾਸਪੁਰ ਦੇ ਲੋਕ ਜਿਹੜੇ ਕਿ ਭਾਖੜਾ ਡੈਮ ਕਾਰਨ ਉਜੜੇ ਹਨ ਜੇਕਰ ਅਜ ਤਕ ਅਸੀਂ ਉਨ੍ਹਾਂ ਨੂੰ ਹੀ ਨਹੀਂ ਵਸਾ ਸਕੇ ਹਾਂ ਤਾਂ ਫਿਰ ਅਸੀਂ ਹੋਰ ਕੀ ਕੁਝ ਕਰ ਸਕਦੇ ਹਾਂ ।

ਅਗਰ ਇਹ ਜ਼ਮੀਨ ਉਨ੍ਹਾਂ ਨੂੰ ਹਿਸਾਰ ਵਿਚ ਹੀ ਦੇਣੀ ਸੀ ਤਾਂ ਉਥੇ ਲੋਕਾਂ ਤੋਂ ਲੈਂਦੇ ਜਿਸ ਦੇ ਕੋਲ ਦਸ ਦਸ ਹਜ਼ਾਰ ਏਕੜ ਜਾਂ ਪੰਜ ਪੰਜ ਹਜ਼ਾਰ ਏਕੜ ਜ਼ਮੀਨ ਸੀ । 10 ਦਿਨ ਦੇ ਵਿਚ ਇਹ ਫੈਸਲਾ ਹੋ ਸਕਦਾ ਹੈ । ਪ੍ਰਧਾਨ ਜੀ, ਮੈਂ ਅਰਜ਼ ਕਰਦਾ ਹਾਂ ਕਿ ਸਾਨੂੰ

ਇਨ੍ਹਾਂ ਗਲਾਂ ਤੇ ਸੋਚਣਾ ਪਏਗਾ ਔਰ ਸਾਨੂੰ ਅਮਲ ਕਰਨਾ ਪਏਗਾ । ਇੰਜ ਕੀਤੇ ਬਿਨਾਂ ਇਹ ਚੀਜ਼ ਨਹੀਂ ਹੋ ਸਕਦੀ । ਏਸ ਵਾਸਤੇ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਐਕਟ ਹੈ ਅੱਜ ਇਹ ਪਾਸ ਕਰ ਦਿਓ, ਲੇਕਿਨ ਮੈਂ ਇਹ ਚਾਹੁੰਦਾ ਹਾਂ ਕਿ ਅੱਜ ਇਕ ਹੋਰ ਗੱਲ ਹੋਈ ਹੈ । ਐਸ ਵੇਲੇ ਸਾਡੇ ਹਾਊਸ ਕੋਲ ਮਹਿਜ਼ ਇਕ ਘੰਟਾ ਅਤੇ 15 ਮਿੰਟ ਹੋਰ ਹਨ । ਇਹ ਟਾਈਮ ਥੋੜ੍ਹਾ ਹੈ । ਇਕ ਸਾਥੀ ਨੇ ਪੇਸ਼ ਕੀਤਾ ਸੀ ਕਿ ਅੱਜ ਹਾਊਸ ਸਾਈਨ ਡਾਈ ਅਡਜਰਨ ਨਹੀਂ ਹੋਣਾ ਚਾਹੀਦਾ । ਮੈਂ ਸਮਝਦਾ ਹਾਂ ਕਿ ਐਗਰੇਰੀਅਨ ਰਿਫਾਰਮਜ਼ (agrarian reforms) ਦੇ ਉਤੇ ਹਰ ਪਾਰਟੀ ਦੇ ਹਰ ਮੈਂਬਰ ਦੇ ਵਿਚਾਰ ਹੋਣੇ ਚਾਹੀਦੇ ਨੇ..........

Mr. Deputy Speaker : The scope of the Bill is some what limited.

ਸਰਦਾਰ ਹਰਚਰਨ ਸਿੰਘ : ਏਸ ਵਾਸਤੇ ਮੈਂ ਅਰਜ਼ ਕਰ ਰਿਹਾ ਸੀ ਕਿ ਜਿਹੜਾ ਟਾਈਮ ਲੱਗਣਾ ਚਾਹੀਦਾ ਸੀ ਉਹ ਨਹੀਂ ਲੱਗ ਰਿਹਾ । ਮੈਂ ਅਰਜ਼ ਕਰਦਾ ਹਾਂ ਕਿ ਸਾਨੂੰ ਬੜੀ ਪੂਰੀ ਤਰ੍ਹਾਂ ਸੋਚ ਵਿਚਾਰ ਕਰਕੇ ਇਸ ਬਿਲ ਨੂੰ ਪਾਸ ਕਰਨਾ ਚਾਹੀਦਾ ਹੈ ਔਰ ਅੱਜ ਸਾਡੇ ਸਾਹਮਣੇ ਜੋ ਨਕਸ਼ਾ ਬਣਿਆ ਹੈ ਉਸ ਨੂੰ ਤੋੜਨ ਦੇ ਵਾਸਤੇ ਸਾਨੂੰ ਜਲਦੀ ਤੋਂ ਜਲਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । Thank you very much.

श्री राम चन्द्र कामरेड (नूरपुर) : 'की उसने मेरे कत्ल के बाद जफा से तोबा,
हाए जूद उस पशेमां का पशेमां होना ।'

डिप्टी स्पीकर साहिब, अभी सरदार अच्छर सिंह जी ने अपने ज़िक्र में बताया कि यह कानून जो हम ने मुज़ारों की हिफाज़त के लिये बनाया वह 1953 में बनाया। लेकिन आज 4 साल हो गए हैं हम उस को किसी जगह पर लागू नहीं कर सके। surplus रकबा का इंदराज कराने के लिये पहले कानून में 2 महीने की मुहलत दी गई। उस के बाद फिर 6 महीने की मुहलत और दी गई। उस अर्सा से जो मुज़ारे बसाने थे धक्के खाते फिरते हैं। आज हमारी Government यह कानून लाई है। 'देर आयद दरस्त आयद' अच्छी बात है, आप ऐसा कर लें। लेकिन मैं कहता हूं कि जो असली मसला है वह इस तरह हल नहीं होता। इस social order को कायम करने के लिये, कांग्रेस ने जो हुकम दिया है उस को अमली जामा पहनाने के लिये लाजमी है कि Tenancy Act को नई शकल में लाएं। इस लिहाज से मैं दोनों बातों के हक में हूं। अगर ज्ञानी जी मान जाएं तो जैसा कि सरदार अच्छर सिंह छीना ने कहा है इस Bill को Select Committee के हवाले कर दें ताकि इस को जामे और मुकम्मल कर दें। अगर ज्ञानी जी ऐसा पसंद न फरमाएं, आखिर यह चीज ठीक तो करनी है इस के लिये आज हमें यह फैसला करना चाहिये, Government को फैसला करना चाहिये। मैं आप को तवज्जह दिलाना चाहता हूं। कल Congress Party के बहुत से M.L.As जो land reforms में interested हैं, इकट्ठे हुए। उन्होंने फैसला किया कि हम सरकार से दरखास्त करेंगे कि जो छोटी 2 tinkering होता है इस से हम किसी फैसला पर नहीं पहुंचते, उस की जगह हम एक अच्छा Act लाएं जिस से मुज़ारों का मसला हल हो जाए। मुज़ारों का आज मसला यह है कि असल जमीन वालों में landlord और मुज़ारों का तुआवन नहीं, उन में इत्तफाक हो तब जो land के apportions हो वह

[श्री राम चन्द कामरेड]

उस के मालक हों। हम ने इस पर चार पांच साल लगा दिये। हम यह इस लिये कर रहे थे कि हम किसी फैसला पर पहुंचे। अब एक ऐसी हालत है कि छोटी २ tinkering, छोटी २ चीजें हमें मदद नहीं देती हैं। इस तरह से यहां पर इस का हल नहीं होगा। हम Bill जल्दी २ में पास कर देते हैं। उस को मुकम्मल और जामे नहीं बनाते हैं। हम किसी चीज़ को मुकम्मल नहीं बनाते, उस की छः छः दफा तरमीम करते हैं। तो मैं Revenue Minister साहिब से दरखास्त करूंगा कि अगर वह इस चीज़ को पसंद फरमाएं तो यह Bill Select Committee के हवाले कर दिया जाए। वह Select Committee किन्हीं मैंम्बरों पर मुश्तमिल हो, जैसा कि विनोबा भावे जी के programme में Congress वालों ने भी हिस्सा लिया और Socialists ने भी हिस्सा लिया। मुजारों का सवाल एक party का सवाल नहीं। इस में तमाम पार्टियों का co-operation ले कर Select Committee बनाई जाए जिस में तमाम पार्टियों के नुमाइंदे हों। वह committee एक ऐसा Bill पेश करे जो December में पास किया जाए—उम्मीद है December में Session होगा। ज्ञानी जी ने जो तरमीमी Bill पेश किया है यह मुज़ारों के मसले को हल नहीं करता। इस लिये ज्ञानी जी इस मसले में हमारी रहनुमाई करें कि वह किस तरीके को पसन्द करते हैं। क्या वह यह पसन्द करते हैं कि इस Bill को ऐसे ही पास कर दिया जाए? या क्या वह यह पसन्द करते हैं कि इस को Select Committee के सुपुर्द किया जाए और एक जामे और मुकम्मल Bill आप के सामने आ जाए और यह रोज़ रोज़ का झगड़ा खत्म हो जाए?

Sardar Ajmer Singh : Sir, is it not the convention of the House that members occupying the front Benches should be given the first opportunity to speak?

Mr. Deputy Speaker : Order, please. There is no such convention.

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ, ਜਨਰਲ) : ਡਿਪਟੀ ਸਪੀਕਰ ਸਾਹਿਬ, ਅੱਜ ਮੈਂ ਇਸ ਬਿਲ ਤੇ ਬੋਲਣ ਲੱਗਿਆ ਹਾਂ, ਜਿਹੜਾ ਕਾਨੂੰਨ ਅੱਜ ਤੋਂ 4 ਸਾਲ ਪਹਿਲਾਂ ਪਾਸ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਹਾਊਸ ਦੇ ਵਿਚ ਪਾਸ ਕੀਤੇ ਹੋਏ ਕਾਨੂੰਨਾਂ ਨਾਲ ਸਰਕਾਰ ਕੀ ਸਲੂਕ ਕਰਦੀ ਹੈ। ਇਸ ਹਾਊਸ ਦੇ ਵਿਚ ਜਿਹੜੇ ਕਾਨੂੰਨ ਪਾਸ ਕੀਤੇ ਜਾਂਦੇ ਨੇ ਉਨ੍ਹਾਂ ਦੇ ਨਾਲ ਸਰਕਾਰ ਕੀ ਸਲੂਕ ਕਰਦੀ ਹੈ। ਇਹ ਬਾਹਰ ਲੋਕਾਂ ਨੂੰ ਦਸਦੇ ਨੇ ਕਿ ਕਾਂਗਰਸ ਪਾਰਟੀ ਨੇ ਕਿਸਾਨਾਂ ਦੀ ਬਿਹਤਰੀ ਲਈ ਇਹ ਕਾਨੂੰਨ ਬਣਾਉਣਾ ਹੈ। ਲੇਕਿਨ ਕਾਨੂੰਨ ਬਨਣ ਤੋਂ ਬਾਅਦ ਉਸ ਕਾਨੂੰਨ ਨੂੰ ਇਸ ਤਰੀਕੇ ਨਾਲ ਅਮਲ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਸ ਦਾ ਅਸਲ ਮਕਸਦ ਫੌਤ ਹੋ ਜਾਂਦਾ ਹੈ। ੧੯੫੩ ਵਿਚ ਜਿਹੜਾ ਕਾਨੂੰਨ ਬਣਾਇਆ ਗਿਆ ਉਸ ਕਾਨੂੰਨ ਨੂੰ ਅੱਜ ਤੱਕ ਅਮਲ ਵਿਚ ਕਿਉਂ ਨਹੀਂ ਲਿਆਂਦਾ ਗਿਆ? ਇਸ ਲਈ ਕਿ ਜਿਤਨੇ ਜਾਗੀਰਦਾਰ ਨੇ ਉਹ ਮੁਜ਼ਾਰਿਆਂ ਨੂੰ ਜ਼ਬਰਦਸਤੀ ਉਨ੍ਹਾਂ ਜ਼ਮੀਨਾਂ ਵਿਚੋਂ ਕੱਢ ਸਕਣ, ਜਿਵੇਂ ਕਿ ਅੱਜ ਤਕ ਹੋ ਰਿਹਾ ਹੈ। ਸਰਸੇ ਵਿਚ

ਮੂਵਮੈਂਟ ਚਲ ਰਹੀ ਹੈ, ਜਿਥੇ ਕਿ ਜਾਗੀਰਦਾਰਾਂ ਔਰ ਮੁਜ਼ਾਰਿਆਂ ਦੀ ਜ਼ਮੀਨ ਹੈ, ਜਿਨ੍ਹਾਂ ਦਾ ਕੁਛ ਝਗੜਾ ਪਿਆ ਹੋਇਆ ਹੈ । ਉਹ ਜ਼ਮੀਨ ਇਕ ਦੂਜੇ ਸਾਬਕਾ ਵਜ਼ੀਰ ਸਾਹਿਬ ਨੇ ਲੈ ਲਈ । . . . .

Minister for Revenue : On a point of order, Sir. This is a matter which is pending before the High Court. It is *subjudice*.

ਚੌਧਰੀ ਬਲਬੀਰ ਸਿੰਘ : ਏਸ ਤਰ੍ਹਾਂ ਦੀ ਇਕ ਚੀਜ਼ ਨਹੀਂ ਹੈ। ਦੂਸਰੀ ਜਗਾ ਪੈਪਸੂ ਦੇ ਇਲਾਕੇ ਵਿਚ ਇਸ ਕਿਸਮ ਦੇ ਕੇਸਿਜ਼ ਹਨ ਜਿਥੇ ਕਿ ਮਾਰ ਕੁਟਾਈ ਹੋਈ, ਕਿਸਾਨਾਂ ਨੂੰ ਮਾਰਿਆ ਗਿਆ, ਗੋਲੀਆਂ ਚਲੀਆਂ ਔਰ ਉਨ੍ਹਾਂ ਤੋਂ ਜ਼ਬਰਦਸਤੀ ਜ਼ਮੀਨਾਂ ਖਾਲੀ ਕਰਵਾਈਆਂ ਗਈਆਂ । 4 ਸਾਲ ਵਿਚ ਏਸ ਕਾਨੂੰਨ ਤੇ ਅਮਲ ਨਹੀਂ ਹੋ ਸਕਿਆ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਕਾਨੂੰਨ ਤੇ ਅਮਲ ਕਿਉਂ ਨਹੀਂ ਹੋ ਸਕਿਆ । ਉਹ ਇਹ ਕਹਿ ਦਿੰਦੇ ਨੇ ਕਿ ਉਸ ਵੇਲੇ ਇਸ ਵਿਚ ਕੋਈ ਸਜ਼ਾ ਮੁਕਰਰ ਨਹੀਂ ਸੀ ਕੀਤੀ । ਤਾਂ ਕੀ ਪਿਛੋਂ ਸਜ਼ਾ ਮੁਕਰਰ ਨਹੀਂ ਸੀ ਕੀਤੀ ਜਾ ਸਕਦੀ ? ਆਬਜੈਕਟਸ ਐਂਡ ਰੀਜ਼ਨਜ਼ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਪਹਿਲਾਂ ਦੋ ਮਹੀਨੇ ਦੀ ਮਿਆਦ ਸੀ । ਫੇਰ 6 ਮਹੀਨੇ ਦੀ ਮਿਆਦ ਹੋਰ ਦਿਤੀ ਗਈ । ਇਹ 8 ਮਹੀਨੇ ਦਾ ਅਰਸਾ ਬਣਦਾ ਹੈ । ਪਰ ਇਸ ਤੇ ਅਮਲ ਕਰਨ ਲਈ 1953 ਤੋਂ ਇਹ ਅੱਜ 1956 ਕਿਵੇਂ ਬਣ ਗਿਆ ? ਕੀ ਇਹ ਵੀ ਦਸਿਆ ਜਾਏਗਾ ? ਮੈਂ ਫੇਰ ਕਹਿੰਦਾ ਹਾਂ ਕਿ ਪਹਿਲਾਂ ਦੋ ਮਹੀਨੇ ਦੀ ਮਿਆਦ ਦਿਤੀ ਗਈ, ਫੇਰ 6 ਮਹੀਨੇ ਦੀ ਮਿਆਦ ਹੋਰ ਦਿਤੀ ਗਈ । ਇਹ ਸਾਰੀ ਐਕਸਟੈਨਸ਼ਨ ਨਾਲ 1953 ਤੋਂ ਇਹ ਕਾਨੂੰਨ 1956 ਵਿਚ ਕਿਵੇਂ ਆ ਗਿਆ ? ਹੁਣ 6 ਮਹੀਨੇ ਦੀ ਐਕਸਟੈਨਸ਼ਨ ਹੋਰ ਦਿਤੀ ਜਾ ਰਹੀ ਹੈ । ਸਰਕਾਰ ਅੱਜ ਏਸ ਕਾਨੂੰਨ ਨੂੰ ਏਸ ਤਰੀਕੇ ਨਾਲ ਇਸਤੇਮਾਲ ਕਰਨਾ ਚਾਹੁੰਦੀ ਹੈ । ਇਹ 6 ਮਹੀਨੇ ਦੀ ਐਕਸਟੈਨਸ਼ਨ ਡੇਢ ਸਾਲ ਦੀ ਐਕਸਟੈਨਸ਼ਨ ਆਪੇ ਹੀ ਬਣ ਜਾਂਦੀ ਹੈ ।

ਡਿਪਟੀ ਸਪੀਕਰ ਸਾਹਿਬ, ਅਜ ਜਿਸ ਤਰੀਕੇ ਨਾਲ ਇਨ੍ਹਾਂ ਕਾਨੂੰਨਾਂ ਉਪਰ ਅਮਲ ਹੋ ਰਿਹਾ ਹੈ ਇਹ ਇਸ ਹਾਊਸ ਵਾਸਤੇ ਬੜੀ ਹਤਕ ਵਾਲੀ ਗਲ ਹੈ ਕਿਉਂਕਿ ਹਾਊਸ ਵਿਚ ਕਾਨੂੰਨ ਬਣਦੇ ਹਨ ਪਰ ਉਨ੍ਹਾਂ ਤੇ ਅਮਲ ਨਹੀਂ ਠੀਕ ਤਰ੍ਹਾਂ ਕੀਤਾ ਜਾਂਦਾ । ਹਾਊਸ ਦੇ ਮੈਂਬਰਾਂ ਨੂੰ ਇਹ ਹਕ ਹਾਸਲ ਹੈ ਕਿ ਉਹ ਸਰਕਾਰ ਕੋਲੋਂ ਪੁਛਣ ਕਿ ਬਣੇ ਹੋਏ ਕਾਨੂੰਨਾਂ ਉਪਰ ਕਿਉਂ ਅਮਲ ਨਹੀਂ ਕੀਤਾ ਜਾਂਦਾ ? ਜੇਕਰ ਉਨ੍ਹਾਂ ਕਾਨੂੰਨਾਂ ਵਿਚ ਕੁਝ ਖਾਮੀਆਂ ਸਨ, ਤਾਂ ਉਨ੍ਹਾਂ ਨੂੰ ਪਹਿਲਾਂ ਕਿਉਂ ਨਹੀਂ ਦੂਰ ਕਰ ਲਿਆ ਗਿਆ । ਡਿਪਟੀ ਸਪੀਕਰ ਸਾਹਿਬ, ਇਸ ਕਾਨੂੰਨ ਨੂੰ ਪਾਸ ਹੋਇਆਂ ਚਾਰ ਸਾਲ ਹੋ ਗਏ ਹਨ, ਪਰ ਇਸ ਦੇ ਪਾਸ ਹੋਣ ਪਿਛੋਂ ਵੀ ਹਜ਼ਾਰਾਂ ਮੁਜ਼ਾਰੇ ਬੇਦਖਲ ਕੀਤੇ ਗਏ ਹਨ । ਇਸ ਕਾਨੂੰਨ ਦੇ ਪਾਸ ਹੋਣ ਦਾ ਕੋਈ ਫਾਇਦਾ ਨਹੀਂ ਹੋਇਆ । ਲੋਕਾਂ ਨੇ ਆਪਣੀ ਜ਼ਮੀਨ ਫਰਜ਼ੀ ਭਾਈਆਂ ਦੇ ਨਾਂ, ਲੜਕਿਆਂ ਦੇ ਨਾਂ ਅਤੇ ਚਾਚਿਆਂ ਤਾਇਆਂ ਦੇ ਨਾਂ ਕਰਵਾ ਦਿਤੀ ਹੈ ਅਤੇ ਇਸ ਤਰ੍ਹਾਂ ਬਹੁਤ ਥੋੜੀ ਤੋਂ ਥੋੜੀ ਜ਼ਮੀਨ ਇਕ ਆਦਮੀ ਦੇ ਨਾਂ ਰਹਿ ਗਈ ਹੈ । ਮੈਨੂੰ ਤਾਂ ਇਹ ਸ਼ਕ ਪੈਂਦਾ ਹੈ ਕਿ ਪਹਿਲਾਂ ਤਾਂ ਚਿਟੀਆਂ ਅਤੇ ਨੀਲੀਆਂ ਪਗੜੀਆਂ ਵਾਲੇ ਹੀ ਮਿਲੇ ਹੋਏ ਸਨ ਪਰ ਹੁਣ ਉਨ੍ਹਾਂ ਨਾਲ ਲਾਲ ਪਗੜੀਆਂ ਵਾਲੇ ਵੀ ਰਲ ਗਏ ਹਨ ਅਤੇ ਰਲ ਕੇ ਇਹ ਸਭ ਕੁਝ ਕਰ ਰਹੇ ਹਨ । ਅਸੀਂ ਪਿਛਲੇ ਚਾਰ ਪੰਜ ਮਹੀਨੇ ਤੋਂ ਵੇਖ ਰਹੇ ਹਾਂ ਕਿ ਸਰਕਾਰ ਇਕ ਪਾਰਟੀ ਨੂੰ ਤਾਂ ਜਲਸਾ ਕਰਨ ਦੀ ਇਜਾਜ਼ਤ ਦੇ ਦਿੰਦੀ ਹੈ ਪਰ ਦੂਸਰੀ ਪਾਰਟੀ ਨੂੰ ਨਹੀਂ ਦਿੰਦੀ । ਹੁਣ ਵੀ

[ਚੌਧਰੀ ਬਲਬੀਰ ਸਿੰਘ]

ਇਹ ਚਾਹੁੰਦੇ ਹਨ ਕਿ ਇਸ ਬਿਲ ਦੇ ਪਾਸ ਹੋਣ ਵਿਚ ਦੇਰ ਲਗ ਜਾਵੇ ਅਤੇ ਉਸ ਵਕਤ ਤਕ ਰਹਿੰਦੇ ਖੂੰਹਦੇ ਮੁਜ਼ਾਰੇ ਵੀ ਬੇਦਖਲ ਕਰ ਦਿਤੇ ਜਾਣ । ਮੈਂ ਅਰਜ਼ ਕਰਦਾ ਹਾਂ ਕਿ ਇਹ ਬੜਾ ਅਹਿਮ ਬਿਲ ਹੈ (*interruptions*) । ਅਜ ਜਿਹੜੀਆਂ ਸਪੀਚਾਂ ਇਸ ਹਾਊਸ ਵਿਚ ਕੀਤੀਆਂ ਜਾ ਰਹੀਆਂ ਹਨ ਉਹ ਕਿਸਾਨਾਂ ਦੇ ਮੁਫਾਦ ਲਈ ਨਹੀਂ ਕੀਤੀਆਂ ਜਾ ਰਹੀਆਂ । ਉਨ੍ਹਾਂ ਦਾ ਮਤਲਬ ਇਸ ਬਿਲ ਤੋਂ ਹੋਰ ਕੁਝ ਫਾਇਦਾ ਉਠਾਉਣ ਦਾ ਹੈ । ਹਾਊਸ ਦੇ ਬਣਾਏ ਹੋਏ ਕਨੂੰਨਾਂ ਉਪਰ ਅਮਲ ਨਹੀਂ ਕੀਤਾ ਜਾ ਰਿਹਾ ਅਤੇ ਇਸ ਤਰ੍ਹਾਂ ਹਾਊਸ ਦੀ ਬੜੀ ਹੱਤਕ ਕੀਤੀ ਜਾਂਦੀ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੁਜ਼ਾਰਿਆਂ ਦੇ ਲਈ ਕੋਈ concrete ਬਿਲ ਲਿਆ ਕੇ ਉਸ ਨੂੰ ਜਲਦੀ ਤੋਂ ਜਲਦੀ ਪਾਸ ਕਰੋ ਤਾਂ ਜੋ ਜਿਹੜੇ ਮੁਜ਼ਾਰੇ ਜ਼ਮੀਨਾਂ ਉਪਰ ਬੈਠੇ ਹੋਏ ਹਨ ਉਨ੍ਹਾਂ ਨੂੰ ਬੇਦਖਲ ਨਾ ਕੀਤਾ ਜਾ ਸਕੇ । ਇਸ ਮੌਜੂਦਾ ਕਾਨੂੰਨ ਨੂੰ ineffective ਕਰ ਦੇਣਾ ਚਾਹੀਦਾ ਹੈ ।

ਸਰਦਾਰ ਅਜਮੇਰ ਸਿੰਘ (ਸਮਰਾਲਾ, ਜਨਰਲ) : ਡਿਪਟੀ ਸਪੀਕਰ ਸਾਹਿਬ, ਆਪ ਦੀ ਬੜੀ ਮਿਹਰਬਾਨੀ ਹੈ ਤੁਸਾਂ ਮੈਨੂੰ ਟਾਈਮ ਦਿਤਾ ਹੈ । ਜਿਥੋਂ ਤਕ ਇਸ ਬਿਲ ਦਾ ਤਾਅੱਲੁਕ ਹੈ, ਮੈਂ ਹਾਊਸ ਵਿਚ ਆਪਣੇ ਖਿਆਲਾਤ ਜ਼ਾਹਰ ਕਰਨਾ ਚਾਹੁੰਦਾ ਹਾਂ । ਇਸ ਵਿਚ ਦੋ ਤਿੰਨ ਗਲਾਂ ਹਨ । ਇਕ ਤਾਂ principle involved ਹੈ ਇਸ ਬਿਲ ਵਿਚ ਜਿਸ ਦੇ ਬਾਰੇ ਵਿਚਾਰ ਕਰਨਾ ਹੈ । ਦੂਸਰੇ ਇਸ ਦਾ ਐਨਾ ਸਕੋਪ ਹੈ ਕਿ ਜਿਨ੍ਹਾਂ ਲੋਕਾਂ ਦੇ ਪਾਸ ਜ਼ਮੀਨਾਂ ਹਨ ਉਹ ਲਿਖ ਕੇ ਬਿਆਨ ਦੇਣ, declaration ਦੇਣ, affidavit ਦੇਣ— ਸਰਕਾਰ ਇਹ ਚਾਹੁੰਦੀ ਹੈ । ਜੇਕਰ ਉਹ ਲੋਕ ਗ਼ਲਤ affidavit ਦਿੰਦੇ ਹਨ ਤਾਂ ਉਨ੍ਹਾਂ ਦੀ prosecution ਹੋ ਸਕਦੀ ਹੈ ਅਤੇ ਜੇਕਰ ਨਹੀਂ ਦਿੰਦੇ ਤਾਂ ਉਨ੍ਹਾਂ ਦੀ reserved land ਵਿਚੋਂ ਦੋ ਹਿੱਸੇ ਜੁਰਮਾਨੇ ਦੇ ਤੌਰ ਤੇ ਸਰਕਾਰ ਖੋਹ ਸਕਦੀ ਹੈ । ਐਨਾ scope ਹੈ ਇਸ ਬਿਲ ਦਾ । ਜਿਥੋਂ ਤਕ principle ਦਾ ਤਾਅੱਲੁਕ ਹੈ, ਡਿਪਟੀ ਸਪੀਕਰ ਸਾਹਿਬ, ਮੈਂ ਬਿਲਕੁਲ ਮੁਤਫਿੱਕ ਹਾਂ । ਅਤੇ ਇਤਫਾਕ ਜੋ ਅਸੀਂ ਕਰਦੇ ਹਾਂ ਕਾਂਗ੍ਰਸ ਪਾਰਟੀ ਵਿਚ ਹੁੰਦੀਆਂ ਹੋਇਆਂ, ਇਸ ਕਰਕੇ ਕਰਦੇ ਹਾਂ ਕਿ ਜਿਹੜਾ ਵਿਅਕਤੀ ਕਾਂਗ੍ਰਸ ਵਿਚ ਹੈ ਉਹ Socialism ਦਾ ਅਸੂਲ ਮੰਨ ਚੁਕਾ ਹੈ । ਉਹ ਇਹ ਅਸੂਲ ਮੰਨ ਚੁਕਿਆ ਹੈ ਕਿ ਹਿੰਦੁਸਤਾਨ ਦੇ ਪਰਦੇਸ਼ਾਂ ਵਿਚ Socialistic ਸਰਕਾਰ ਕਾਇਮ ਹੋਵੇ ਅਤੇ Socialistic ਨਿਜ਼ਾਮ ਕਾਇਮ ਹੋਵੇ । ਇਸ ਦਾ ਮਤਲਬ ਇਹ ਹੈ ਕਿ ਵਡਿਆਂ ਅਤੇ ਛੋਟਿਆਂ ਵਿਚ ਤਮੀਜ਼ ਘਟ ਤੋਂ ਘਟ ਰਹਿ ਜਾਵੇ ਅਤੇ ਅਜਿਹਾ ਨਿਜ਼ਾਮ ਕਾਇਮ ਹੋ ਜਾਵੇ ਜਿਸ ਵਿਚ ਜਨਤਾ ਸੰਤੁਸ਼ਟ ਵਸੇ । ਇਹ ਨਾ ਹੋਵੇ ਕਿ ਇਕ ਪਾਸੇ ਤਾਂ ਵੱਡੇ ਵੱਡੇ ਧਨਾਢ ਹੋਣ, ਫੈਕਟਰੀਆਂ ਦੇ ਮਾਲਕ ਹੋਣ ਅਤੇ ਦੂਸਰੇ ਪਾਸੇ ਗ਼ਰੀਬ ਆਦਮੀ ਹੋਣ । ਇਸ ਅਸੂਲ ਨੂੰ ਮੱਦੇ ਨਜ਼ਰ ਰਖ ਕੇ ਇਹ legislation ਲਿਆਂਦਾ ਗਿਆ ਹੈ । ਸਾਡੀ ਸਰਕਾਰ ਨੇ ਚਾਰ ਪੰਜ ਸਾਲ ਤੋਂ ਇਸ ਅਸੂਲ ਨੂੰ ਮੁੱਖ ਰਖ ਕੇ ਬਿਲ ਲਿਆਂਦੇ ਹਨ ਅਤੇ ਇਹ ਬਿਲ ਵੀ ਇਸੇ ਅਸੂਲ ਨੂੰ ਮੁੱਖ ਰਖ ਕੇ ਲਿਆਂਦਾ ਗਿਆ ਹੈ ਕਿ ਜਿਸ ਆਦਮੀ ਦੇ ਪਾਸ 30 standard acres ਤੋਂ ਜ਼ਿਆਦਾ ਜ਼ਮੀਨ ਹੈ ਉਹ ਸਰਕਾਰ ਨੂੰ ਇਤਲਾਹ ਦੇਵੇ ਤਾਂ ਜੋ ਉਸ ਜ਼ਮੀਨ ਨੂੰ surplus area ਕਰਾਰ ਦੇ ਕੇ ਉਹਦੇ ਉਪਰ ਉਨ੍ਹਾਂ ਮੁਜ਼ਾਰਿਆਂ ਨੂੰ ਆਬਾਦ ਕੀਤਾ ਜਾਵੇ, ਜਿਨ੍ਹਾਂ ਨੂੰ ਕਿ ਬੇਦਖਲ ਕੀਤਾ ਜਾ ਚੁਕਾ ਹੈ ਅਤੇ ਜਿਨ੍ਹਾਂ ਦਾ ਪੇਸ਼ਾ ਜ਼ਿਮੀਂਦਾਰਾ ਪੇਸ਼ਾ ਹੈ । ਜਿਥੋਂ ਤਕ ਇਸ ਅਸੂਲ ਦਾ ਤਾਅੱਲੁਕ ਹੈ, ਨਿਹਾਇਤ ਅੱਛਾ ਹੈ, ਬਹੁਤ ਖ਼ੂਬਸੂਰਤ ਹੈ । ਪਰ ਜਿਥੋਂ ਤਕ ਇਸ

ਦੀ details ਦਾ ਤਾਅੱਲੁਕ ਹੈ ਉਥੇ ਕਈ ਕਾਬਲੇ ਏਤਰਾਜ਼ ਗੱਲਾਂ ਹਨ । ਉਹ ਇਹ ਹਨ ਕਿ ਜ਼ਮੀਨ ਦੇ ਮਾਲਕ ਅਨਪੜ੍ਹ ਲੋਕ ਹਨ ਅਤੇ ਖੇਤੀ ਕਰਦੇ ਹਨ । ਜੇਕਰ ਪਟਵਾਰੀ ਦੀ ਗ਼ਲਤੀ ਨਾਲ ਉਹ ਕੋਈ ਗਲਤ ਨੰਬਰ ਦੇ ਦਿੰਦਾ ਹੈ, ਗ਼ਲਤ detail ਦੇ ਦਿੰਦਾ ਹੈ ਤਾਂ ਉਸ ਦੀ prosecution ਹੋ ਸਕਦੀ ਹੈ । ਮੈਂ ਆਪਣੇ ਮਾਨਯੋਗ ਵਜ਼ੀਰ ਸਾਹਿਬ ਨੂੰ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਕਿਸੇ ਕਾਰਨ ਕਰਕੇ ਮਾਲਿਕੇ ਜ਼ਮੀਨ ਜੇਲ ਵਿਚ ਹੈ, ਕਿਸੇ foreign country ਵਿਚ ਗਿਆ ਹੋਇਆ ਹੈ, ਕਸ਼ਮੀਰ ਦੀ ਸਰਹੱਦ ਉਪਰ ਲੜਾਈ ਵਿਚ ਰੁੱਝਿਆ ਹੋਇਆ ਹੈ, ਨਾਬਾਲਗ ਹੈ, ਔਰਤ ਹੈ ਜਾਂ ਬੇਵਾ ਹੈ—ਮੇਰਾ ਮਤਲਬ ਹੈ ਕਿ ਜੇਕਰ ਉਹ ਕਿਸੇ ਕਾਰਨ ਕਰਕੇ ਠੀਕ ਇਤਲਾਹ ਨਹੀਂ ਦੇ ਸਕਦਾ ਤਾਂ ਇਸ ਵਾਸਤੇ ਜਿਹੜੀ ਸਜ਼ਾ ਤਜਵੀਜ਼ ਕੀਤੀ ਗਈ ਹੈ ਕਿ ਉਸ ਦੀ ਦੋ ਹਿੱਸੇ ਜ਼ਮੀਨ ਲੈ ਲਈ ਜਾਏ ਅਤੇ ਉਸ ਦੇ ਕੋਲ ਸਾਰੀ 10 ਏਕੜ ਜ਼ਮੀਨ ਰਹਿ ਜਾਵੇ, ਇਹ ਬਹੁਤ ਸਖਤ ਸਜ਼ਾ ਹੈ । ਬਾਪ ਨਾਲਾਇਕ ਹੈ, ਜਾਂ ਜੇਲ ਵਿਚ ਸਜ਼ਾ ਭੁਗਤ ਰਿਹਾ ਹੈ ਅਤੇ ਉਸ ਦੇ ਚਾਰ ਪੰਜ ਜਵਾਨ ਲੜਕੇ ਹਨ, ਖੁਦ ਖੇਤੀ ਕਰਦੇ ਹਨ ਤਾਂ ਕੀ ਕਾਰਨ ਹੈ ਕਿ ਉਨ੍ਹਾਂ ਦੇ ਬਾਪ ਦੀ ਗ਼ਲਤੀ ਦੇ ਕਾਰਨ ਉਨ੍ਹਾਂ ਕੋਲੋਂ ਜ਼ਮੀਨ ਖੋਹ ਲਈ ਜਾਵੇ ? ਹਾਲਾਂਕਿ ਕਾਸ਼ਤ ਕਰਨ ਵਾਲੇ ਲੜਕਿਆਂ ਦਾ ਕੋਈ ਕਸੂਰ ਨਹੀਂ ਹੈ । ਇਕ ਤਰਫ ਤਾਂ ਅਨਪੜ੍ਹ ਲੋਕਾਂ ਲਈ ਐਨੀ ਸਖਤ legislation ਲਿਆਂਦੀ ਜਾਂਦੀ ਹੈ ਅਤੇ ਦੂਸਰੀ ਤਰਫ ਜਿਹੜੇ ਸ਼ਹਿਰਾਂ ਦੇ ਪੜ੍ਹੇ ਲਿਖੇ ਲੋਕ ਹਨ ਉਨ੍ਹਾਂ ਨੂੰ ਕਿੰਨੀ ਰਿਆਇਤ ਹੈ । Income Tax Department ਨੋਟਿਸ ਦਿੰਦਾ ਹੈ, research ਕਰਦਾ ਹੈ ਅਤੇ ਪੜਤਾਲ ਕਰਦਾ ਹੈ ਅਤੇ ਜਦੋਂ ਪਤਾ ਲਗਦਾ ਹੈ ਕਿ ਉਸ ਨੇ ਆਪਣੀ income ਛੁਪਾ ਲਈ ਹੈ ਤਾਂ ਫਿਰ enquiry ਹੁੰਦੀ ਹੈ ਅਤੇ ਸਬੂਤ ਲਏ ਜਾਂਦੇ ਹਨ । ਉਸ ਦੇ ਪਿਛੋਂ ਇਹ establish ਕੀਤਾ ਜਾਂਦਾ ਹੈ ਕਿ ਉਸ ਦਾ ਕਸੂਰ ਹੈ । Penalty ਫਿਰ ਵੀ impose ਨਹੀਂ ਕੀਤੀ ਜਾਂਦੀ । ਫਿਰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਵਜ੍ਹਾ ਬਿਆਨ ਕਰੋ ਕਿ ਕਿਉਂ ਨਾ ਤੁਹਾਡੇ ਉਪਰ penalty ਪਾਈ ਜਾਏ, ਤੁਸਾਂ income ਛੁਪਾਈ ਹੈ । ਇਸ ਕਰ ਕੇ ਮੈਂ ਪੁਛਦਾ ਹਾਂ ਕਿ ਇਹ ਕਿਹੜਾ ਇਨਸਾਫ ਹੈ ? ਕਿੰਨੀ ਕਮਜ਼ੋਰ ਪਾਲਿਸੀ ਸਰਕਾਰ ਦੀ ਹੈ । ਜਿਵੇਂ ਕਿਹਾ ਗਿਆ ਹੈ ਕਿ M.L.As ਇਕਠੇ ਹੋਏ ਅਤੇ ਉਨ੍ਹਾਂ ਨੇ ਇਕਠੇ ਹੋ ਕੇ ਕਿਹਾ ਕਿ legislation ਵਿਚ ਕਾਫੀ ਕਮਜ਼ੋਰੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਕਰ ਨਹੀਂ ਕਰਨਾ ਚਾਹੁੰਦਾ । ਉਹ M.L.As ਇਕਠੇ ਕਰਕੇ ਕਹਿੰਦੇ ਹਨ ਕਿ ਸ਼ਹਿਰਾਂ ਦੇ ਆਦਮੀਆਂ ਉਪਰ ਕੋਈ ਟੈਕਸ ਨਾ ਲਗਾਇਆ ਜਾਏ (ਆਵਾਜ਼ਾਂ: ਇਹ ਗ਼ਲਤ ਹੈ) ।

Mr. Deputy Speaker : Order please.

(*Interruptions*) (*Again interruptions*)

ਸਰਦਾਰ ਰਾਜਿੰਦਰ ਸਿੰਘ : ਤੁਸੀਂ Planing Commission ਦੀ ਰਿਪੋਰਟ ਪੜ੍ਹ ਕੇ ਵੇਖੋ ।

ਸਰਦਾਰ ਅਜਮੇਰ ਸਿੰਘ : ਮੈਂ ਅਰਜ਼ ਕਰਦਾ ਹਾਂ ਕਿ hon. member ਨੂੰ ਇਹ ਭੁਲੇਖਾ ਹੈ ਕਿ ਉਨ੍ਹਾਂ ਨੇ Planning Commission ਦੀ ਰਿਪੋਰਟ ਬਹੁਤ ਪੜ੍ਹੀ ਹੈ । ਮੈਂ ਰਿਪੋਰਟ ਜ਼ਿਆਦਾ ਪੜ੍ਹੀ ਹੋਈ ਹੈ (*Interruptions*)

Mr. Deputy Speaker : Order please. (*Interruptions*)

ਸਰਦਾਰ ਰਾਜਿੰਦਰ ਸਿੰਘ : ਜਨਾਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ hon. Member Oxford University ਦੇ doctor ਹਨ । ਇਹ ਕਹਿੰਦੇ ਹਨ ਕਿ ਅਸੀਂ ਜ਼ਿਆਦਾ ਪੜ੍ਹੇ ਹੋਏ ਹਾਂ । ਇਹ ਕਹਿਣਾ ਕਿ.. ..

Mr. Deputy Speaker : No interruptions please.

श्री साधू राम : On a point of order, Sir. मैं पूछना चाहता हूं कि कोई hon. Member दूसरे hon. Member की बाबत यह कह सकता है कि वह कम पढ़ा हुआ है और वह खुद ज्यादा पढ़ा हुआ है ? क्या यह कहना कि शहरियों और सरमायादारों की favour....

Mr. Deputy Speaker : Order, order please.

ਸਰਦਾਰ ਅਜਮੇਰ ਸਿੰਘ : ਮੈਂ ਇਹ ਨਹੀਂ ਕਿਹਾ ਕਿ ਇਹ ਘਟ ਪੜ੍ਹੇ ਹੋਏ ਹਨ ਤੇ ਮੈਂ ਜ਼ਿਆਦਾ । ਇਹ ਗਲਤ ਗੱਲ ਹੈ । ਅਜਿਹੀ ਗਲਤ ਬਿਆਨੀ ਨਹੀਂ ਕਰਨੀ ਚਾਹੀਦੀ। ਮੈਂ ਤਾਂ ਸਿਰਫ ਇਹ ਕਿਹਾ ਹੈ ਕਿ ਜਿਸ report ਦਾ ਹਵਾਲਾ ਦਿੱਤਾ ਹੈ ਉਹ ਮੈਂ ਵੀ ਪੜ੍ਹੀ ਹੋਈ ਹੈ । ਖੈਰ, ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ ਇਸ ਵਿਚ ਬੜੀ ਕਰੜੀ ਸਜ਼ਾ provide ਕੀਤੀ ਗਈ ਹੈ । ਪਹਿਲਾਂ ਸਰਕਾਰ ਵਲੋਂ ਲੋਕਾਂ ਨੂੰ ਕਿਹਾ ਗਿਆ ਕਿ ਤੁਸੀਂ ਆਪਣੀ ਆਪਣੀ ਜਾਇਦਾਦ ਦੇ ਮੁਤੱਅਲਕ ਦਸੋ ਕਿ ਕਿਤਨੀ ਕਿਤਨੀ ਜ਼ਮੀਨ ਆਪਦੇ ਪਾਸ ਹੈ । ਬੜੀ ਹੈਰਾਨੀ ਦੀ ਗੱਲ ਹੈ । ਇਹ ਪੁੱਛਣ ਦੀ ਲੋੜ ਹੀ ਕੀ ਸੀ ? ਜਿਤਨੀ ਜ਼ਮੀਨ ਜਿਸ ਕਿਸੇ ਕੋਲ ਹੈ ਉਹ ਤੁਹਾਡੇ revenue records ਵਿਚ ਪਹਿਲਾਂ ਹੀ ਲਿਖੀ ਹੋਈ ਹੈ । ਸਰਕਾਰ ਦਾ ਆਪਣਾ record ਹੈ, ਉਹ ਉਥੋਂ collect ਕੀਤਾ ਜਾ ਸਕਦਾ ਹੈ । ਫਿਰ ਵੀ ਜੇ ਇਹ ਜ਼ਰੂਰ ਲੋਕਾਂ ਕੋਲੋਂ ਹੀ collect ਕਰਨੀ ਸੀ, ਉਨ੍ਹਾਂ ਦੀ duty ਲਗਾਉਣੀ ਸੀ ਕਿ ਉਹ ਇਹ information ਸਰਕਾਰ ਨੂੰ supply ਕਰਨ ਤਾਂ ਫਿਰ ਸਜ਼ਾ impose ਕਰਨ ਦਾ ਕੀ ਮਤਲਬ ? ਕੀ ਇਹ ਹਨੇਰ ਨਹੀਂ ? ਇਹ ਬੜੀ ਨਾਮੁਨਾਸਬ ਗਲ ਹੈ । ਇਹ ਨਹੀਂ ਹੋਣੀ ਚਾਹੀਦੀ ।

ਡਿਪਟੀ ਸਪੀਕਰ ਸਾਹਿਬ, ਦੂਜੇ ਪਾਸੇ ਇਹ ਕਦੀ ਨਹੀਂ ਪੁਛਿਆ ਜਾਂਦਾ ਕਿ ਸ਼ਹਿਰਾਂ ਵਿਚ ਕਿਸੇ ਆਦਮੀ ਕੋਲ ਕਿਤਨੇ ਮਕਾਨ ਹਨ, ਕੋਈ ਕਿਤਨੀਆਂ factories ਦਾ ਮਾਲਕ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਰਕਾਰ agrarian reforms ਨਾ ਕਰੇ । ਮੈਂ ਤਾਂ ਇਹੀ ਅਰਜ਼ ਕਰਦਾ ਹਾਂ ਕਿ ਇਹ ਨਾ ਕਰੋ ਕਿ ਸ਼ਰੀਰ ਦਾ ਇਕ ਅੰਗ ਤਾਂ ਨਿਹਾਇਤ ਕਮਜ਼ੋਰ ਹੋ ਜਾਵੇ-ਉਸ ਨੂੰ ਅਧਰੰਗ ਹੋ ਜਾਵੇ ਤੇ ਦੂਜਾ ਪਾਸਾ ਖੂਬ ਤਕੜਾ ਬਣਿਆ ਰਵ੍ਹੇ। ਇਕ ਪਾਸੇ ਤਾਂ ਅਸੀਂ ਵੇਖਦੇ ਹਾਂ ਕਿ private sector ਨੂੰ ਹਰ ਪਾਸੇ ਖੂਬ ਬੜ੍ਹਾਵਾ ਦਿੱਤਾ ਜਾਂਦਾ ਹੈ, ਵਡੇ ਵਡੇ ਕਰਜ਼ੇ ਦਿਤੇ ਜਾਂਦੇ ਹਨ, assurances ਦਿੱਤੀਆਂ ਜਾਂਦੀਆਂ ਹਨ ਕਿ ਤੁਸੀਂ ਜੋ ਕੁਝ ਮਰਜ਼ੀ ਕਰੋ, ਖੁਲੀ ਛੁਟੀ ਹੈ ਤੇ ਦੂਜੇ ਪਾਸੇ ਦੇ ਲੋਕਾਂ ਨੂੰ ਰੱਤੀ protection ਨਹੀਂ ਮਿਲ ਰਹੀ ।

उपाध्यक्ष महोदय : आप इसको इतना stretch न करें । आप अपनी बहस के scope को limit करें। (He should not stretch it too far. He should limit the scope of discussion.)

ਸਰਦਾਰ ਅਜਮੇਰ ਸਿੰਘ : ਮੈਂ ਤਾਂ, ਜਨਾਬ, ਇਸ ਤੋਂ ਵੀ ਅਗੇ ਜਾਂਦਾ ਹਾਂ । ਮੈਂ ਇਹ ਕਹਿੰਦਾ ਹਾਂ ਕਿ ਸਰਕਾਰ ਇਹ ਏਲਾਨ ਕਰ ਦੇਵੇ ਕਿ ਐਨੀ limit ਤਕ ਅਸੀਂ ਜਾਣਾ ਹੈ । ਤੁਸੀਂ socialistic pattern ਦੀ ਦੁਹਾਈ ਦਿੰਦੇ ਹੋ । ਜੋ ਕੁਝ ਕਰਨਾ ਹੈ ਇਕੋ ਵਾਰੀ ਤੇ ਕਰਕੇ ਖਤਮ ਕਰੋ। ਇਕ ਵਾਰੀ ਉਨ੍ਹਾਂ ਲੋਕਾਂ ਨੂੰ ਦੱਸ ਕਿਉਂ ਨਹੀਂ ਦਿੰਦੇ ਕਿ 30 standard acres ਤੋਂ ਅਲਾਵਾ ਸਾਰੀ ਜ਼ਮੀਨ ਖੋਹ ਲੈਣੀ ਹੈ । ਸਰਕਾਰ ਨੂੰ ਇਹ ਗੱਲ ਸੋਭਦੀ ਨਹੀਂ ਕਿ ਅਜਿਹਾ ਵਿਤਕਰਾ ਕਰਦੀ ਜਾਏ । ਦੋਵਾਂ ਪਾਸਿਆਂ ਵਿਚ ਇਕੋ ਜਿਹਾ revolution ਲਿਆਉ । ਇਹ ਨਹੀਂ ਹੋਣਾ ਚਾਹੀਦਾ ਕਿ ਜ਼ਮੀਨ ਦੇ ਕਾਨੂੰਨਾਂ ਨੂੰ ਤਾਂ ਹੋਰ ਕਰੜਾ ਕਰਦੇ ਜਾਉ, ਜ਼ਿਮੀਦਾਰਾਂ ਨੂੰ victimise ਕਰਦੇ ਜਾਉ ਤੇ ਦੂਜੇ ਪਾਸੇ ਜੇ ਮਕਾਨਾਂ ਅਤੇ factories ਦਾ ਮਾਮਲਾ ਪੇਸ਼ ਕੀਤਾ ਜਾਵੇ ਤਾਂ ਦੁਹਾਈ ਪਾ ਉਠੋ ਕਿ ਇਹ ਨਹੀਂ ਹੋਣਾ ਚਾਹੀਦਾ, ਇਹ ਨਹੀਂ ਹੋਣਾ ਚਾਹੀਦਾ ।

ਇਨ੍ਹਾਂ ਲਫ਼ਜ਼ਾਂ ਨਾਲ ਮੈਂ ਇਹ ਬਿਨੈ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਬਿਲ ਹੈ ਇਸ ਦੇ provision ਬੜੇ ਸਖਤ ਹਨ । ਅੱਵਲ ਤੇ ਸਰਕਾਰ ਨੂੰ ਉਨ੍ਹਾਂ ਕੋਲੋਂ ਪੁਛਣਾ ਹੀ ਨਹੀਂ ਸੀ ਚਾਹੀਦਾ । ਜੇ ਹਰ ਸੂਰਤ ਪੁਛਿਆ ਹੀ ਹੈ ਤਾਂ information ਦੇਣ ਵਿਚ ਕੋਈ ਗਲਤੀ ਹੋ ਗਈ ਹੈ ਤਾਂ ਇਤਨੀ ਸਜ਼ਾ ਨਹੀਂ ਹੋਣੀ ਚਾਹੀਦੀ । Socialistic pattern ਦਾ principle ਹਰ ਪਾਸੇ ਇਕੋ ਜਿਹਾ ਲਾਗੂ ਹੋਣਾ ਚਾਹੀਦਾ ਹੈ ।

श्री शेर सिंह (झज्जर जनरल) : उपाध्यक्ष महोदय, यह बिल जो इस वक्त हमारे सामने पेश है इस का मकसद और जिस ऐक्ट का यह संशोधन है, उस का भी मकसद एक ही है कि जो मुज़ारा जमीन से बेदखल किया जाता है उस को कौन सी जमीन दी जाए ताकि वह अपना गुज़ारा कर सके। इसी समस्या का समाधान करने के लिये surplus land निकालने की बात दिमाग में आई। यह बात इस लिए भी दिमाग में आई कि जो 30 standard acres से कम का ज़मींदार है वह अगर खुद-काश्त के लिये उस ज़मीन पर बैठे मुज़ारों को निकालता है तो फिर उन मुज़ारों के पास अपना पेट पालने के लिये क्या साधन हो। इस बिल का यही मकसद है कि उन को कोई ज़मीन कहीं पर दी जा सके ताकि वे बेरोज़गार न हो जाएं। अब देखना यह है कि जिस मकसद को लेकर यह बिल पेश किया है, वह इसे पूरा करता है या नहीं। जो ऐक्ट पहले पहल सन् 1953 में पास हुआ उस के मुताबिक प्रत्येक ज़मींदार के पास खुद काश्त के लिये 30 standard acres ज़मीन छोड़ कर बाकी की सारी surplus land ले लेनी थी। लेकिन हुआ क्या। इस अर्से में ज़मींदारों ने अपनी २ ज़मीनों का बहुत बड़ा भाग बेच डाला है। इस का नतीजा यह हुआ है कि अब surplus land बहुत थोड़ी रह गई है। और अगर साल छः महीने का और मौका दे दिया जाए तो यकीनन पंजाब में surplus land बिल्कुल खत्म हो जाएगी। सरदार अजमेर सिंह जी को फ़िक्र पड़ गया है कि शायद सरकार यह जो permissible limit है इसे 10 एकड़ तक न ले आए और इस तरह से कहीं बाकी को 20 एकड़ भी न छिन जाए। दर असल मैं उन को बता देना चाहता हूं कि अगर हालात इसी तरह चलते रहने दिये तो ऐसा सोचने की नौबत ही नहीं आएगी। क्यों? इस लिये कि permissible areas से ज्यादा ज़मीन किसी के पास रहेगी ही नहीं। इस के अतिरिक्त खुद काश्त ज़मीन को बेचने

[श्री शेर सिंह]

पर कोई पाबन्दी नहीं है। वे आसानी से उसे बेच सकते हैं। इस लिये सोचने की बात यह नहीं, दूसरी है—और वह यह है कि एक तो छोटा ज़मींदार है। वह 30 standard acres से कम का मालक है। उस को वह ज़मीन अपने लिए चाहिए—खुद काश्त के लिये चाहिए। लेकिन उस पर मुजारा बैठा हुआ है। उधर हमने यह भी फैसला किया हुआ है कि उस मुज़ारे को कम से कम 5 standard acres ज़मीन ज़रूर देनी है। इन हालात में यह एक स्वाभाविक बात है कि उसे उस ज़मीन से उस वक्त तक बेदखल नहीं किया जा सकता जब तक हमारे पास surplus ज़मीन न हो जहां पर वह जा सके। अगर surplus ज़मीन न होगी तो लाज़मी तौर पर उस छोटे मालक की ज़मीन पर वह मुज़ारा बैठा रहेगा। बग़ैर ज़मीन उपलब्ध किये अगर आप उसे वहां से उठाते हैं तो एक झगड़ा पैदा होगा—बहुत बड़ा झगड़ा। गरीब गरीब का आपस में झगड़ा होगा। एक तरफ तो छोटा ज़मींदार होगा—वह भी ग़रीब। और दूसरी तरफ़ मुज़ारा होगा—वह भी गरीब। मैं यह महसूस करता हूं कि इस बिल की मार्फत जो कोशिश हो रही है वह यह है कि वह छोटा मालक जिस की ज़मीन पर मुज़ारा बैठा है, उसे बेदखल कर दे— displace कर दे। बड़े २ ज़मींदार और सरमायादारों का यही आशय प्रतीत होता है कि छोटे ज़मींदार और मुज़ारे की परस्पर लड़ाई शुरू हो जाए और उस के बाद वे इन का तमाशा देखें। इस लिये हमारे सामने इस वक्त दो सवाल हैं। एक तो यह कि क्या हमने उस बड़े ज़मींदार की जिस के पास पहले ही काफ़ी ज़मीन पड़ी है, हिफ़ाज़त करनी है या छोटे ज़मींदार की हिफ़ाज़त करनी है जिस के पास खुद काश्त के लिये ज़मीन नहीं और जो है भी उस पर tenants बैठे हुए हैं। वह ज़मींदार मालक होते हुए भी एक प्रकार से displaced है। किसी वजह से वह पहले अपनी ज़मीन से बाहर रहा—मुलाज़मत पर फौज में, पुलिस में या और कहीं रहा। या इसी तरह हो कोई विधवा औरत अथवा नाबालग बच्चे हैं। उन की ज़मीन पर tenants बैठे हैं जिन को वे बेदखल भी नहीं कर सकते। उस वक्त तक बेदखल नहीं कर सकते जब तक कि उन को surplus area से ज़मीन न मिल जाए। अगर हम इस बिल को गौर से पढ़ें तो स्पष्ट होता है कि यह छोटे ज़मींदारों की नहीं बल्कि बड़े ज़मींदारों को ही हिफ़ाज़त करता है। अगर वाकई surplus ज़मीन लेने का विचार था तो अविलम्ब उसे हासिल कर लेना चाहिए था। उन को समय ही नहीं दिया जाना चाहिए था कि वे उस दौरान हेरा फेरियां करते या बेचने का प्रयत्न करते। यदि इन के दिल में मुज़ारों या छोटे मालकों के लिये कोई भी सहानुभूति थी तो पहले इस के कि बड़े २ ज़मींदारों को अपनी ज़मीन के surplus भाग को किसी न किसी प्रकार खत्म करने या बेचने का मौका मिलता, उसे फौरन acquire कर के मुज़ारों को बसाया जाता। इस तरह छोटे मालकों को भी relief मिल सकती थी, लेकिन अफसोस से कहना पड़ता है कि ऐसा कोई कदम न उठाया गया। जो कदम उठाए भी गए उन के फलस्वरूप सवाल हल नहीं हुआ, बल्कि पेचीदा से पेचीदा बनता गया।

दूसरी बात, उपाध्यक्ष महोदय, Clause 5-A में declaration भरने का जो provision किया गया है उस के सम्बन्ध में है। मैं समझता हूं कि इस में

भी एक कहर और चालाकी छिपी हुई है। उस में फिर आप बड़े जमींदार को बचाना चाहते हैं और उन मुज़ारों को एक बार फिर बेदखल करना चाहते हैं जो कि उन की surplus जमीन पर बैठे हुए हैं। वह इस तरह कि उस ने वह declaration सिर्फ़ उस जमीन की ही नहीं देनी जो कि पहले ही अपने पास self-cultivation के लिये रखी हुई है, बल्कि आप फिर उसे choice दे रहे हैं कि वह surplus area से भी reserve के लिये ले सकता है। इस मनोरथ को अगली Sub-clause और भी ज्यादा साफ़ कर देती है कि आगे चल कर जो जमीन चाहे self-cultivation के लिये छांट सकता है। जो पहली reserve land था कई जमींदार उस को बेच कर पैसा भी हड़प कर गए हैं और आप इस व्यवस्था के द्वारा उन्हें एक और मौका दे रहे हैं कि यदि उन के पास 30 standard acres तक जमीन नहीं रही तो वे select कर के उस पर बैठे मुज़ारों को बेदखल कर दें। इस का नतीजा यह होगा कि आप के पास surplus area कम होता जाएगा और मुज़ारों की जो समस्या है जिस ने पहले ही गम्भीर रूप धारण कर रखा है वह और भी भयानक हो जाएगी। इस से मुज़ारों का कोई लाभ नहीं होने वाला है। बल्कि उन का तो नुक्सान ही होगा। इस लिये अगर यह बिल न भी लाते तो कोई हानि वाली बात न थी। अगर कोई बिल लाना ही था तो इस ढंग से लाते जिस से surplus area में वृद्धि होती— जो जमीन इस दौरान में उन लोगों ने बेची है उस को acquire किया जा सकता। फिर तो मुज़ारों की भलाई निश्चय थी। इस तरह करने से तो उन का कोई फायदा नहीं हुआ।

(At this stage Mr. Speaker re-occupied the Chair)

लेकिन वह चीज़ तो मिलती नहीं। 30 standard acres से ज्यादा जमीन तो किसी के पास रहेगी नहीं। इस लिये मुज़ारों को इस से कोई लाभ नहीं होगा। यदि हम ने कोई क्रान्तिकारी काम करना है और मुज़ारों को लाभ पहुंचाना है तो हम और कोई बिल लायें।

वित्त मंत्री : एक बात मैं अर्ज़ करना चाहता हूं। स्पीकर साहिब, आप ने देख लिया होगा कि बहुत से मैम्बर साहिबान इस बिल पर हो रही discussion में participate करना चाहते हैं और जितना हाउस के पास इस के लिये time है वह शायद बहुत थोड़ा हो। इस लिये मैं आप से अर्ज़ करूंगा कि आज की जो sitting है उसे non-stop कर दिया जाये ताकि ऐसे सब मैम्बर साहिबान को जो इस बिल पर बोलना चाहें उन्हें बोलने का मौका मिल सके।

अध्यक्ष महोदय : मैं तो हाउस की sense लेना चाहता हूं। क्या आप आज की बहस के लिये time बढ़ाना चाहते हैं या नहीं बढ़ाना चाहते? (I want to take the sense of the House whether the hon. Members want the time for today's discussion to be extended or not.)

(बहुत सी आवाजें : बढ़ाना चाहते हैं)

अध्यक्ष महोदय : अगर आप time बढ़ाना चाहते हैं तो क्या मैं कोई time-limit बोलने के लिये लगा दूं या चल सो चल ? (If they want the time to be extended, then should I fix some time-limit or should there be no restriction at all?)

(कई मैंबर : कल के लिये रख दें)

अध्यक्ष महोदय : मुश्किल यह है कि सभा यह motion पहले मंजूर कर चुकी है—'that the Assembly at its rising this day shall stand adjourned *sine die*' इस हालत में मैं time बढ़ा सकता हूं, कल तक के लिये adjourn नहीं कर सकता । (The difficulty is that the Sabha has already passed this motion 'that the Assembly at its rising this day shall stand adjourned *sine die*.' Now it is beyond my power to adjourn it till tomorrow. Now I can only extend the time of sitting.)

(एक मैम्बर : तो स्पीकर साहिब non-stop ही कर दीजिये ।)

अध्यक्ष महोदय : तो इसे non-stop ही समझिये । (Then let it be taken as a non-stop sitting.)

Sardar Bhag Singh—Sir, I beg to move that the question be now put

अध्यक्ष महोदय : जब non-stop sitting का फैसला हो गया है तो कुछ और मैम्बरज़ का बोल लेने दीजिये ।

Sardar Bhupinder Singh Mann : The motion moved by the hon. Minister negatives all the arguments that there was no work before the House.

ਸਰਦਾਰ ਗੁਰਮੀਤ ਸਿੰਘ 'ਮੀਤ' (ਬਾਘਾ ਪੁਰਾਣ, ਜਨਰਲ) ਸਪੀਕਰ ਸਾਹਿਬ, ਇਸ amending ਬਿਲ ਬਾਰੇ ਮੈਂ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਥੇ ਇਕ ਮਿਸਟਰ ਸੰਪਤ picture ਆਈ ਸੀ ਅਤੇ ਉਸ ਵਿਚ ਇਕ ਆਦਮੀ ਭੁਖਾ ਮਰਦਾ ਵਿਖਾਇਆ ਗਿਆ ਸੀ ਤਾਂ ਉਸ ਕੋਲੋਂ ਇਕ communist ਲੰਘਿਆ ਤੇ ਉਸ ਨੂੰ ਭੁਖਿਆਂ ਮਰਦਾ ਵੇਖ ਕੇ ਕਹਿਣ ਲੱਗਾ, ਬੜੀ ਚੰਗੀ ਗੱਲ ਹੈ, ਇਸੇ ਤਰ੍ਹਾਂ ਹੋਰ ਵੀ ਆਦਮੀ ਭੁਖੇ ਮਰੋ ; ਇਨਕਲਾਬ ਜਲਦੀ ਆਵੇਗਾ । ਇਸੇ ਤਰ੍ਹਾਂ ਮੇਰੇ ਸਾਥੀ communist ਮੈਂਬਰ ਛੀਨਾ ਸਾਹਿਬ ਨੇ ਇਸ ਮਸਲੇ ਦਾ ਹਲ ਇਹ ਦਸਿਆ ਹੈ ਕਿ ਇਸ ਬਿਲ ਨੂੰ ਇਕ select committee ਕੋਲ ਭੇਜ ਦਿਓ । (ਹਾਸਾ) ਮੈਂ ਇਨ੍ਹਾਂ ਦੀ ਇਸ ਤਜਵੀਜ਼ ਦੀ ਮੁਖਾਲਫਤ ਕਰਦਾ ਹਾਂ ਅਤੇ ਨਾਲ ਹੀ ਮੈਂ ਅਰਜ਼ ਕਰਾਂਗਾ ਕਿ ਕਾਂਗਰਸ ਸਰਕਾਰ ਨੇ ਜਿਹੜਾ ਇਹ revolutionary ਬਿਲ ਪੇਸ਼ ਕੀਤਾ ਹੈ ਇਹ ਬੜਾ ਚੰਗਾ ਹੈ । ਇਸ ਨਾਲ ceiling ਲਗਾਈ ਗਈ ਹੈ ਅਤੇ ਬੇਜ਼ਮੀਨ ਮੁਜ਼ਾਰਿਆਂ ਨੂੰ ਜ਼ਮੀਨ ਦਿੱਤੀ ਜਾਏਗੀ ਅਤੇ ਉਨ੍ਹਾਂ ਦੀ ਤਰੱਕੀ ਦੀ ਹਿਫਾਜ਼ਤ ਕਰਨ ਵਾਲਾ ਇਹ ਬਿਲ ਹੈ । ਕੁਝ ਲੋਕਾਂ ਦੀ ਤਰਫੋਂ ਗਲਤੀ ਕੀਤੀ ਗਈ ਸੀ, ਉਨ੍ਹਾਂ ਆਪਣੀਆਂ ਜ਼ਮੀਨਾਂ ਬਾਰੇ ਸਰਕਾਰ ਨੂੰ ਇਤਲਾਹ ਨਹੀਂ ਸੀ ਦਿਤੀ ਜਿਹੜੀ ਉਨ੍ਹਾਂ 1953 ਦੇ ਐਕਟ ਦੇ ਮੁਤਾਬਿਕ ਦੇਣੀ ਸੀ ਕਿ ਆਪਣੇ ਲਈ ਕੁਝ area reserve ਕਰ ਕੇ ਬਾਕੀ ਦਾ surplus

के इस त्याग को। लेकिन आप ज़रा सोचें कि ज़मींदार ने इस ज़मीन का दान तभी दिया जब उस के पास वह मौजूद थी। आज मुज़ारे बेज़मीन हैं। अगर उन के पास भी ज़मीन होती तो मैं पूरे ज़ोर के साथ कह सकता हूं कि वे इन से भी ज़्यादा ज़मीन दान में देते। आज जब आप socialistic pattern of society की दुहाई देते हैं तो क्यों नहीं आपने इन की काबले रहम हालत पर अपनी नज़र डाली? सदरे मोहतरिम, जो society होती है या जिस को राष्ट्र बोलते हैं वह एक शरीर के समान होता है। अगर शरीर का कोई सा हिस्सा नाकारा या शिथिल हो जाए तो राष्ट्र रूपी शरीर की शक्ति भी शिथिल और नाकारा हो जाती है। माना कि मालिक राष्ट्र है और मुज़ारा उस का एक बाज़ू-मगर जब एक अंग कमज़ोर पड़ता जा रहा हो तो मालिक रूपी राष्ट्र क्या कमज़ोर न पड़ जाएगा? वह ज़रूर कमज़ोर पड़ जाएगा और एक दिन वह सारा शरीर लड़खड़ा कर ज़मीन पर गिर पड़ेगा—निष्प्राण हो जाएगा।

Land Reforms Committee के सिलसिले में बोलते हुए हमारे प्रधान मन्त्री यह एलान करते हैं कि अगर मेरे बस की बात हो तो मैं तमाम हिन्दुस्तान में से बेदखलियों को जुर्म करार दे दूं। काश! उन की आवाज़ देश की तमाम रियास्तों में पहुंच जाए!! मगर क्या कारण है जो उन की wishes को अमली शकल नहीं दी जाती? इस लिये मैं अर्ज़ करता हूं कि अगर आज हमारी गवर्नमेण्ट कमज़ोर तबके की हिफाज़त के लिये मुस्तकिल इकदाम करना चाहती है तो इस रास्ते को खराब न किया जाए बल्कि ऐसा कानून बनाया जाए जिस से उन के अन्दर इन्तशार और हुकूमत के खिलाफ़ जज़बा पैदा न हो। मैं मानता हूं कि इस सिलसिले में हुकूमत की नीयत खराब नहीं है। मैं मानता हूं कि वह कुछ ऐसे इकदाम कर रही है जिन से मुज़ारों को तरक्की देना मकसूद हो। मगर इस में जो देर, जो ढील हो रही है उस के पेशेनज़र आज लोग उस की नीयत पर भी शक करने लगे हैं। इस लिये उस शक को दूर करने के लिये बेहतर हल यही है कि इस सारी समस्या को एक बार पूरी तरह thrash out किया जाए। इस के लिये जो Select Committee की सिफारिश की गई है उन मेम्बरों के ऊपर मुश्तमिल उस कमेटी को यह बिल सपुर्द कर दिया जाए ताकि एक बार बैठ कर इस चीज़ का फैसला कर दिया जाए और पंजाब के अन्दर मालिकों और मुज़ारों का झगड़ा हमेशा के लिये खत्म हो जाए।

ज्ञानी बख्तावर सिंह राय (गुरु हर सहाय) :

'दोस्त ग़मखारी में मेरी सई फरमायेंगे क्या,
ज़ख्म के भरने तलक नाखुन न बढ़ आएंगे क्या?'

सन् 1953 से यह पुकार की जा रही है कि मुज़ारों को बसाया जा रहा है। लेकिन हकीकत यह है कि........

एक माननीय सदस्य : इस का तर्जमा भी कर दें ताकि सब समझ सकें। (हंसी)।

ज्ञानी बख्तावर सिंह राय : अगर स्पीकर साहब फरमाएं तो तर्जमा भी कर सकता हूं। (*Interruptions*) मैं फिर इस शेर को बोल देता हूं।

अध्यक्ष महोदय : नहीं, नहीं। आप चलिए, जो कहना हो कहिए। वक्त बहुत थोड़ा है (No, no, he should carry on with his speech. He should have his say. The time is very short.) (*Interruptions.*)

ज्ञानी बख्तावर सिंह राय : दोस्तो (दोस्तो के शब्द पर हंसी) मेहरबानी करके मेरा time waste न करो। तीन मिनट सारा time है। उस के बाद स्पीकर साहब बोलने नहीं देंगे। इस लिये बार बार दखल दे कर मेरा time जाया न करो। सन 1953 से आज तक यह पुकार की जा रही है कि मुजारों को बसाया जा रहा है। सब जानते हैं कि मुजारा लफ्ज़ मज़लूआ से निकला है। दरअसल ज़मीन का मालिक कोई नहीं। अगर तारीख के औराक को उलटा जाए तो पता लगता है कि तुगलक खानदान, लोधी खानदान और गुलामां खानदान ने 700 साल तक इस हिन्दुस्तान के अन्दर राज किया। तब से ही ज़मीन की बटाई सरकार लेती थी। लेकिन सन 1857 के गदर के बाद अगर आप देखें तो, स्पीकर साहिब, 1857 के ग़दर के बाद अंग्रेज़ों ने हिन्दुस्तान की ज़मीन को तक्सीम किया और यह दी उन लोगों को जो इन के खुशामदी थे। उन लोगों को जो गैरतमन्द थे या काश्तकार थे यह नहीं दी गई...

7 p.m.

कंवरानी जगदीश कौर : On a point of order, Sir.

अध्यक्ष महोदय : कंवरानी साहिबा, यह आप के मुताल्लिक नहीं कह रहे। (addressing the Kanwarani) It has not been said about her.

कंवरानी जगदीश कौर : On a point of order, Sir. यह कह रहे हैं कि सारी ज़मीनें खुशामदियों को मिली थीं लेकिन उस दिन ज्ञानी जी ने स्पष्ट किया था कि कई लोगों ने शमशीर के ज़ोर से ली थीं।

ज्ञानी बख्तावर सिंह राय : मैं अर्ज़ कर रहा था कि वह सारी ज़मीनें...... (*Interruptions*).

अध्यक्ष महोदय : Order please. आप को फिरोज़पुर के ज़िले में ही इन चीज़ों को हल कर लेना चाहिये। (The hon. Member should settle these matters in his district of Ferozepore.)

ज्ञानी बख्तावर सिंह राय : वह ज़मीनें 1857 में दी गई और उस के बाद 1863 और फिर 1867 में उन का बन्दोबस्त हुआ।

अध्यक्ष महोदय ; जब आप 1957 तक पहुंचेंगे तो आप के छ: मिनट खत्म हो जायेंगे। (By the time the hon. Member begins to mention about 1957, six minutes placed at his disposal would be over.)

ज्ञानी बख्तावर सिंह राय : स्पीकर साहिब, इस वक्त सात बज कर दो मिनट हुए हैं ; मैं ठीक सात बज कर पांच मिनट पर खत्म हो जाऊंगा (हंसी) । मेरा time खत्म हो जायेगा तो मैं बैठ जाऊंगा । यह तो जबानदानी में मैं ने कह दिया है कि मैं खत्म हो जाऊंगा। इस का मतलब है कि मेरा time खत्म हो जायेगा । आप मेरा time waste न करें ।

मैं अर्ज़ कर रहा था कि वह ज़मीनें अंग्रेजों ने अपने खुशामदियों को बख्श दीं । अब 1857 से 1957 आया है । एक सौ साल के अर्से के बाद यहां अब नई गवर्नमेंट आई हुई है और यह नई सरकार काफी बिलों के ज़रिये उन गरीबों को, उन मुज़ारों को यह जमीनें देना चाहती है और इस शक्ल में देना चाहती है जैसा कि मेरे दोस्त सरदार अजमेर सिंह और चौधरी श्री चन्द ने कहा है कि अगर दस एकड़ ज़मीन भी न रहने दी जायेगी तो क्या हो जायेगा । मैं पूछना चाहता हूं कि क्या वह 20 एकड़ ज़मीन मुज़ारों को मुफ्त में मिल जायेगी ? क्या हो जायेगा अगर वह मुज़ारों के पास चली गई तो ?

ਸਰਦਾਰ ਗੁਰਮੀਤ ਸਿੰਘ 'ਮੀਤ' : ਕੀ ਇਕ ਮੈਂਬਰ ਦੀ ਤਰਫੋਂ ਦੂਜੇ ਮੈਂਬਰਾਂ ਨੂੰ address ਕਰਨਾ ਠੀਕ ਹੈ ਜਾਂ ਨਹੀਂ ?

अध्यक्ष महोदय : अगर वह मेरी तरफ देख कर करें तो ठीक है (हंसी) अब आप का वक्त खत्म हो चुका है, ज्ञानी जी । अब आप बैठ जायें । (He will be right if he does so while looking at the Chair. (*Laughter.*) Now the time of the hon. Member is over. He should now resume his seat.)

ज्ञानी बख्तावर सिंह राय : मेरा time waste होता रहा है इस लिये डेढ़ मिनट महरबानी कर के और दे दें ।

अध्यक्ष महोदय : आज ज्ञानी जी जब इतनी बार बोलने के लिये उठते रहे तो मैंने समझा कि पता नहीं कोई खास बात आप ने कहनी है। (हंसी) (Today, when the hon. Member rose many a time, I thought perhaps he had to tell us something special.) (*Laughter*).

ज्ञानी बख्तावर सिंह राय : आप मुझे डेढ़ मिनट बोलने के लिये और दे दें, अब मैं अपने मतलब की बात पर आ रहा हूं । मैं आप को बता रहा था कि इस ज़मीन के बारे गवर्नमेंट की तरफ से इस बिल के ज़रिए ऐसा alarm बजा दिया गया है कि ज़मींदारों को चाहिए कि अगर उन की कुछ ज़मीन बची हुई है तो वह भी इस बिल के पास होने तक और इस पर अमल शुरू होने से पहले उस को transfer कर लें । कहा जाता है कि अलीगढ़ में एक बहुत बड़ा farm बना है, लेकिन किसी को पता नहीं कि वहां की ज़मीन क्या बंजर है, बेट है, थूड़ है, चाही है या मैरा है ।

चौधरी श्री चन्द कह रहे थे कि यह कानून इतना मुश्किल बना दिया गया है कि समझ ही नहीं पड़ती। मैं उन से कहना चाहता हूं कि जिन की अपनी ज़मीनें होती हैं उन को सब पता लग जाता है। स्पीकर साहिब, आखिर में मैं एक और अर्ज़ कर देना चाहता हूं कि मैं इस बिल की ताईद करने के लिए खड़ा हुआ हूं और मैं समझता हूं कि इस के पास हो जाने से मुज़ारों को जमीनें मिलने में जरूर सहूलियत हो जायेगी।

ਸਰਦਾਰ ਪੰਨਾ ਸਿੰਘ ਗੁਲਸ਼ਨ : (ਪੱਕਾ ਕਲਾਂ ਰਿਜ਼ਰਵਡ) : ਸਪੀਕਰ ਸਾਹਿਬ, ਹਾਊਸ ਵਿਚ ਇਸ amending ਬਿਲ ਤੇ ਬੜੀ ਬਹਿਸ ਹੋਈ ਹੈ ਲੇਕਿਨ ਆਏ ਸਾਲ ਕੋਈ, ਨਾ ਕੋਈ ਨਵਾਂ amending ਬਿਲ ਲਿਆਇਆ ਜਾਂਦਾ ਹੈ ਜਿਸ ਨਾਲ ਲੋਕਾਂ ਦੇ ਜਿਹੜੇ ਚਿਰਾਂ ਤੋਂ ਸੁਤੇ ਹੋਏ ਖ਼ੂਨ ਹੁੰਦੇ ਹਨ ਇਨ੍ਹਾਂ amendments ਨੂੰ ਵੇਖ ਕੇ ਉਨ੍ਹਾਂ ਢਿਲੇ ਪਏ ਹੋਏ ਲੋਕਾਂ ਦੇ, ਜਿਨ੍ਹਾਂ ਤੇ ਸਟ ਪਈ ਹੋਈ ਹੁੰਦੀ ਹੈ, ਫਟਾਂ ਤੋਂ ਫਿਰ ਖ਼ੂਨ ਸਿਮਣਾ ਸ਼ੁਰੂ ਹੋ ਜਾਂਦਾ ਹੈ। ਫੇਰ ਵੀ ਮੈਂ ਆਪਣੇ Revenue Minister ਸਾਹਿਬ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਸ ਕਾਨੂੰਨ ਤੇ ਅਮਲ ਕਰਾਉਣ ਲਈ ਇਸ ਬਿਲ ਵਿਚ ਬੜੀ ਸਖਤ ਸਜ਼ਾ ਰੱਖੀ ਹੈ। ਇਕ ਨਵੀਂ ਗੱਲ ਜਿਹੜੀ ਭੁੱਲਣ ਵਾਲੀ ਨਹੀਂ ਹੈ ਉਹ ਇਹ ਹੈ ਕਿ ਚਾਰ ਸਾਲ ਦੇ ਅਰਸੇ ਵਿਚ ਜਿਨ੍ਹਾਂ ਲੋਕਾਂ ਨੇ ਆਪਣੀ ਜਿਹੜੀ ਜ਼ਮੀਨ reserve ਕਰਨੀ ਸੀ, ਪਰ ਨਹੀਂ ਸੀ ਕੀਤੀ ਜਾਂ ਵਡੀ ਢਿਲ ਪਾ ਕੇ ਕੀਤੀ ਸੀ ਅਤੇ ਉਨ੍ਹਾਂ ਨੇ ਇਹ ਜਾਣ ਬੁਝ ਕੇ ਕੀਤੀ ਸੀ, ਇਸ ਤਰ੍ਹਾਂ ਕਰਨ ਲਈ ਜਿਹੜੀ ਸਜ਼ਾ ਉਨ੍ਹਾਂ ਨੂੰ ਮਿਲਣੀ ਚਾਹੀਦੀ ਸੀ ਉਹ ਹੁਣ ਇਸ ਬਿਲ ਵਿਚ ਰੱਖੀ ਗਈ ਹੈ। ਭਾਵੇਂ ਇਸ ਵਿਚ ਛੇ ਮਹੀਨਿਆਂ ਦੀ ਹੋਰ ਢਿਲ ਪੈ ਗਈ ਹੈ ਪਰ ਮੈਂ ਜਾਣਦਾ ਹਾਂ ਕਿ ਤਿੰਨ ਮਹੀਨੇ ਤਾਂ ਗੁਜ਼ਰ ਵੀ ਗਏ ਹਨ ਤੇ ਤਿੰਨ ਮਹੀਨੇ ਤੇ ਇਕ ਦਿਨ ਬਾਕੀ ਰਹਿੰਦੇ ਹਨ। ਉਨ੍ਹਾਂ ਲੋਕਾਂ ਨੇ ਇਸ ਢਿਲ ਦਾ ਫਾਇਦਾ ਉਠਾਇਆ ਹੈ। ਉਨ੍ਹਾਂ ਜਾਣ ਬੁਝ ਕੇ ਆਪਣੀ ਜ਼ਮੀਨ ਨਹੀਂ ਸੀ register ਕਰਵਾਈ ਅਤੇ ਉਸ ਜ਼ਮੀਨ ਤੋਂ ਬੜੀ ਆਮਦਨੀ ਪੈਦਾ ਕੀਤੀ ਹੈ ਅਤੇ ਉਹ ਆਮਦਨੀ ਖਾ ੨ ਕੇ ਉਹ ਬਰੀ ਹੋ ਗਏ ਹਨ ਤੇ ਸਮਝਦੇ ਹਨ ਕਿ ਉਹ ਬਰੀ ਹੋਣ ਦੇ ਹੱਕਦਾਰ ਹਨ। ਇਸ ਤਰ੍ਹਾਂ ਉਨ੍ਹਾਂ ਬੜਾ ਲਾਭ ਪ੍ਰਾਪਤ ਕੀਤਾ ਹੈ।

ਸਪੀਕਰ ਸਾਹਿਬ, ਇਹ ਜਿਹੜਾ amending ਬਿਲ ਇਸ ਵੇਲੇ ਹਾਊਸ ਵਿਚ ਪੇਸ਼ ਹੈ ਮੈਂ ਸਮਝਦਾ ਹਾਂ ਕਿ ਜੇ ਕਰ ਹਾਊਸ ਇਸ ਨੂੰ ਹੁਣ ਪਾਸ ਕਰ ਦੇਵੇ ਤਾਂ ਇਹ ਮੁਜ਼ਾਰਿਆਂ ਨਾਲ ਬੜੀ ਹਮਦਰਦੀ ਕਰੇਗਾ। ਪਰ ਜੇਕਰ ਅਸਾਂ ਇਥੇ ਹਾਸਾ ਮਖੌਲ ਕਰਕੇ ਆਪਣੇ ਵਕਤ ਨੂੰ ਜ਼ਾਇਆ ਕਰਕੇ ਅਤੇ ਕਿਸੇ ਨਾ ਕਿਸੇ ਤਰ੍ਹਾਂ ਇਸ ਦੀ ਟਾਲ ਮਟੋਲ ਕਰ ਦਿਆਂਗੇ ਜਿਸ ਤਰ੍ਹਾਂ ਦੋ ਸਾਲਾਂ ਤੋਂ ਪਹਿਲੇ ਹੁੰਦਾ ਚਲਿਆ ਆ ਰਿਹਾ ਹੈ, ਤਾਂ ਬਜਾਏ ਮੁਜ਼ਾਰਿਆਂ ਨਾਲ ਹਮਦਰਦੀ ਕਰਨ ਦੇ ਅਸੀਂ ਉਨ੍ਹਾਂ ਨਾਲ ਬੜਾ ਧਰੋਹ ਕਰਕੇ ਜਾਵਾਂਗੇ। ਕੁਝ ਸਜਨਾਂ ਨੇ ਕਿਹਾ ਹੈ ਕਿ ਪਹਿਲੇ ਹੀ ਪਿੰਡਾਂ ਵਿਚ ਵੱਡੇ ੨ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਛੋਟੇ ਲੋਕਾਂ ਤੇ ਹਰੀਜਨਾਂ ਵਿਚ ਵੰਡ ਦਿੱਤੀਆਂ ਗਈਆਂ ਹਨ। ਮੈਂ ਕਹਿੰਦਾ ਹਾਂ ਕਿ ਇਹ ਤਾਂ ਭੁਲੇਖੇ ਪਾਉਣ ਵਾਲੀ ਗੱਲ ਉਨ੍ਹਾਂ ਕੀਤੀ ਹੈ ਕਿਉਂਕਿ ਉਨ੍ਹਾਂ ਨੂੰ ਤਾਂ ਉਹ ਹੀ ਜ਼ਮੀਨਾਂ ਦਿੱਤੀਆਂ ਗਈਆਂ ਹਨ ਜਿਹੜੀਆਂ ਸਾਰੇ ਪਿੰਡ ਦੀਆਂ ਸਾਂਝੀਆਂ ਹੁੰਦੀਆਂ ਹਨ। ਜਿਹੜੀਆਂ common lands ਹਨ ਉਹੋ ਹੀ ਪੰਚਾਇਤਾਂ ਕੋਲੋਂ ਲੈ ਕੇ ਉਥੇ ਦੇ ਹਰੀਜਨਾਂ ਨੂੰ ਦਿੱਤੀਆਂ ਗਈਆਂ ਹਨ। ਉਹ ਬਿਸਵੇਦਾਰਾਂ ਦੀਆਂ ਜ਼ਮੀਨਾਂ ਨਹੀਂ ਸਨ।

[ਸਰਦਾਰ ਧੰਨਾ ਸਿੰਘ ਗੁਲਸ਼ਨ]

ਪੈਪਸੂ ਦੇ Tenancy and Agricultural Lands Bill ਨਾਲ ਉਥੋਂ ਦੇ ਮੁਜ਼ਾਰਿਆਂ ਨੂੰ ਕਾਫੀ ਲਾਭ ਪਹੁੰਚਿਆਂ ਹੈ ਪਰ ਉਸ ਤੇ ਅਮਲ ਕਰਨ ਵਿਚ ਦੇਰ ਹੋ ਜਾਣ ਕਰ ਕੇ ਉਸ ਨਾਲ ਜਿਹੜਾ ਲਾਭ ਉਨ੍ਹਾਂ ਨੂੰ ਪਹੁੰਚਣਾ ਸੀ ਉਹ ਨਹੀਂ ਪਹੁੰਚ ਸਕਿਆ ਤੇ ਜਿਹੜੀ ਉਸ ਬਿਲ ਦੀ ਮਨਸ਼ਾ ਸੀ ਉਹ ਪੂਰੀ ਨਹੀਂ ਹੋ ਸਕੀ ਹਾਲਾਂਕਿ ਉਥੇ ਵੱਡੀ ਦਲੇਰੀ ਨਾਲ ਉਹ ਬਿਲ ਪਾਸ ਕੀਤਾ ਗਿਆ ਸੀ। ਪਰ ਇਸ ਮਾਮਲੇ ਵਿਚ ਪੰਜਾਬ ਵਿਚ ਵੀ ਉਤਨੀ ਹੀ ਢਿਲ ਵਰਤੀ ਗਈ ਹੈ। ਹੁਣ ਗਿਆਨੀ ਜੀ ਅੱਗੇ ਵੀ ਬੇਨਤੀ ਕਰਦਾ ਹਾਂ ਕਿ ਜਦੋਂ ਹੁਣ ਉਹ ਇਸ amending ਬਿਲ ਨੂੰ ਵੱਡੀ ਦਲੇਰੀ ਨਾਲ ਇਥੇ ਲੈ ਆਏ ਹਨ ਤਾਂ ਇਸ ਤੇ ਅਮਲ ਵੀ ਛੇਤੀ ਨਾਲ ਕੀਤਾ ਜਾਏ ਤੇ ਪਹਿਲੇ ਦੀ ਤਰ੍ਹਾਂ ਇਸ ਨੂੰ ਹੋਰ ਚਾਰ ਸਾਲਾਂ ਲਈ ਲਟਕਦਾ ਨਾ ਰਖਿਆ ਜਾਏ। ਇਸ ਤਰ੍ਹਾਂ ਇਸ ਵਿਚ ਢਿਲ ਪਾ ਕੇ ਪੰਜਾਬ ਬਾਕੀ ਦੇ ਸੂਬਿਆਂ ਨਾਲੋਂ ਇਸ ਮਾਮਲੇ ਵਿਚ ਪਿਛਾਂਹ ਪੈ ਜਾਂਦਾ ਹੈ ਅਤੇ ਇਸ ਦੇ ਨਾਲ ਸਾਡੇ ਪੰਜ-ਸਾਲਾ ਪਲਾਨ ਤੇ ਵੀ ਅਸਰ ਪੈਂਦਾ ਹੈ। ਅਸੀ ਵੇਖਦੇ ਹਾਂ ਕਿ ਮੁਜ਼ਾਰਿਆਂ ਤੇ ਬਿਸਵੇਦਾਰਾਂ ਵਿਚ ਝਗੜੇ ਹਾਲਾਂ ਵੀ ਬਦਸਤੂਰ ਜਾਰੀ ਹਨ ਅਤੇ ਕਈਆਂ ਨੇ ਹਾਲੇ ਵੀ ਜ਼ਮੀਨਾਂ ਤੇ ਜ਼ਬਰਦਸਤੀ ਕਬਜ਼ਾ ਕੀਤਾ ਹੋਇਆ ਹੈ। ਸਰਕਾਰ ਦੀ ਢਿਲ ਨਾਲ ਪਟਵਾਰੀ ਵੀ ਹੇਰਾ ਫੇਰੀ ਕਰਦੇ ਹਨ ਤੇ ਜ਼ਮੀਨ ਦੇ ਗਲਤ ਨੰਬਰ ਪਾਉਂਦੇ ਹਨ। ਇਸ ਤਰ੍ਹਾਂ ਦੀਆਂ ਕਈ ਗੱਲਾਂ ਮੇਰੇ ਇਲਮ ਵਿਚ ਹਨ। ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਮੇਰੇ ਪਿੰਡ ਦਿਆਲ ਪੁਰ ਵਿਚ ਇਕ ਬਿਸਵੇਦਾਰ ਦੀ ਜ਼ਮੀਨ ਦਾ ਜਿਹੜਾ ਨੰਬਰ ਸੀ ਉਸ ਦੇ ਨਾਲ ਇਕ ਮੁਜ਼ਾਰੇ ਦੀ ਜ਼ਮੀਨ ਦਾ ਨੰਬਰ ਵੀ ਲਗਦਾ ਸੀ। ਪਟਵਾਰੀ ਨੇ ਮੁਜ਼ਾਰੇ ਦੀ ਜ਼ਮੀਨ ਦਾ ਨੰਬਰ ਕਟ ਕੇ ਬਿਸਵੇਦਾਰ ਦੇ ਨਾਲ ਲਾ ਦਿੱਤਾ। ਮੁਜ਼ਾਰੇ ਦੀ ਜ਼ਮੀਨ ਦਾ ਨੰਬਰ 145 ਸੀ ਜਿਹੜਾ ਕਿ ਪਟਵਾਰੀ ਨੇ ਉਸ ਦੇ ਨਾਂ ਤੋਂ ਕਟ ਦਿੱਤਾ।

ਜੇਕਰ ਇਸ amending Bill ਦਾ ਇਹੀ ਹਸ਼ਰ ਹੋਣਾ ਹੈ ਤਾਂ ਇਹ ਪੰਜਾਬ ਸਰਕਾਰ ਦੀ ਇਸ ਨਾਲ ਬਦਨਾਮੀ ਹੋਵੇਗੀ। ਜੋ ਮੇਰੇ ਦੋਸਤ ਸਰਦਾਰ ਅੱਛਰ ਸਿੰਘ ਛੀਨਾ ਨੇ Select Committee ਦੇ ਸਪੁਰਦ ਕਰਨ ਦੀ motion ਕੀਤੀ ਹੈ, ਉਸ ਬਾਰੇ ਅਰਜ਼ ਹੈ ਕਿ Select Committee ਦਾ ਤਾਂ ਨਾਮ ਲੈਣਾ ਹੀ ਇਕ ਤਰ੍ਹਾਂ ਨਾਲ ਮੁਜ਼ਾਰੇ ਨਾਲ ਭਾਰੀ ਧ੍ਰੋਹ ਕਰਨਾ ਹੈ (ਤਾੜੀਆਂ) ਅਤੇ ਬਿਸਵੇਦਾਰ ਦੀ ਜ਼ਮੀਨ ਬਚਾਉਣਾ ਹੈ। ਮੈਂ ਸਮਝਦਾ ਹਾਂ ਕਿ ਜੇਕਰ ਇਸ ਨੂੰ 12 ਬਜੇ ਕਲ ਤਕ ਵੀ ਲਟਕਾਇਆ ਗਿਆ ਤਾਂ ਇਸ ਨਾਲ ਮੁਜ਼ਾਰੇ ਨੂੰ ਧੱਕਾ ਪੈਣਾ ਹੈ ਜਿਸ ਨੂੰ ਸਰਕਾਰ ਵੀ ਪੂਰਾ ਨਹੀਂ ਕਰ ਸਕੇਗੀ। ਇਸ ਲਈ ਮੈਂ House ਅਗੇ ਅਪੀਲ ਕਰਾਂਗਾ ਕਿ ਇਸ ਨੂੰ ਹੁਣੇ ਹੀ ਬਿਨਾ ਜ਼ਿਆਦਾ ਬਹਿਸ ਕੀਤੇ ਹੀ ਪਾਸ ਕਰੇ ਅਤੇ ਵਜ਼ੀਰ ਸਾਹਿਬ ਅਗੇ ਬੇਨਤੀ ਕਰਾਂਗਾ ਕਿ ਜਿਸ ਦਲੇਰੀ ਨਾਲ ਉਹ ਇਹ Bill ਲਿਆਏ ਹਨ ਉਸ ਦਲੇਰੀ ਨਾਲ ਜੇਕਰ ਉਨ੍ਹਾਂ ਨੇ ਇਸ ਤੇ ਅਮਲ ਕੀਤਾ ਤਾਂ ਪੰਜਾਬ ਦਾ ਅਮਨ ਪੂਰੀ ਤਰ੍ਹਾਂ ਉਨ੍ਹਾਂ ਦੇ ਹੱਥ ਵਿਚ ਰਹੇਗਾ ਅਤੇ ਮੈਂ ਸਮਝਦਾ ਹਾਂ ਕਿ ਉਹ ਤਦ ਹੀ ਵਧਾਈ ਦੇ ਹਕਦਾਰ ਹੋਣਗੇ।

Finance Minister : Sir, I beg to move—

That the question be now put.

Mr. Speaker : Question is—

That question be now put.

The motion was carried.

ਮਾਲ ਮੰਤ੍ਰੀ (ਗਿਆਨੀ ਕਰਤਾਰ ਸਿੰਘ) : ਸਪੀਕਰ ਸਾਹਿਬ, ਇਸ Bill ਨੂੰ Select Committee ਦੇ ਸਪੁਰਦ ਕਰਨ ਦੀ motion ਅਤੇ ਉਸ 'ਤੇ ਜੋ ਵਿਚਾਰ ਹੋਇਆ ਹੈ ਉਸ ਨੂੰ ਮੈਂ ਬੜੇ ਧਿਆਨ ਨਾਲ ਸੁਣਿਆ ਹੈ। ਉਸ ਬਹਿਸ ਵਿਚ ਮੁਖਤਲਿਫ ਮੈਂਬਰਾਂ ਨੇ ਜੋ ਗੱਲਾਂ ਕਹੀਆਂ ਹਨ ਉਨ੍ਹਾਂ ਵਿਚ ਇਸ Bill ਦੇ ਨੁਕਸ ਦੂਰ ਕਰਨ ਮੁਤੱਲਕ ਬੁਹਤ ਘਟ ਚਰਚਾ ਹੋਈ ਹੈ। ਮੁਜ਼ਾਰਿਆਂ ਦੇ ਦੁਖ ਦੂਰ ਕਰਨ ਮੁਤੱਲਕ ਅਤੇ ਇਸ Bill ਤੇ ਦੇਰ ਲਾਉਣ ਮੁਤੱਲਕ ਚਰਚਾ ਆਈ ਹੈ। ਇਸ ਬਾਰੇ ਚਰਚਾ ਆਈ ਹੈ ਕਿ reservation ਕਰਨ ਦਾ ਦੂਸਰੀ ਬਾਰ ਜੋ ਮੌਕਾ ਦਿੱਤਾ ਜਾ ਰਿਹਾ ਹੈ ਇਹ ਨੁਕਸ ਵਾਲੀ ਗੱਲ ਹੈ। ਇਸ ਬਾਰੇ ਕਿਹਾ ਗਿਆ ਹੈ ਕਿ ਅਗੇ ਜੋ Bill ਪਾਸ ਹੁੰਦੇ ਰਹੇ ਉਨ੍ਹਾਂ ਦੇ ਪਾਸ ਹੋਣ ਤੇ ਬਹੁਤ ਸਾਰੇ ਜ਼ਮੀਂਦਾਰ ਜ਼ਮੀਨ ਬੇਚ ਦਿੰਦੇ ਰਹੇ ਜਾਂ ਆਪਣੇ ਹਥੋਂ ਜ਼ਮੀਨ ਕਢ ਕੇ ਦੂਜਿਆਂ ਦੇ ਨਾਮ ਕਰਦੇ ਰਹੇ। ਫਿਰ ਇਹ ਆਖਿਆ ਗਿਆ ਕਿ ਇਸ Bill ਦੇ ਪਾਸ ਹੋਣ ਤੇ ਉਨ੍ਹਾਂ ਲੋਕਾਂ ਨੂੰ ਹੋਰ ਮੌਕਾ ਮਿਲ ਜਾਏਗਾ ਅਤੇ ਜਿਹੜੀ ਜ਼ਮੀਨ ਹੁਣ surplus ਹੈ ਉਹ ਵੀ ਹਥੋਂ ਨਿਕਲ ਜਾਏਗੀ। ਜਿੰਨੇ ਸੰਸੇ ਪ੍ਰਗਟ ਕੀਤੇ ਗਏ ਹਨ ਉਨ੍ਹਾਂ ਤੇ ਮੈਂ ਧਿਆਨ ਮਾਰਦਾ ਹਾਂ ਤਾਂ ਇੰਝ ਪਰਤੀਤ ਹੁੰਦਾ ਹੈ ਕਿ principal Act ਨੂੰ ਸਾਹਮਣੇ ਰਖ ਕੇ ਇਸ ਤਰਮੀਮੀ Bill ਤੇ ਵਿਚਾਰ ਨਹੀਂ ਕੀਤੀ ਗਈ। ਜੇਕਰ ਮੈਂਬਰ ਸਾਹਿਬਾਨ ਬੁਰਾ ਨਾ ਸਮਝਣ ਤਾਂ ਮੈਂ ਕਹਾਂਗਾ ਕਿ principal Act ਨਾਲ ਮਿਲਾ ਕੇ ਇਸ ਬਹਿਸ ਦੀ ਤਿਆਰੀ ਨਹੀਂ ਕੀਤੀ ਗਈ। ਦੋ ਗੱਲਾਂ ਤੇ ਖਾਸ ਤੌਰ ਤੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ। ਇਕ ਤਾਂ ਇਹ ਕਿ ਜ਼ਮੀਂਦਾਰ ਬਹੁਤ ਸਾਰੀ ਜ਼ਮੀਨ ਵੇਚ ਦੇਣਗੇ ਜਾਂ ਉਸ ਦਾ ਤਬਾਦਲਾ ਕਰ ਦੇਣਗੇ ਅਤੇ ਇਸ ਤਰ੍ਹਾਂ ਇਸ Bill ਦੀ ਬਦਨਾਮੀ ਹੋਵੇਗੀ। ਇਸ ਸਿਲਸਿਲੇ ਵਿਚ ਮੈਂ principal Act ਦੀਆਂ ਦੋ ਦਫਾਤ ਪੜ੍ਹਕੇ ਸੁਨਾਉਣਾ ਚਾਹੁੰਦਾ ਹਾਂ ਜਿਸ ਨਾਲ ਸਾਰੇ ਸੰਸੇ ਦੂਰ ਹੋ ਜਾਣਗੇ। (ਸਰਦਾਰ ਅੱਛਰ ਸਿੰਘ ਛੀਨਾ : ਤਿੰਨ ਚਾਰ ਦੇ ਸੰਸੇ ਭੀ ਦੂਰ ਹੁੰਦੇ ਹਨ ?) ਇਸ ਬਾਰੇ ਅਰਜ਼ ਹੈ ਕਿ ਜੋ ਸੰਸੇ ਤੁਸੀਂ ਪਰਗਟ ਕੀਤੇ ਹਨ ਉਨ੍ਹਾਂ ਦਾ ਇਲਾਜ ਇਸ ਵਿਚ ਹੈ ਪਰ ਜੇਕਰ ਸ਼ਿਕਾਇਤ ਕੀਤੇ ਜਾਣ ਦਾ ਪੱਕਾ ਇਰਾਦਾ ਕੀਤਾ ਹੋਇਆ ਹੈ ਤਾਂ ਆਪ ਦੇ ਮਨ ਦਾ ਇਲਾਜ ਮੇਰੇ ਪਾਸ ਨਹੀਂ ਹੈ। ਸਪੀਕਰ ਸਾਹਿਬ, ਜਿਹੜਾ ਸੱਜਣ ਵੇਖਣਾ ਨਹੀਂ ਚਾਹੁੰਦਾ ਉਸ ਦਾ ਇਲਾਜ ਨਹੀਂ ਪਰ ਜੋ ਵੇਖਣਾ ਚਾਹੁੰਦਾ ਹੈ ਉਸ ਨੂੰ ਕਈ ਚੀਜ਼ਾਂ ਵਖਾਈਆਂ ਜਾ ਸਕਦੀਆਂ ਹਨ। ਇਸੇ ਮਨਸ਼ੇ ਦੇ ਨਾਲ ਮੈਂ ਇਹ ਦਫਾ ਪੜ੍ਹ ਕੇ ਸੁਨਾਉਣਾ ਚਾਹੁੰਦਾ ਹਾਂ। Section 10 (a) ਵਿਚ ਇਹ ਦਰਜ ਹੈ:—

> The State Government, or any officer empowered by it in this behalf, shall be competent to utilize any surplus area for the resettlement of tenants ejected, under clause (*i*) of subsection (*1*) of section 9.

ਇਸ ਤੋਂ ਅਗੇ ਜੋ ਮੈਂ ਆਪ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਅਤੇ ਆਪ ਦੀ ਮਾਰਫਤ House ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ, ਉਹ ਹੈ sub section (b)

> Notwithstanding anything contained in any other law for the time being in force no transfer or other disposition of land which is comprised in a surplus area at the commencement of this Act, shall affect the utilization thereof in clause (a).

ਅਤੇ ਐਕਟ ਦੀ commencement ਬਹੁਤ ਪਹਿਲਾਂ ਹੋ ਚੁਕੀ ਹੈ।

> Save in the case of land acquired by the State Government, under any law, for the times being in force, or by an heir by inheritance, no transfer or other disposition of land effected after the 1st February, 1955, shall affect the rights of the tenant thereon under this Act.

[ਮਾਲ ਮੰਤ੍ਰੀ]

ਜੋ surplus ਜ਼ਮੀਨ ਲੈਣੀ ਹੈ, ਉਹ ਕਿਸੇ ਦੇ ਵੀ ਨਾਮ ਕੋਈ ਲਗਾ ਦੇਵੇ, ਕਿਸੇ ਪਾਸ ਵੇਚ ਦੇਵੇ ਜਾਂ ਕਿਸੇ ਹੋਰ ਢੰਗ ਨਾਲ ਦੇ ਦੇਵੇ, ਹਿਬਾ ਕਰ ਦੇਵੇ, ਇਸ ਸਭ ਦੇ ਬਾਵਜੂਦ ਇਨ੍ਹਾਂ ਚੀਜ਼ਾਂ ਦਾ ਅਸਰ ਉਸ ਜ਼ਮੀਨ ਤੇ ਨਹੀਂ ਪੈਣਾ ਜਿਹੜੀ ਇਸ ਐਕਟ ਦੇ ਸ਼ੁਰੂ ਵਿਚ surplus ਸੀ ਅਤੇ ਇਹ ਲਈ ਜਾ ਸਕੇਗੀ । (ਇਕ ਆਵਾਜ਼ : ਇਹ ਕਿਸ State ਵਿਚ ਲਾਗੂ ਹੈ ?) ਪੰਜਾਬ ਵਿਚ । ਅਗੇ ਸੁਣ ਲਉ । ਜੇਕਰ ਸਮਝਣਾ ਨਹੀਂ ਚਾਹੁੰਦੇ ਤਾਂ ਕੀ ਇਲਾਜ ਹੋ ਸਕਦਾ ਹੈ । (ਵਿਘਨ) ਇਹ ਉਸ ਵੇਲੇ ਲਾਗੂ ਹੋਵੇਗਾ ਜਦੋਂ ਇਹ ਹਿਸਾਬ ਕਿਤਾਬ ਸ਼ੁਮਾਰ ਲੈਕੇ ਅਸੀਂ surplus land ਤੇ ejected tenants ਨੂੰ ਬੈਠਾਵਾਂਗੇ । ਪਰ ਉਹ ਸਿਲਸਿਲਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਤੁਸੀਂ ਰੋੜੇ ਅਟਕਾਉਂਦੇ ਹੋ । ਜ਼ਮੀਨ ਲੈਣੀ ਹੈ ਪਰ Select Committee ਦੀ motion ਕਰਕੇ ਤੁਸੀਂ ਸਾਨੂੰ ਉਥੇ ਪਹੁੰਚਣ ਨਹੀਂ ਦਿੰਦੇ। (ਤਾੜੀਆਂ) ਇਸੇ ਤਰ੍ਹਾਂ principal Act ਦੀ section 16 ਵਿਚ ਦਰਜ ਹੈ : ਉਸ ਦੀ ਤਰੀਕ ਵੀ ਮੁਕੱਰਰ ਹੈ ਕਿ ਮੁਜ਼ਾਰੇ ਦੇ ਜੋ ਹਕ ਹਨ ਉਨ੍ਹਾਂ ਨੂੰ ਕਿਸੇ ਤਰ੍ਹਾਂ ਜ਼ਾਇਲ ਨਹੀਂ ਕੀਤਾ ਜਾ ਸਕਦਾ । ਇਸ ਐਕਟ ਵਿਚ ਇਹ ਵੀ ਦਰਜ ਹੈ ਕਿ ਜਿਸ ਦਿਨ ਤੇ ਇਹ ਲਾਗੂ ਹੋਇਆ ਹੈ ਉਸ ਦਿਨ ਤੋਂ transfers ਜਾਇਜ਼ ਨਹੀਂ ਮੰਨੀਆਂ ਜਾਣਗੀਆਂ । ਕੰਮ ਸਿਰਫ ਇਹ ਰਹਿੰਦਾ ਹੈ ਕਿ surplus land ਦਾ ਸ਼ੁਮਾਰ ਕਰਨ ਲਈ ਫਾਰਮਾਂ ਦਾ ਸਿਲਸਿਲਾ ਮੁਕੰਮਲ ਨਹੀਂ ਹੋ ਸਕਿਆ ਅਤੇ ਉਸ ਦੀ ਵਜ੍ਹਾ ਇਹ ਹੈ ਕਿ ਇਸ Act ਵਿਚ ਉਨ੍ਹਾਂ forms ਦੇ ਨਾ ਦੇਣ ਤੇ ਸਜ਼ਾ ਕੋਈ ਨਹੀਂ ਸੀ ਰੱਖੀ ਗਈ । ਪਰ ਇਸ ਵਿਚ ਸਾਰਾ ਮਾਲ ਮੰਤ੍ਰੀ ਜਾਂ ਗਵਰਨਮੈਂਟ ਦਾ ਹੀ ਕਸੂਰ ਨਹੀਂ । ਇਸ House ਵਿਚ ਬਹੁਤ ਸਾਰੇ ਉਹੀ ਮੈਂਬਰ ਹਨ ਜਿਨ੍ਹਾਂ ਨੇ ਉਸ ਐਕਟ ਨੂੰ ਪਾਸ ਕੀਤਾ ਸੀ । ਉਨ੍ਹਾਂ ਨੂੰ ਵੀ ਇਹ ਗੱਲ ਨਹੀਂ ਸੀ ਸੁਝੀ ਕਿ ਸਜ਼ਾ ਰਖਣੀ ਚਾਹੀਦੀ ਹੈ । ਸੋ ਗੁੱਸਾ ਸਰਕਾਰ ਅਤੇ Rvenue Minister ਤੇ ਨਹੀਂ ਕਢਣਾ ਚਾਹੀਦਾ । ਫਿਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਅਜ ਤਕ ਕੋਈ ਅਜਿਹਾ ਕਾਨੂੰਨ ਨਹੀਂ ਵੇਖਿਆ ਜਿਸ ਵਿਚ ਅਦਲਾ ਬਦਲੀ ਦੀ ਲੋੜ ਨਹੀਂ ਪਈ ; ਵਰਤੋਂ ਵਿਚ ਆਕੇ ਬਹੁਤ ਸਾਰੇ ਕਾਨੂੰਨਾਂ ਵਿਚ ਤਬਦੀਲੀ ਕਰਨੀ ਪੈਂਦੀ ਹੈ ਕਿਉਂਕਿ ਜਿਹੜਾ ਕਾਨੂੰਨ ਬਣਿਆ ਉਸ ਵਿਚ ਪੂਰਾ ਪ੍ਰਬੰਧ ਨਹੀਂ ਕੀਤਾ ਗਿਆ । ਮੁਢ ਵਿਚ ਜੇ ਕੋਈ ਕਮੀ ਰਹਿ ਗਈ ਤਾਂ implementation ਵੱਲ ਅਦਲਾ ਬਦਲੀ ਕਰਨੀ ਪਏਗੀ ।

ਇਥੇ ਇਹ ਕਿਹਾ ਗਿਆ ਹੈ ਕਿ ਇਸ ਬਿਲ ਦੇ ਅਮਲ ਵਿਚ ਆਉਣ ਵੇਲੇ ਤਾਂਈ ਬਹੁਤ ਸਾਰੀ ਜ਼ਮੀਨ ਨਿਕਲ ਜਾਏਗੀ । ਮੈਂ ਕਹਿੰਦਾ ਹਾਂ ਕਿ ਜੇ ਕੋਈ ਜ਼ਮੀਂਦਾਰ ਕਿਸੇ ਨਾਲ ਜ਼ਮੀਨ ਅੱਗੇ ਪਿਛੇ ਲਗੌਣਾ ਚਾਹੇ ਤਾਂ ਵੀ ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ਹੋਵੇਗਾ । ਜਿਸ ਵੇਲੇ ਫਾਰਮਾਂ ਬਣਨਗੀਆਂ ਤਾਂ surplus ਜ਼ਮੀਨ ਉਨ੍ਹਾਂ ਲੋਕਾਂ ਤੋਂ ਵੀ ਲੈਣੀ ਪਏਗੀ ਜਿਹੜੀਆਂ ਫਾਰਮਾਂ ਅਸੀਂ ਬਣਾ ਰਹੇ ਹਾਂ ਉਨ੍ਹਾਂ ਦੇ ਬਨਾਉਣ ਤੋਂ ਪਹਿਲਾਂ ਅਸੀਂ ਇਹ ਦਰਿਆਫਤ ਕਰ ਰਹੇ ਹਾਂ ਕਿ ਇਸ ਕਾਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਮਾਲਿਕ ਦੇ ਕੋਲ ਕਿੰਨੀ ਜ਼ਮੀਨ ਹੈ, ਤਾਕਿ ਇਹ ਕਾਨੂੰਨ ਲਗ ਸਕੇ ।

ਇਹ ਵੀ ਸ਼ਕ ਜ਼ਾਹਿਰ ਕੀਤਾ ਗਿਆ ਕਿ ਇਸ ਕਾਨੂੰਨ ਨਾਲ ਮਾਲਕਾਂ ਨੂੰ ਚਾਲ ਨਾਲ ਇਹ ਮੌਕਾ ਦਿੱਤਾ ਜਾ ਰਿਹਾ ਹੈ ਕਿ ਉਹ ਜ਼ਮੀਨ ਰਿਜ਼ਰਵ ਕਰ ਲੈਣ ਅਤੇ ਮੁਜ਼ਾਰਿਆਂ ਨੂੰ

ਉਠਾ ਸਕਣ । ਇਹ ਸ਼ਕ ਨਿਰਮੂਲ ਹੈ । ਪਹਿਲੇ ਪਹਿਲ ਜਿਹੜਾ ਕਾਨੂੰਨ ਮੁਜ਼ਾਰਿਆਂ ਲਈ ਬਣਿਆ, ਉਸ ਦੀ ਇਹ ਬੁਨਿਆਦ ਨਹੀਂ ਸੀ ਕਿ 30 ਏਕੜ ਤੋਂ ਵੱਧ ਜੋ ਜ਼ਮੀਨ ਹੈ ਉਹ ਲੈ ਲੈਣੀ ਹੈ । ਉਸ ਕਾਨੂੰਨ ਵਿਚ ਇਹ provision ਸੀ ਕਿ ਜ਼ਮੀਨ ਵਾਲੇ 30 ਏਕੜ ਜ਼ਮੀਨ reserve ਕਰ ਸਕਦੇ ਹਨ । ਅਤੇ reserve ਕਰਨ ਵਿਚ ਇਹ ਹੱਕ ਸੀ ਕਿ ਚਾਹੇ ਮੁਜ਼ਾਰਾ ਜ਼ਮੀਨ ਦੀ ਕਾਸ਼ਤ ਕਰਦਾ ਹੋਵੇ ਜਾਂ ਖੁਦ ਕਾਸ਼ਤ ਹੋਵੇ ਤਾਂ ਉਹ ਇਨ੍ਹਾਂ ਵਿਚ ਉਹ ਕਿਸੇ ਨੂੰ ਵੀ ਰਿਜ਼ਰਵ ਕਰ ਸਕਦਾ ਸੀ । ਇਸ ਤੋਂ ਬਾਅਦ ਸੰਨ 1955 ਵਿਚ ਫੇਰ ਦੁਬਾਰਾ ਕਾਨੂੰਨ ਪਾਸ ਕੀਤਾ ਗਿਆ ਅਤੇ ਪਹਿਲੀ ਗੱਲ ਨੂੰ ਬਦਲ ਦਿੱਤਾ ਗਿਆ । ਪਹਿਲੇ ਜ਼ਮੀਨ ਉਸ ਮਾਲਿਕ ਦੇ ਪਾਸ ਹੀ ਰਹਿ ਜਾਂਦੀ ਸੀ । ਮਾਲਿਕ ਮੁਜ਼ਾਰੇ ਵਾਲੀ ਜ਼ਮੀਨ ਦਾ ਮਾਲਿਕ ਸੀ ਅਤੇ ਖੁਦ ਕਾਸ਼ਤ ਦਾ ਵੀ ਮਾਲਿਕ ਰਹਿੰਦਾ ਸੀ । 1955 ਵਿਚ ਜੋ ਐਕਟ ਪਾਸ ਹੋਇਆ ਉਸ ਵਿਚ ਇਹ provision ਕੀਤਾ ਗਿਆ ਕਿ ਭਾਵੇਂ ਜ਼ਮੀਨ ਖੁਦ ਕਾਸ਼ਤ ਹੋਵੇ ਫੇਰ ਵੀ ਮਾਲਿਕ ਦੇ ਕੋਲ 30 ਏਕੜ ਹੀ ਰਹਿਣ ਦਿੱਤੀ ਜਾਏ । ਇਸ ਨਾਲ ਪਹਿਲੀ ਗੱਲ ਬਦਲ ਦਿੱਤੀ ਗਈ । ਪਹਿਲਾਂ ਮਾਲਿਕ 1,000 ਏਕੜ ਖੁਦ ਕਾਸ਼ਤ ਰਖ ਸਕਦਾ ਸੀ ਅਤੇ 1,000 ਏਕੜ ਮੁਜ਼ਾਰੇ ਦੀ ਜ਼ਮੀਨ ਦਾ ਵੀ ਮਾਲਿਕ ਰਹਿ ਸਕਦਾ ਸੀ ਅਤੇ ਜੇ ਉਹ ਚਾਹੇ ਤਾਂ ਮੁਜ਼ਾਰੇ ਉਠਾ ਸਕਦਾ ਸੀ ।

ਹੁਣ ਰੈਜ਼ਰਵੇਸ਼ਨ ਦੀ ਮਿਆਦ ਨਿਕਲ ਗਈ । ਹੁਣ ਇਹ provision principal ਐਕਟ ਵਿਚ ਹੋਇਆ ਕਿ 30 ਏਕੜ ਤੋਂ ਵੱਧ ਜੋ ਜ਼ਮੀਨ ਮਾਲਕ ਕੋਲ ਹੈ ਉਹ ਲੈ ਲਈ ਜਾਏ । ਸਿਰਫ 30 ਏਕੜ ਤਕ ਮਾਲਕ ਰਖ ਸਕਦਾ ਹੈ । ਜਿਸਨੇ reservation ਪਹਿਲਾਂ ਕਰਾ ਲਈ ਉਸਦੀ 30 ਏਕੜ ਚਲੀ ਆ ਰਹੀ ਹੈ । ਜਿਸ ਨੇ ਨਹੀਂ ਕਰਾਈ ਉਸਨੂੰ ਹੋਰ 6 ਮਹੀਨਿਆਂ ਦਾ ਮੌਕਾ ਦਿੱਤਾ ਜਾ ਰਿਹਾ ਹੈ ਕਿ ਉਹ prescribed period ਦੇ ਮੁਤਾਬਿਕ ਰੈਜ਼ਰਵੇਸ਼ਨ ਲਈ ਇੱਤਲਾ ਦੇਵੇ ਅਤੇ permissible area ਜਿਹੜਾ 30 standard acres ਹੈ ਉਸ ਦੀ ਸਿਲੈਕਸ਼ਨ ਕਰਕੇ authority ਨੂੰ ਸਿਲੈਕਸ਼ਨ ਦੀ intimation ਦੇਵੇ ।

ਹੁਣ ਭਾਵੇਂ ਉਹ ਖੁਦ ਕਾਸ਼ਤ ਹੈ, ਭਾਵੇਂ ਉਹ ਮੁਜ਼ਾਰੇ ਵਾਲੀ ਜ਼ਮੀਨ ਹੈ ਉਹ ਦੱਸ ਸਕਦਾ ਹੈ ਕਿ ਉਸਨੇ ਕਿਹੜੀ ਜ਼ਮੀਨ ਵਿਚੋਂ 30 acres ਰਖਣੀ ਹੈ । ਬਾਕੀ ਜ਼ਮੀਨ ਉਸ ਤੋਂ ਲੈ ਲੈਣੀ ਹੈ । ਜੇ ਉਹ ਮੁਜ਼ਾਰੇ ਵਾਲੀ ਜ਼ਮੀਨ ਵੀ ਰਖੇ ਤਾਂ ਉਸ ਨੂੰ ਇਹ ਹੱਕ ਨਹੀਂ ਹੋਵੇਗਾ ਕਿ ਉਹ ਮੁਜ਼ਾਰੇ ਨੂੰ ਉਠਾ ਦੇਵੇ ਉਸ ਵਕਤ ਤਕ ਜਦ ਤਕ ਕਿ ਗੌਰਮਿੰਟ ਸਰਪਲਸ ਏਰੀਆ ਵਿਚੋਂ ਉਸਨੂੰ ਹੋਰ ਜ਼ਮੀਨ ਨਹੀਂ ਦੇ ਦਿੰਦੀ ।

ਸ਼੍ਰੀ ਮਨੀ ਰਾਮ ਗੋਦਾਰਾ : ਜੇ ਕੋਈ ਅਦਮੀ ਵੇਚ ਦੇਵੇ ਤਾਂ ?

ਮਾਲ ਮੰਤ੍ਰੀ : ਇਹ ਤਾਂ ਕਿਸੇ individual ਕੇਸ ਦੀ ਗੱਲ ਹੋਈ । ਮੈਂ ਇਸ ਵੇਲੇ ਦਸ ਰਿਹਾ ਹਾਂ ਕਿ reserve ਕਰਨ ਵਾਲੇ ਦਾ ਇਸ ਕਾਨੂੰਨ ਦੇ ਤਹਿਤ ਇਕ ਰਾਇਟ (right) ਹੈ, ਇਹ right ਹਟਾਇਆ ਨਹੀਂ ਜਾ ਸਕਦਾ । ਮਾਲਕ 30 ਏਕੜ ਸਿਲੈਕਟ ਕਰੇਗਾ ਕਿਉਂਕਿ ਉਸ ਨੂੰ 30 ਏਕੜ ਸਿਲੈਕਟ ਕਰਨ ਦਾ right ਦਿੱਤਾ ਗਿਆ । ਹਾਂ, 30 ਏਕੜ ਤੋਂ ਵੱਧ ਜ਼ਮੀਨ ਦਾ ਹੱਕ ਸਰਕਾਰ ਨੇ ਉਸ ਤੋਂ ਲੈ ਲੈਣਾ ਹੈ ।

ਇਸ ਜ਼ਮੀਨ ਦੇ ਨਾਲ ਫਾਰਮਾਂ ਦੇਣ ਦਾ ਕੋਈ ਤਾਲੁੱਕ ਨਹੀਂ । ਇਸ ਵਿੱਚ ਇਹ ਨਹੀਂ ਕਿ ਜਿਹੜਾ ਫਾਰਮਾਂ ਨਹੀਂ ਦਿੰਦਾ ਤਾਂ ਉਸ ਤੋਂ 30 ਏਕੜ ਲੈ ਲਈ ਜਾਏ । ਇਸ

[ਮਾਲ ਮੰਤ੍ਰੀ]
ਬਿਲ ਵਿਚ ਤਾਂ ਇਹ ਮੌਕਾ ਦਿੱਤਾ ਜਾ ਰਿਹਾ ਹੈ ਕਿ ਉਹ ਆਪਣੀ ਖੁਦ ਕਾਸ਼ਤ ਲਈ ਇਹ ਦੱਸ ਸਕਦਾ ਹੈ ਕਿ ਕਿਹੜੀ 30 ਏਕੜ ਜ਼ਮੀਨ ਉਹ ਰਖਣਾ ਚਾਹੁੰਦਾ ਹੈ । ਜੇ ਇਸ ਵਕਤ ਉਹ ਸਿਲੈਕਟ ਨਹੀਂ ਕਰਦਾ ਤਾਂ ਫੇਰ ਸਰਕਾਰ ਦਾ ਮੁਕੱਰਰ ਕਰਦਾ ਅਫ਼ਸਰ ਹੱਕ ਮੁਕੱਰਰ ਕਰੇਗਾ ।

ਸਰਦਾਰ ਭਾਗ ਸਿੰਘ : ਜੇ ਉਹ ਲੈਂਡ ਔਨਰ ਮੁਜ਼ਾਰੇ ਨੂੰ ਨਹੀਂ ਉਠਾ ਸਕਦਾ ਤਾਂ ਮੁਜ਼ਾਰੇ ਦੀ ਜ਼ਮੀਨ ਨੂੰ select ਕਰਨ ਦਾ ਫਾਇਦਾ ਕੀ ਹੋਇਆ ?

ਮਾਲ ਮੰਤ੍ਰੀ : ਉਹ ਨਹੀਂ ਕੱਢ ਸਕਦਾ । ਹਾਂ, ਜੇ ਮੁਜ਼ਾਰਾ defaulter ਹੋਵੇ ਅਤੇ ਕੋਰਟ ਫੈਸਲਾ ਦੇਵੇ ਕਿ ਉਸ ਨੂੰ ਕੱਢ ਦਿੱਤਾ ਜਾਏ ਤਾਂ ਕਢਿਆ ਜਾ ਸਕਦਾ ਹੈ ।

ਸਰਦਾਰ ਭਾਗ ਸਿੰਘ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ...........

ਮਾਲ ਮੰਤ੍ਰੀ : ਨਹੀਂ, ਮੈਂ yield ਨਹੀਂ ਕਰਦਾ । ਇਹ ਕਾਨੂੰਨ ਦੀ ਪਾਬੰਦੀ ਹੈ ਕਿ 30 ਏਕੜ ਜ਼ਮੀਨ ਛੱਡੀ ਜਾਣੀ ਹੈ ਅਤੇ ਉਸ ਤੋਂ ਬਾਅਦ ਜਿੰਨੀ ਵੀ ਸਰਪਲਸ ਹੈ ਉਹ ਲੈ ਲਈ ਜਾਣੀ ਹੈ । 30 ਏਕੜ ਤਕ ਉਹ ਮੁਜ਼ਾਰੇ ਨੂੰ ਉਠਾ ਨਹੀਂ ਸਕਦਾ, ਜਦ ਤਕ ਕਿ ਮੁਜ਼ਾਰਾ ਲਾ ਵਲਦ ਨਾ ਹੋਵੇ ।

ਤਾਂ ਮੈਂ ਸਮਝਦਾ ਹਾਂ..............

ਸਰਦਾਰ ਅੱਛਰ ਸਿੰਘ ਛੀਨਾ : ਮੁਜ਼ਾਰਾ ਆਪਣਾ ਮੁਤਬੰਨਾ ਬਣਾ ਸਕਦਾ ਹੈ ।

ਮਾਲ ਮੰਤ੍ਰੀ : ਹਾਂ ਜੇ ਕਿਸੇ ਮੁਜ਼ਾਰੇ ਨੇ ਮੁਤਬੰਨਾ ਬਣਾਇਆ ਹੋਇਆ ਹੋਵੇਗਾ ਤਾਂ ਉਸ ਦਾ ਹਕ ਬਣ ਜਾਏਗਾ । ਪਰ ਜੇ ਕੋਈ ਮੁਜ਼ਾਰਾ ਆਪਣਾ ਮੁਤਬੰਨਾ ਨਹੀਂ ਬਣਾਉਂਦਾ ਤਾਂ ਉਹ ਜ਼ਮੀਨ ਮਾਲਕ ਦੇ ਕਬਜ਼ੇ ਵਿਚ ਚਲੀ ਜਾਏਗੀ ।

ਇਸ ਤੋਂ ਅੱਗੇ ਜਿਹੜੀਆਂ ਇਸ ਬਿਲ ਦੀਆਂ ਮੋਟੀਆਂ ਮੋਟੀਆਂ ਦਫਾਤ ਹਨ ਉਨ੍ਹਾਂ ਸੰਬੰਧੀ ਮੈਂ ਕੁਛ ਕਹਿਣਾ ਚਾਹੁੰਦਾ ਹਾਂ । ਪਹਿਲੀ ਗੱਲ ਇਸ ਵਿਚ ਇਹ ਰੱਖੀ ਹੈ ਕਿ ਸਜ਼ਾ ਕਰੜੀ ਹੋਵੇ ਜਿਸ ਦੇ ਭੈ ਕਰਕੇ ਲੋਕਾਂ ਦੇ ਕੋਲੋਂ ਫਾਰਮ ਆਉਣ । ਫਾਰਮ ਭੇਜਣ ਵੇਲੇ ਜ਼ਿਮੀਦਾਰ ਕੋਲੋਂ ਦੋ ਖਾਮੀਆਂ ਹੋ ਸਕਦੀਆਂ ਹਨ । ਇਕ ਤਾਂ ਇਹ ਕਿ ਵਕਤ ਮੁਕੱਰਰਾ ਦੇ ਅੰਦਰ ਫਾਰਮ ਨਹੀਂ ਦਿੰਦਾ ਔਰ ਦੂਸਰਾ ਇਹ ਕਿ ਉਹ ਗ਼ਲਤ ਫਾਰਮ ਦੇ ਦੇਵੇ । ਪਹਿਲੇ ਪ੍ਰਿੰਸੀਪਲ ਐਕਟ ਦੇ ਮੁਤਾਬਕ ਜਦੋਂ ਕੋਈ ਜ਼ਿਮੀਦਾਰ ਫਾਰਮ ਦੇਵੇ ਤਾਂ ਉਸ ਦੇ ਲਈ ਇਹ ਤਜਵੀਜ਼ ਕੀਤਾ ਗਿਆ ਸੀ ਕਿ ਉਹ ਨਾਲ ਇਕ ਡੈਕਲੇਰੇਸ਼ਨ (declaration) ਦੇਵੇ ਕਿ ਮੈਂ ਸਹੀ ਸਮਝ ਕੇ ਇਹ ਫਾਰਮ ਦਿੰਦਾ ਹਾਂ । ਲੇਕਿਨ ਅਗਰ ਕੋਈ ਗ਼ਲਤ ਬਿਆਨ ਦੇ ਦੇਵੇ ਤਾਂ ਉਸ ਦੀ ਉਸ ਨੂੰ ਕੋਈ ਸਜ਼ਾ ਨਹੀਂ ਸੀ ਦਿੱਤੀ ਜਾ ਸਕਦੀ । ਇਸ ਕਰਕੇ ਅਸੀਂ ਇਸ ਨਵੇਂ ਅਮੈਂਡਿੰਗ ਬਿਲ ਦੇ ਵਿਚ ਇਹ ਪਰੋਵੀਜ਼ਨ ਰਖਿਆ ਹੈ ਕਿ ਜਿਹੜਾ ਆਦਮੀ ਫਾਰਮ ਦੇਵੇ ਉਹ ਉਸ ਦੇ ਨਾਲ ਹਲਫੀਆ ਬਿਆਨ ਦੇਵੇ ਕਿ ਮੈਂ ਫਾਰਮ ਬਿਲਕੁਲ ਸਹੀ ਭਰ ਕੇ ਦਿੱਤਾ ਹੈ । ਉਸ ਸੂਰਤ ਵਿਚ ਜੇਕਰ ਕੋਈ ਫਾਰਮ ਗ਼ਲਤ ਦੇਵੇ ਤਾਂ ਉਸ ਨੂੰ ਤਾਜ਼ੀਰਾਤ ਹਿੰਦ ਦੇ ਤਹਿਤ ਜੋ ਗ਼ਲਤ ਐਫੀਡੈਵਿਟ ਦੇਣ ਦੀ ਸਜ਼ਾ ਹੈ ਉਹ ਦਿੱਤੀ ਜਾਵੇਗੀ । ਉਸ ਆਦਮੀ ਨੂੰ ਦੋ ਸਾਲ ਦੀ ਕੈਦ ਔਰ ਤਿੰਨ ਹਜ਼ਾਰ ਰੁਪਏ ਤਕ ਜੁਰਮਾਨਾ ਕੀਤਾ ਜਾ ਸਕਦਾ ਹੈ । ਦੂਜੀ ਸੂਰਤ ਵਿਚ ਅਗਰ ਕੋਈ ਆਦਮੀ ਫਾਰਮ ਨਹੀਂ ਦਿੰਦਾ ਤਾਂ ਉਸ ਦੇ ਲਈ ਇਹ ਸਜ਼ਾ ਤਜਵੀਜ਼

ਕੀਤੀ ਗਈ ਹੈ ਕਿ ਜੋ ਉਸ ਨੂੰ 30 ਸਟੈਂਡਰਡ ਏਕੜ ਜ਼ਮੀਨ ਰੱਖਣ ਦਾ ਹਕ ਮਿਲਿਆ ਹੈ ਉਹ ਖੋਹ ਲਿਆ ਜਾਵੇ ਔਰ ਉਸ ਦੇ ਕੋਲ ਸਿਰਫ 10 ਸਟੈਂਡਰਡ ਏਕੜ ਜ਼ਮੀਨ ਛੱਡੀ ਜਾਵੇ। ਕਈ ਮੇਰੇ ਮੁਹਤਰਮ ਦੋਸਤ ਕਹਿੰਦੇ ਹਨ ਕਿ ਇਹ ਸਜ਼ਾ 10 ਹਜ਼ਾਰ ਰੁਪਏ ਦੇ ਜੁਰਮਾਨੇ ਦੇ ਬਰਾਬਰ ਹੈ ਔਰ ਬਹੁਤ ਕਰੜੀ ਹੈ ਇਸ ਕਰਕੇ ਇਹ ਨਹੀਂ ਹੋਣੀ ਚਾਹੀਦੀ। ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਸਜ਼ਾਵਾਂ ਅਸੀਂ ਇਸ ਲਈ ਨਹੀਂ ਰੱਖੀਆਂ ਕਿ ਇਹ ਲੋਕਾਂ ਨੂੰ ਦੇਣੀਆਂ ਪੈਣ। ਅਸੀਂ ਸਖ਼ਤ ਸਜ਼ਾ ਇਸ ਲਈ ਮੁਕੱਰਰ ਕਰ ਰਹੇ ਹਾਂ ਕਿ ਕਿਸੇ ਨੂੰ ਸਜ਼ਾ ਨਾ ਦੇਣੀ ਪਏ ਔਰ ਲੋਕਾਂ ਦੇ ਕੋਲੋਂ ਇਸ ਦੇ ਡਰ ਕਰਕੇ ਫਾਰਮ ਆ ਜਾਣ।

ਇਸ ਤੋਂ ਬਿਨਾਂ ਅਸੈਂਬਲੀ ਵਿਚ ਔਰ ਅਸੈਂਬਲੀ ਤੋਂ ਬਾਹਰ ਵੀ ਇਕ ਹੋਰ ਵਾਜਬ ਇਤਰਾਜ਼ ਉਠਾਇਆ ਗਿਆ ਹੈ ਜਿਸ ਦੇ ਵਿਚ ਕਿ ਮੈਂ ਵਜ਼ਨ ਸਮਝਦਾ ਹਾਂ। ਮੈਨੂੰ ਉਮੀਦ ਹੈ ਕਿ ਸਾਰੇ ਹਾਊਸ ਦੇ ਮੈਂਬਰ ਵੀ ਉਸ ਤੇ ਗੌਰ ਕਰਨਗੇ। ਮੈਂ ਸਮਝਦਾ ਹਾਂ ਕਿ ਜੋ ਬੋਝਾ ਉਹ ਸਾਹਿਬ ਸਰਕਾਰ ਨੂੰ ਚੁੱਕਣ ਲਈ ਕਹਿੰਦੇ ਹਨ ਉਹ ਸਰਕਾਰ ਨੂੰ ਜ਼ਰੂਰ ਚੁਕਣਾ ਚਾਹੀਦਾ ਹੈ। ਉਨ੍ਹਾਂ ਵਲੋਂ ਇਹ ਕਿਹਾ ਜਾਂਦਾ ਹੈ ਕਿ ਜਦ ਮਾਲੀਏ ਦੇ ਕਾਗਜ਼ਾਤ ਅਤੇ ਹੋਰ ਕਈ ਕਿਸਮ ਦੇ ਕਾਗਜ਼ਾਤ ਪਟਵਾਰੀ ਸਰਕਾਰ ਨੂੰ ਤਿਆਰ ਕਰਕੇ ਦਿੰਦੇ ਹਨ ਅਤੇ ਸਰਕਾਰ ਪਾਸ ਇਕ ਬੜੀ ਵੱਡੀ ਮਾਲ ਦੀ ਏਜੰਸੀ ਮੌਜੂਦ ਹੈ ਤਾਂ ਫੇਰ ਹਰੇਕ ਆਦਮੀ ਕੋਲੋਂ ਕਿਉਂ ਫਾਰਮ complete ਕਰਵਾਉਂਦੇ ਹੋ। ਇਹ ਜੋ ਫਾਰਮ complete ਕਰਨ ਦਾ ਕੰਮ ਹੈ ਇਹ ਸਰਕਾਰ ਆਪਣੇ ਸਿਰ ਤੇ ਲਏ ਔਰ ਏਸ ਕੰਮ ਵਾਸਤੇ ਪਟਵਾਰੀਆਂ ਨੂੰ ਕਿਹਾ ਜਾਵੇ। ਇਹ ਜਿਹੜੀ ਗਲ ਹੈ ਇਸ ਦੇ ਵਿਚ ਮੈਨੂੰ ਬੜਾ ਵਜ਼ਨ ਜਾਪਦਾ ਹੈ। ਜਿੱਥੇ ਜਿੱਥੇ ਕਿਸੇ ਦੀ ਜ਼ਮੀਨ ਇਕ ਪਟਵਾਰੀ ਦੇ ਹਲਕੇ ਵਿਚ ਹੈ ਉਥੇ ਉਥੇ ਇਹ ਬੋਝਾ ਬਰਦਾਸ਼ਤ ਕੀਤਾ ਜਾ ਸਕਦਾ ਹੈ ਔਰ ਸਰਕਾਰੀ ਏਜੰਸੀ ਕਾਗਜ਼ ਤਿਆਰ ਕਰ ਸਕਦੀ ਹੈ। ਮੇਰਾ ਆਪਣਾ ਜ਼ਾਤੀ ਖਿਆਲ ਵੀ ਇਹ ਹੈ ਕਿ ਜੇ ਏਸ ਕਾਨੂੰਨ ਨੂੰ ਅਮਲ ਵਿਚ ਲਿਆਉਣਾ ਹੈ ਤਾਂ ਫਾਰਮ ਭਰਨ ਦਾ ਬੋਝ ਜ਼ਿਮੀਂਦਾਰਾਂ ਤੇ ਪਾਉਣ ਦੀ ਬਜਾਏ ਸਰਕਾਰੀ ਏਜੰਸੀ ਤੇ ਪਾਉਣਾ ਚਾਹੀਦਾ ਹੈ। ਜਿੱਥੇ ਜ਼ਿਮੀਂਦਾਰਾਂ ਦੀ ਇਕ ਪਟਵਾਰੀ ਦੇ ਹਲਕੇ ਵਿਚ ਜ਼ਮੀਨ ਹੈ ਉਸ ਦਾ ਮੁਕੰਮਲ ਰੀਕਾਰਡ ਪਟਵਾਰੀ ਦੇ ਪਾਸ ਹੁੰਦਾ ਹੈ ਇਸ ਕਰਕੇ ਉਸ ਦੀਆਂ ਫਾਰਮਾਂ ਬਣਾਈਆਂ ਜਾ ਸਕਦੀਆਂ ਹਨ।

ਮੌਲਵੀ ਅਬਦੁਲ ਗ਼ਨੀ ਡਾਰ : ਕੀ ਮੁਜ਼ਾਰਿਆਂ ਦੀਆਂ ਫਾਰਮਾਂ ਵੀ ਪਟਵਾਰੀਆਂ ਦੇ ਕੋਲੋਂ ਭਰਵਾਈਆਂ ਜਾਣਗੀਆਂ ?

ਮਾਲ ਮੰਤ੍ਰੀ : ਹਾਂ, ਜੀ, ਇਕ ਪਿੰਡ ਦੀ ਜਿਹੜੀ ਜ਼ਮੀਨ ਹੈ ਜਿਸ ਦਾ ਰਿਕਾਰਡ ਇਕ ਹਲਕੇ ਦੇ ਪਟਵਾਰੀ ਦੇ ਕੋਲ ਹੈ ਉਸ ਦੇ ਕਾਗਜ਼ ਪਟਵਾਰੀ ਤਿਆਰ ਕਰ ਸਕਦਾ ਹੈ ਲੇਕਿਨ ਕਈ ਐਸੇ ਕੇਸ ਵੀ ਹਨ ਜਿੱਥੇ ਮੁਜ਼ਾਰੇ ਅਤੇ ਮਾਲਕਾਂ ਦੀਆਂ ਜ਼ਮੀਨਾਂ ਇਕ ਪਿੰਡ ਤੋਂ ਵਧ ਪਿੰਡਾਂ ਦੇ ਵਿਚ ਵੀ ਹਨ। ਇਸ ਕਿਸਮ ਦੀਆਂ ਜ਼ਮੀਨਾਂ ਜਿਹੜੀਆਂ ਦੋ ਜਾਂ ਤਿੰਨਾਂ ਪਟਵਾਰੀਆਂ ਦੇ ਹਲਕਿਆਂ ਵਿਚ ਹਨ ਉਨ੍ਹਾਂ ਦੇ ਕਾਗਜ਼ ਸਰਕਾਰ ਵੱਲੋਂ ਨਹੀਂ ਤਿਆਰ ਕੀਤੇ ਜਾ ਸਕਦੇ। ਉਸ ਦੇ ਲਈ ਜ਼ਰੂਰੀ ਹੈ ਕਿ ਇਤਲਾਹ ਦੇਣ ਦੀ ਜ਼ਿਮੇਵਾਰੀ ਜ਼ਿਮੀਦਾਰ ਦੇ ਆਪਣੇ ਸਿਰ ਤੇ ਹੀ ਰਹੇ।

ਸਰਦਾਰ ਅੱਛਰ ਸਿੰਘ ਛੀਨਾ : On a point of information, Sir. ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਤਨਾ ਲੰਮਾ ਚੌੜਾ ਹਿਸਾਬ ਕਿਤਾਬ ਕਰਨ ਦੀ ਬਜਾਏ

[ਸਰਦਾਰ ਅੱਛਰ ਸਿੰਘ ਛੀਨਾ]

ਸਿਰਫ ਇਹ ਕਿਉਂ ਨਹੀਂ ਕਿਹਾ ਜਾਂਦਾ ਕਿ ਜਿਨ੍ਹਾਂ ਲੋਕਾਂ ਦੀ ਇਕ ਤੋਂ ਵਧ ਪਟਵਾਰ ਹਲਕਿਆਂ ਵਿਚ ਜ਼ਮੀਨ ਹੈ ਉਹ information ਦੇ ਦੇਣ ਔਰ ਜਿਨ੍ਹਾਂ ਦੀ ਇਕ ਪਿੰਡ ਵਿਚ ਹੈ ਉਹ ਚੁਪ ਰਹਿਣ ।

ਮਾਲ ਮੰਤਰੀ : ਜਨਾਬ, ਛੀਨਾ ਸਾਹਿਬ ਨੇ ਹੁਣ ਜੋ ਗੱਲ ਕਹੀ ਹੈ ਉਨ੍ਹਾਂ ਨੂੰ ਮੈਨੂੰ ਸੁਣਨ ਦੇ ਬਾਦ ਸੁਝੀ ਹੈ, ਪਹਿਲਾਂ ਉਨ੍ਹਾਂ ਨੇ ਏਸ ਪਾਸੇ ਆਪਣਾ mind apply ਨਹੀਂ ਕੀਤਾ। ਇਸ ਹਾਊਸ ਵਿਚ ਐਸੇ ਮੈਂਬਰ ਸਾਹਿਬਾਨ ਵੀ ਹਨ ਜਿਨ੍ਹਾਂ ਨੇ ਪਹਿਲੇ ਇਸ ਚੀਜ਼ ਤੇ ਆਪਣਾ mind apply ਕੀਤਾ ਸੀ ਔਰ ਇਸ ਸੰਬੰਧੀ ਆਪਣੀਆਂ ਤਰਮੀਮਾਂ ਵੀ ਭੇਜੀਆਂ ਹਨ ਔਰ ਉਨ੍ਹਾਂ ਤਰਮੀਮਾਂ ਦੇ ਆਉਣ ਤੇ ਉਨ੍ਹਾਂ ਦਾ ਹਲ ਵੀ ਨਿਕਲੇਗਾ । ਛੀਨਾ ਸਾਹਿਬ ਨੇ ਮੈਨੂੰ ਫਿਕਰਾ ਪੂਰਾ ਨਹੀਂ ਕਰਨ ਦਿੱਤਾ ਕਿ ਮੇਰਾ view ਉਸ ਦੇ ਮੁਤੱਲਿਕ ਕੀ ਹੈ । ਸ਼ਾਇਦ ਉਹ ਪਹਿਲੇ ਹੀ anticipate ਕਰ ਗਏ ਹਨ ਕਿ ਗਿਆਨੀ ਇਹ ਗਲ ਕਹਿਣ ਵਾਲਾ ਹੈ ਇਸ ਵਾਸਤੇ ਮੈਂ ਪਹਿਲੇ ਹੀ ਕਹਿ ਦਿਆਂ । ਸਪੀਕਰ ਸਾਹਿਬ, ਜਿਨ੍ਹਾਂ ਜ਼ਮੀਂਦਾਰਾਂ ਦੀ ਇਕ ਪਟਵਾਰ ਹਲਕੇ ਤੋਂ ਜ਼ਿਆਦਾ ਹਲਕਿਆਂ ਵਿਚ ਜ਼ਮੀਨ ਹੈ ਜਿਤਨਾ ਚਿਰ ਉਹ ਸਾਨੂੰ ਆਪ ਇਨਫਰਮੇਸ਼ਨ ਨਾ ਦੇਣ ਉਤਨੀ ਦੇਰ ਮਸਲਾ ਹਲ ਨਹੀਂ ਹੋ ਸਕਦਾ । ਇਸ ਵਾਸਤੇ ਏਸ ਬਿਲ ਵਿਚ ਅਗਰ ਇਹ ਤਜਵੀਜ਼ ਨਾ ਹੋਵੇ ਕਿ ਗ਼ਲਤ ਇਨਫਰਮੇਸ਼ਨ ਦੇਣ ਵਾਲੇ ਨੂੰ ਸਜ਼ਾ ਮਿਲੇਗੀ ਤਾਂ ਜਿਹੜਾ ਇਤਲਾਹ ਦੇਣ ਦਾ ਕੰਮ ਜ਼ਿਮੀਦਾਰ ਦੇ ਹਥ ਵਿਚ ਹੈ ਉਸ ਵਿਚ ਦੇਰੀ ਹੋਵੇਗੀ । ਇਸ ਲਈ ਇਕ ਪਿੰਡ ਤੋਂ ਵਧ ਪਿੰਡਾਂ ਦੀ ਜ਼ਮੀਨ ਵਾਲੇ ਲੋਕਾਂ ਦੇ ਕਾਗਜ਼ ਤਿਆਰ ਕਰਨ ਦਾ ਜੋ ਬੋਝਾ ਹੈ ਉਹ ਜ਼ਰੂਰੀ ਹੈ ਕਿ ਉਨ੍ਹਾਂ ਲੋਕਾਂ ਦੇ ਆਪਣੇ ਸਿਰ ਤੇ ਹੋਵੇ । ਇਸ ਚੀਜ਼ ਦੇ ਮੁਤੱਲਿਕ ਮੈਂ ਮੈਂਬਰ ਸਾਹਿਬਾਨ ਦੀ ਰਾਏ ਲੈਣ ਤੋਂ ਬਾਦ ਫੈਸਲਾ ਕਰਾਂਗਾ ਕਿ ਅਜਿਹੇ ਜ਼ਿਮੀਦਾਰਾਂ ਤੇ ਕਿੰਨਾ ਕੁ ਬੋਝਾ ਪੈਣਾ ਚਾਹੀਦਾ ਹੈ । ਇਹ ਬਿਲ ਇਸ ਲਈ ਪਾਸ ਕੀਤਾ ਜਾ ਰਿਹਾ ਹੈ ਕਿ ਜਿਤਨੀ surplus ਜ਼ਮੀਨ ਹੈ ਉਸ ਦੇ ਅਦਾਦੋਸ਼ੁਮਾਰ ਹਾਸਲ ਕੀਤੇ ਜਾਣ । ਮਗਰ ਮੇਰੇ ਦੋਸਤ ਛੀਨਾ ਸਾਹਿਬ ਨੇ ਇਸ ਨੂੰ ਸੀਲੈਕਟ ਕਮੇਟੀ ਦੇ ਸਪੁਰਦ ਕਰਨ ਦੀ ਮੋਸ਼ਨ ਪੇਸ਼ ਕੀਤੀ ਹੈ । ਉਹ ਕਹਿੰਦੇ ਹਨ ਕਿ ਇਕ ਜਾਮੇ ਬਿਲ ਆਉਣਾ ਚਾਹੀਦਾ ਹੈ ਤਦ ਹੀ ਮਾਮਲਾ ਠੀਕ ਹੋ ਸਕਦਾ ਹੈ । ਸਪੀਕਰ ਸਾਹਿਬ, ਇਹ ਜਿਹੜਾ ਬਿਲ ਮੈਂ ਬਣਾਇਆ ਹੈ ਇਸ ਨਾਲੋਂ ਹੋਰ ਜ਼ਿਆਦਾ ਜਾਮੇ ਬਿਲ ਬਣਾਉਣ ਲਈ ਉਨ੍ਹਾਂ ਵਲੋਂ ਕੋਈ ਨਮੂਨਾ ਪੇਸ਼ ਨਹੀਂ ਕੀਤਾ ਗਿਆ ਔਰ ਨਾ ਹੀ ਮੈਨੂੰ ਇਹ ਪਤਾ ਲੱਗਾ ਹੈ ਕਿ ਉਹ ਕਿਸ ਕਿਸਮ ਦਾ ਜਾਮੇ ਬਿਲ ਬਣਾਉਣ ਦੇ ਹਕ ਵਿਚ ਹਨ । ਮੈਂ ਉਨ੍ਹਾਂ ਨੂੰ ਯਕੀਨ ਦਿਲਾਉਂਦਾ ਹਾਂ ਕਿ ਜਦੋਂ ਵੀ ਮੈਨੂੰ ਉਹ ਇਸ ਕਿਸਮ ਦਾ ਕੋਈ ਬਿਲ ਦੱਸਣਗੇ ਉਸ ਤੇ ਵਿਚਾਰ ਕੀਤਾ ਜਾ ਸਕਦਾ ਹੈ । ਬਾਕੀ ਜਿੱਥੋਂ ਤਕ ਜ਼ਮੀਨ ਦੇ ਅਦਾਦੋਸ਼ਮਾਰ ਦਾ ਤਅੱਲੁਕ ਹੈ ਇਹ ਹਰ ਸੂਰਤ ਵਿਚ ਦਰਕਾਰ ਹਨ ਔਰ ਉਹ ਅਦਾਦੋਸ਼ੁਮਾਰ ਬਗ਼ੈਰ ਇਸ ਬਿਲ ਦੇ ਪਾਸ ਕਰਨ ਦੇ ਮੁਕੰਮਲ ਨਹੀਂ ਹੋ ਸਕਦੇ । ਜਦੋਂ ਵੀ ਛੀਨਾ ਸਾਹਿਬ ਕਦੀ ਜਾਮੇ ਬਿਲ ਲਿਆਉਣਗੇ ਤਾਂ ਇਹ ਅਦਾਦੋਸ਼ੁਮਾਰ ਮਦਦਗਾਰ ਹੋਣਗੇ । ਇਸ ਲਈ ਇਹ ਜਿਹੜਾ ਬਿਲ ਹੈ ਇਸ ਨੂੰ ਹੁਣੇ ਪਾਸ ਕਰਨ ਦੀ ਲੋੜ ਹੈ ਔਰ ਸੀਲੈਕਟ ਕਮੇਟੀ ਦੀ ਜਿਹੜੀ ਛੀਨਾ ਸਾਹਿਬ ਨੇ ਮੰਗ ਕੀਤੀ ਹੈ ਉਹ ਉਨ੍ਹਾਂ ਨੂੰ ਮੇਰੇ explanation ਤੋਂ ਬਾਦ ਵਾਪਸ ਲੈ ਲੈਣੀ ਚਾਹੀਦੀ ਹੈ ਕਿਉਂਕਿ ਉਹ ਦੇਰੀ ਕਰਨ ਵਾਲੀ ਮੋਸ਼ਨ ਹੈ । ਅਗਰ ਇਸ ਬਿਲ ਨੂੰ ਸੀਲੈਕਟ ਕਮੇਟੀ ਦੇ ਸਪੁਰਦ ਕੀਤਾ ਜਾਵੇ ਤਾਂ ਹੋ ਸਕਦਾ ਹੈ ਕਿ ਅਗਲਾ ਸੈਸ਼ਨ ਫਰਵਰੀ ਜਾਂ ਮਾਰਚ ਵਿਚ ਹੋਵੇ ਔਰ ਬਿਲ delay ਹੋ

ਜਾਵੇ । ਅਜੇ ਤਕ ਇਹ ਤਹਿ ਨਹੀਂ ਹੋਇਆ ਕਿ ਇਜਲਾਸ ਫਰਵਰੀ/ਮਾਰਚ ਤੋਂ ਪਹਿਲੇ ਹੋਵੇਗਾ । ਇਸ ਕਰਕੇ ਅਗਰ ਸੀਲੈਕਟ ਕਮੇਟੀ ਦੇ ਪਾਸ ਬਿਲ ਜਾਵੇ ਤਾਂ ਉਹ ਆਪਣੀ ਰੀਪੋਰਟ ਫਰਵਰੀ/ਮਾਰਚ ਵਿਚ ਪੇਸ਼ ਕਰੇਗੀ ਅਤੇ ਉਸ ਦੇ ਬਾਦ ਕਾਨੂੰਨ ਵਿਚ ਤਬਦੀਲੀ ਹੋਵੇਗੀ ਔਰ ਉਸ ਤੋਂ ਬਾਦ ਕਾਨੂੰਨ ਲਾਗੂ ਹੋਵੇਗਾ । ਇਸ ਦਾ ਮਤਲਬ ਇਹ ਹੋਵੇਗਾ ਕਿ ਖਾਮੁਖਾਹ ਬਿਲ ਛੇ ਮਹੀਨੇ ਲਈ ਪਿੱਛੇ ਪੈ ਜਾਵੇਗਾ । ਇਸ ਲਈ ਅੱਵਲ ਤਾਂ ਮੈਂ ਅਰਜ਼ ਕਰਾਂਗਾ ਕਿ ਛੀਨਾ ਸਾਹਿਬ ਆਪਣੀ ਮੋਸ਼ਨ ਨੂੰ ਵਾਪਸ ਲੈ ਲੈਣ ਔਰ ਜੇਕਰ ਉਹ ਵਾਪਸ ਲੈਣ ਲਈ ਤਿਆਰ ਨਾ ਹੋਣ ਤਾਂ ਮੈਂ ਹਾਊਸ ਨੂੰ ਅਪੀਲ ਕਰਾਂਗਾ ਕਿ ਉਹ ਇਸ ਨੂੰ throw out ਕਰਨ ।

ਸਰਦਾਰ ਅੱਛਰ ਸਿੰਘ ਛੀਨਾ : On a point of personal explanation Sir. ਵਜਾ ਇਹ ਹੈ ਕਿ ਗਿਆਨੀ ਜੀ ਨੇ ਦੋ ਤਿੰਨ ਬੜੇ ਅਹਿਮ ਬਿਲ ਜਿਹੜੇ ਕਿ money Bills ਸਨ ਉਹ ਪਿਛੇ ਰਖ ਲਏ ਹਨ ਅਤੇ ਉਨ੍ਹਾਂ ਨੂੰ ਸਿਲੈਕਟ ਕਮੇਟੀਆਂ ਪਾਸ ਭੇਜ ਦਿੱਤਾ ਹੈ । ਇਨ੍ਹਾਂ ਦੇ ਮੁਤੱਲਿਕ ਇਨ੍ਹਾਂ ਨੇ ਯਕੀਨ ਦਿਵਾਇਆ ਸੀ ਕਿ ਇਹ ਜ਼ਰੂਰ ਪਾਸ ਹੋਣਗੇ ; ਜਿਸ ਤਰ੍ਹਾਂ ਕਿ ਮਰਲਾ ਟੈਕਸ ਹੈ । ਮੇਰੀ ਅਰਜ਼ ਹੈ ਕਿ ਜਦੋਂ ਉਹ ਬਿਲ ਆਉਣਗੇ ਉਨ੍ਹਾਂ ਦੇ ਨਾਲ ਹੀ ਇਹ ਵੀ ਆ ਜਾਵੇਗਾ...........

ਸਰਦਾਰ ਭਾਗ ਸਿੰਘ : ਮੁਜ਼ਾਰਿਆਂ ਲਈ ਇਸ ਦੀ ਬੜੀ ਲੋੜ ਹੈ । ਹੁਣੇ ਪਾਸ ਹੋਣਾ ਚਾਹੀਦਾ ਹੈ ।

ਸਰਦਾਰ ਅਛਰ ਸਿੰਘ ਛੀਨਾ : ਜੇਕਰ session ਫਿਰ ਦਸੰਬਰ ਵਿਚ ਹੋ ਰਿਹਾ ਹੈ ਤਾਂ ਕੀ ਹਰਜ ਹੈ ਕਿ...........

ਮਾਲ ਮੰਤਰੀ : ਮੈਂ ਨਹੀਂ ਕਹਿ ਸਕਦਾ ਕਿ session ਹੋ ਰਿਹਾ ਹੈ ਜਾਂ ਨਹੀਂ । ਇਸ ਗਲ ਤੇ ਗੌਰਮਿੰਟ ਨੇ ਅਜੇ ਕੋਈ ਗੌਰ ਨਹੀਂ ਕੀਤਾ । ਪੱਕੀ ਗਲ ਕੋਈ ਨਹੀਂ ।

ਸਰਦਾਰ ਅੱਛਰ ਸਿੰਘ ਛੀਨਾ : ਜੇਕਰ session ਨਹੀਂ ਹੋ ਰਿਹਾ ਹੈ ਤਾਂ ਮੈਂ ਆਪਣੀ ਇਹ motion ਵਾਪਸ ਲੈਂਦਾ ਹਾਂ (*cheers*) .

Mr. Speaker : Question is—

That the Punjab Security of Land Tenures (Amendment) Bill be referred to a Select Committee consisting of:—

(1) Giani Kartar Singh, Revenue Minister,

(2) Shri Ram Kishan Bharolian,

(3) Shri Muni Lal,

(4) Chaudhri Inder Singh,

(5) S. Rajinder Singh,

(6) Chaudhri Bharat Singh,

(7) S. Harchand Singh,

(8) S. Waryam Singh, and

(9) Comrade Ram Chandra,

with a direction to report by 1st December, 1957.

The motion was by leave, withdrawn.

Mr. Speaker : Question is—

That the Punjab Security of Land Tenures (Amendment) Bill be taken into consideration at once.

The motion at carried

CLAUSE 2

Shri Sumer Singh (Hassanpur) : Sir, I beg to move—

In lines 4—6, *for* "under section 5-B or the area which is deemed to be surplus area under subsection (1) of section 5-C", *substitute* "as declared by the landowner or the tenant and failing of which by the prescribed authority".

ज्ञानी जी ने जो कुछ कहा है उसे सुनकर मैं अपनी amendment भी वापस ले लेता हूं ।

Mr. Speaker : Motion moved—

In lines 4—6, *for* "under section 5-B or the area which is deemed to be surplus area under subsection (1) of section 5-C", *substitute* "as declared by the landowner or the tenant and failing of which by the prescribed authority".

Mr. Speaker : Question is—

In lines 4—6, *for* "under section 5-B or the area which is deemed to be surplus area under subsection (1) of section 5-C", *substitute* "as declared by the landowner or the tenant and failing of which by the prescribed authority".

The motion was, by leave, withdrawn.

Mr. Speaker : Question is—

That Clause 2 stand part of the Bill.

The motion was carried.

CLAUSE 3

Dr. Bhag Singh (Garhshankar, 'G') : Sir, I beg to move—

In the proposed section 5-A, line 8, *between* the words "him" and "in", *insert* "immediately before the commencement of the principal Act of 1953".

ਸਪੀਕਰ ਸਾਹਿਬ, ਮੈਂ ਇਸ ਕਲਾਜ਼ ਤੇ ਦੋ amendments ਦਿਤੀਆਂ ਹੋਈਆਂ ਹਨ ਪਰ ਮੈਂ ਇਕ ਹੀ move ਕਰਨੀ ਚਾਹੁੰਦਾ ਹਾਂ । ਜੋ amendment deletion ਦੇ ਬਾਰੇ ਵਿਚ ਹੈ ਮੈਂ ਉਸ ਨੂੰ move ਨਹੀਂ ਕਰਦਾ ਅਤੇ ਦੂਜੀ ਨੂੰ move ਕਰਦਾ ਹਾਂ ।

Mr. Speaker : What is the number of the amendment that you are moving ?

ਡਾਕਟਰ ਭਾਗ ਸਿੰਘ : ਇਹ ਜੋ ਪੰਜ ਨੰਬਰ ਤੇ ਹੈ ਮੈਂ ਇਸ ਨੂੰ move ਕਰ ਰਿਹਾ ਹਾਂ ।

ਮਾਲ ਮੰਤ੍ਰੀ : On a point of order, Sir. ਇਹ ਤਾਂ principal Act ਤੇ ਕੋਈ amendment ਕਰ ਰਹੇ ਹਨ ਇਸ ਬਿਲ ਤੇ ਨਹੀਂ ਕਰ ਰਹੇ ।

ਡਾਕਟਰ ਭਾਗ ਸਿੰਘ : ਸਪੀਕਰ ਸਾਹਿਬ, ਇਹ ਜਿਹੜੀ ਮੈਂ amendment ਦਿੱਤੀ ਹੈ ਇਹ ਬਹੁਤ ਜ਼ਰੂਰੀ ਹੈ । ਇਸ amendment ਦਾ ਮਤਲਬ ਇਹ ਹੈ ਕਿ ਜਦੋਂ ਜ਼ਿਮੀਂਦਾਰ ਆਪਣੀ ਜ਼ਮੀਨ ਦਾ declaration ਦੇਣ ਤਾਂ ਉਹ ਇਹ ਵੀ ਨਾਲ ਹੀ ਦੱਸਣ ਕਿ 1953 ਵਿਚ ਜਦੋਂ ਇਹ principal Act ਪਾਸ ਹੋਇਆ ਸੀ ਤਾਂ ਉਨ੍ਹਾਂ

ਕੋਲ ਕਿੰਨੀ ਜ਼ਮੀਨ ਸੀ । ਇਸ ਦੇ ਨਾਲ ਸਾਨੂੰ ਪਤਾ ਲਗੇਗਾ ਕਿ ਉਹ ਜ਼ਮੀਨ ਜੋ ਖੁਰਦ ਬੁਰਦ ਹੋਈ ਹੈ ਉਹ ਕਿੰਨੀ ਹੈ । ਇਸ Act ਦੇ ਪਾਸ ਹੋਣ ਨਾਲ ਜ਼ਿਮੀਂਦਾਰਾਂ ਨੇ ਕਿਤਨੀ ਜ਼ਮੀਨ ਖੁਰਦ ਬੁਰਦ ਕੀਤੀ ਹੈ ਇਸ ਚੀਜ਼ ਦਾ ਪਤਾ ਲਗ ਜਾਵੇਗਾ ਅਤੇ ਸਾਡੀ information ਪੂਰੀ ਹੋ ਜਾਵੇਗੀ ।

Mr. Speaker : You move all your amendments together.

Dr. Bhag Singh : Sir, I beg to move—

In the proposed section 5-B, subsection 1, line 4, *between* "area" and "and", *insert* "from the land not occupied by the tenants".

ਮੈਂ ਜਨਾਬ ਇਸ ਬਿਲ ਦੇ ਮਨਸ਼ਾ ਨੂੰ ਵੀ ਸਮਝਿਆ ਹੈ ਅਤੇ ਫਿਰ ਗਿਆਨੀ ਜੀ ਦੀ speech ਨੂੰ ਵੀ ਬੜੇ ਗੌਰ ਨਾਲ ਸੁਣਿਆ ਹੈ । ਉਨ੍ਹਾਂ ਨੇ ਜੋ ਕੁਝ ਫਰਮਾਇਆ ਹੈ ਉਸ ਨੂੰ ਸੁਣ ਕੇ ਇਸ amendment ਦਾ ਪੇਸ਼ ਕਰਨਾ ਹੋਰ ਵੀ ਜ਼ਰੂਰੀ ਹੋ ਗਿਆ ਹੈ । ਉਨ੍ਹਾਂ ਨੇ ਫਰਮਾਇਆ ਹੈ ਕਿ land owners ਨੂੰ selection ਦਾ ਵੀ ਹਕ ਹੈ ਕਿ ਭਾਵੇਂ ਉਹ ਆਪਣੀ ਖੁਦ ਕਾਸ਼ਤ ਜ਼ਮੀਨ ਵਿਚੋਂ select ਕਰ ਲਵੇ ਭਾਵੇਂ ਜਿਹੜੀ ਮੁਜ਼ਾਰਿਆਂ ਦੇ ਪਾਸ ਹੈ ਉਸ ਵਿਚੋਂ select ਕਰ ਲਵੇ । ਇਹੋ ਹੀ ਇਸ ਬਿਲ ਦਾ ਸਭ ਤੋਂ ਮਾੜਾ ਤੇ ਹਾਨੀਕਾਰਕ ਪਹਿਲੂ ਹੈ । ਇਹ ਇਸ ਬਿਲ ਰਾਹੀਂ ਜ਼ਿਮੀਂਦਾਰ ਨੂੰ ਹਕ ਦਿੰਦੇ ਹਨ ਕਿ ਜੋ ਟੁਕੜਾ ਜ਼ਮੀਨ ਦਾ ਮੁਜ਼ਾਰੇ ਨੇ ਬੜੀ ਮੇਹਨਤ ਕਰਕੇ ਚੰਗਾ ਤੇ ਉਪਜਾਊ ਬਣਾਇਆ ਹੈ ਉਸ ਨੂੰ ਲੈ ਲਵੇ ਅਤੇ ਜਿਹੜਾ ਮਾੜਾ ਟੁਕੜਾ ਹੋਵੇ ਉਸ ਨੂੰ ਗ਼ਰੀਬ ਮੁਜ਼ਾਰੇ ਵਲ ਧਕ ਦੇਵੇ । ਇਹ ਇਸ ਬਿਲ ਵਿਚ ਇਕ ਬੜਾ ਭਾਰੀ loophole ਰਹਿ ਗਿਆ ਹੈ ਜਿਸ ਦੇ ਲਈ ਮੈਂ ਗਿਆਨੀ ਜੀ ਨੂੰ ਅਰਜ਼ ਕਰਾਂਗਾ ਕਿ ਉਹ ਇਸ ਨੂੰ ਦੂਰ ਕਰਨ । ਜਿਤਨੀ ਹਮਦਰਦੀ ਦਾ ਇਜ਼ਹਾਰ ਉਨ੍ਹਾਂ ਨੇ ਮੁਜ਼ਾਰਿਆਂ ਲਈ ਕੀਤਾ ਹੈ ਉਹ ਸਾਰੀ ਹਮਦਰਦੀ ਇਸ ਹਕ ਦੇ ਦੇਣ ਨਾਲ ਖਤਮ ਹੋ ਜਾਂਦੀ ਹੈ । ਇਸ amendment ਰਾਹੀਂ ਮੈਂ ਚਾਹੁੰਦਾ ਹਾਂ ਕਿ land-owner ਸਿਰਫ ਆਪਣੀ ਖੁਦ ਕਾਸ਼ਤ ਜ਼ਮੀਨ ਵਿਚੋਂ ਹੀ select ਕਰੇ ਅਤੇ ਮੁਜ਼ਾਰਿਆਂ ਦੀ ਜ਼ਮੀਨ ਨੂੰ ਨ ਛੇੜੇ ।

Dr. Bhag Singh : Sir, I beg to move—

In the proposed section 5-B, subsection (2), lines 5 and 6, *for* "such person is entitled to retain under the provisions of this Act", *substitute* "is not held by the tenants".

ਸਪੀਕਰ ਸਾਹਿਬ, ਇਸ ਮੇਰੀ amendment ਦਾ ਮਕਸਦ ਵੀ ਇਹੋ ਹੀ ਹੈ ਜਿਹੜਾ ਕਿ ਮੇਰੀ ਪਹਿਲੀ amendment ਦਾ ਹੈ ਕਿ ਜੇਕਰ landowner selection ਨਾ ਕਰੇ ਅਤੇ ਕੋਈ ਅਫਸਰ ਜਾਂ prescribed authority ਇਸ ਕੰਮ ਨੂੰ ਕਰੇ ਤਾਂ ਉਸ prescribed authority ਤੇ ਵੀ ਇਹੋ ਪਾਬੰਦੀ ਲਗੇ ਕਿ ਜੋ ਟੁਕੜਾ tenant ਨੇ ਠੀਕ ਕੀਤਾ ਹੈ ਉਸ ਨੂੰ land owner ਦੇ ਖਾਤੇ ਵਿਚ ਨਾ ਪਾ ਦੇਵੇ । ਇਸ amendment ਰਾਹੀਂ ਮੈਂ ਇਹ ਚਾਹੁੰਦਾ ਹਾਂ ਕਿ prescribed authority land owners ਦੀ ਖੁਦ ਕਾਸ਼ਤ ਜ਼ਮੀਨ ਵਿਚੋਂ ਹੀ select ਕਰੇ ਅਤੇ ਮੁਜ਼ਾਰਿਆਂ ਦੀ ਜ਼ਮੀਨ ਵਿਚੋਂ select ਨਾ ਕਰੇ ।

Dr. Bhag Singh : Sir, I beg to move—

Omit the proviso to subsection (2) of the proposed section 5-B.

[ਡਾਕਟਰ ਭਾਗ ਸਿੰਘ]

ਸਪੀਕਰ ਸਾਹਿਬ, ਇਸ ਦੇ ਅਗੇ ਜੋ proviso ਹੈ ਮੈਂ ਉਸਦੀ deletion ਦੀ ਇਸ amendment ਰਾਹੀਂ ਮੰਗ ਕੀਤੀ ਹੈ। ਇਸ ਦੀ ਇਸ ਲਈ ਲੋੜ ਪਈ ਹੈ ਕਿ ਇਸ ਨੇ ਬਿਲ ਵਿਚ ਇਕ ਹੋਰ loophole ਪੈਦਾ ਕਰ ਦਿੱਤਾ ਹੈ। ਉਹ ਇਹ ਕਿ ਜਦੋਂ ਤਕ ਉਹ ਅਫਸਰ landowners ਨਾਲ ਸਲਾਹ ਨਹੀਂ ਕਰ ਲੈਂਦਾ ਅਤੇ ਉਨ੍ਹਾਂ ਨੂੰ ਸੁਣ ਨਹੀਂ ਲੈਂਦਾ ਉਹ ਹੁਕਮ ਜਾਰੀ ਨਹੀਂ ਕਰ ਸਕਦਾ। ਇਸ ਦਾ ਮਤਲਬ ਇਹ ਹੈ ਕਿ ਜੇਕਰ landowner ਹਾਜ਼ਰ ਨ ਹੋਵੇ ਅਤੇ ਸਲਾਹ ਕਰਨ ਲਈ ਨ ਆਏ ਤਾਂ ਇਸ ਕੰਮ ਵਿਚ ਹੋਰ delay ਕੀਤੀ ਜਾ ਸਕਦੀ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਇਸ ਨੂੰ delete ਕੀਤਾ ਜਾਵੇ।

Dr. Bhag Singh : Sir, I beg to move—

Omit the proviso to subsection (1) of the proposed section 5-C.

ਸਪੀਕਰ ਸਾਹਿਬ, ਇਸ amendment ਦਾ ਮਤਲਬ ਵੀ ਬਿਲਕੁਲ ਉਹੋ ਹੀ ਹੈ ਜਿਹੜਾ ਕਿ ਮੇਰੀ amendment No. 12 ਦਾ ਹੈ ਕਿ landowners avoid ਨ ਕਰਨ ਅਤੇ ਇਸ ਕੰਮ ਵਿਚ delay ਨਾ ਹੋਵੇ।

Mr. Speaker : Motions moved—

In the proposed section 5-A, line 8, *between* the words "him" and "in", *insert* "immediately before the commencement of the principal Act of 1953".

In the proposed section 5-B, subsection 1, line 4, *between* "area" and "and", *insert* "from the land not occupied by the tenants".

In the proposed section 5-B, subsection (2), lines 5 and 6, *for* "such person is entitled to retain under the provisions of this Act", *substitute* "is not held by the tenants".

Omit the proviso to subsection (2) of the proposed section 5-B.

Omit the proviso to subsection (1) of the proposed section 5-C.

चौधरी भरत सिंह (गोहाना, जेनरल) : स्पीकर साहिब, यह जो बिल वज़ीर माल ने पेश किया है इस में कुछ एक खास खामियां रह गई हैं और मैं अपनी यह amendment इसी गर्ज़ से रख रहा हूं कि इनको दूर किया जाए। मैं चाहता हूं कि इस कानून को इस शक्ल में लाया जावे जिस से कि मुज़ारों को फायदा हो सके..........

अध्यक्ष महोदय : पहले आप अपनी amendment तो move करें।

(The hon. Member should move his amendment first.)

Chaudhri Bharat Singh (Gohana, General) : Sir, I beg to move—

For the proposed Section 5-A, the following section be substituted :—

"5-A. Declarations supported by affidavits to be furnished by certain landowners and tenants. Every landowner or tenant, who owns or holds land in excess of the permissible area or who owned or held, or whose ancestor owned or held land in excess of the permissible area on the 15th of August, 1947. should furnish within a period of two months from the commencement of the Punjab Security of Land Tenures (Amendment) Act, 1957, a declaration supported by an affidavit in respect of the entire land owned or held by him or by his ancestor on the 15th August, 1947, in such form and manner and to such authority as may be prescribed, giving particulars of all transfers or dispositions of land made by him or by his ancestor since 15th August, 1947".

In the proposed section 5-B, subsection (1), line 2, *between* "who" "has", *insert* "or his ancestors".

In the proposed section 5-B, subsection (1), line 3, *for* "his", *substitute* "their."

In the proposed section 5-B, Sub-section (1), line 4, *between* "area" and "and", *insert* "only from the land under his possession and self-cultivation, not effecting the rights of the tenants".

स्पीकर साहिब, वज़ीर साहिब माल ने tenants के लिए यह Bill बनाया है इसमें उन्होंने यह समझा कि 15 April, 1953 के बाद जो इंतकालात हुए उनका surplus area पर कोई असर नहीं होगा । तो हमारे लिए जरूरी हो जाता है कि हम यह देखें कि 15 April, 1953, को कितने bona fide मालिक थे । इस से पहले ज़रूरी है कि इस Act की section 6 पढ़ ली जाए जिस में यह लिखा है कि 15 August, 1947 के बाद जो इंतकालात या रहन बाकबज़ा या जो ज़मीन विरास्त में आई होगी, वह सभी इस Act के तहत owned area समझी जाएगी ।

अध्यक्ष महोदय : यह आप amendment नम्बर 15 पर बोल रहे हैं, लेकिन इसके बाद की जो आपकी amendments हैं वे भी इसी clause पर हैं । तो इसमें से कहें कि कौन सी रख लें।

(The hon. Member is speaking on an amendment at No. 15. His amendments subsequent to this also relate to this clause. He should indicate which of them are to be moved by him.)

चौधरी भरत सिंह : जनाब, मेरी यह amendments section 5-A पर हैं ।

अध्यक्ष महोदय : 5-A तो मैं ने पढ़ लिया । आपकी amendments contradictory हैं । एक तो आपने यह amendment move की है कि इस clause को substitute करें और आपने अपनी section 5-A बना कर दी है । अगर आपने वह रखनी है तो बाकी की amendments नहीं आएंगी । अगर बाकी की रखनी हैं तो यह नहीं आएगी ।

(I have read Section 5-A, but the amendments proposed by the hon. Member are contradictory. One amendment moved by him seeks substitution of this clause and he has proposed his amendment as new section 5-A. If he wants to keep this amendment, then the remaining amendments will not be permissible. If he wants to retain the latter amendments then the proposed new clause will fall.)

चौधरी भरत सिंह : इन amendments के साथ यह क्लाज़ वही बन जाएगी जो अखीर में मैंने propose की है ।

अध्यक्ष महोदय : तो आपकी इस amendment को रख लें जो नंबर 19 पर है ।

(Let the hon. Member retain his amendment appearing at Serial No. 19.)

चौधरी भरत सिंह : इस से मेरा मतलब यह है कि हम अब 15 April, 1953 की तारीख इस के लिए रख रहे हैं कि एक मालिक के पास कितनी ज़मीन है । 15th August, 1947 और 15th April, 1953 के दरमियान जो बख्शीश की है, उसका क्या बनेगा । इस

[चौधरी भरत सिंह]

तरह से वह ज़मीन 15th April, 1953 को उस मालिक की तसव्वर होगी चाहे उसने अपने पास से निकाल दी है। यह जो Bill आया है इसमें कोई ऐसी चीज़ नहीं है जो हमें यह बताए कि 15th August, 1947 से लेकर 15th April, 1953 तक जो *malafide* transfers हुई उनका क्या बनेगा। अगर ज्ञानी जी section 6 को पढ़लें तो पता लग जाएगा कि 15th April, 1953 को हमारे पास .... (*Interruptions*).

माल मंत्री : इस Bill में section 6 कोई नही है।

चौधरी भरत सिंह : मैं आपको पढ़ कर सुना दूं, अगर आपको नहीं मिलती।

माल मंत्री : पहले Act को पढ़ रहे हैं या इस Bill से ?

चौधरी भरत सिंह : यह original Act की section 6 है; मैं आपको पढ़ कर सुना देता हूं:—

> For the purposes of determining under this Act, the area owned by a landowner, all transfers of land except *bona fide* sales or mortgages with possession, or transfers resulting from inheritance, made after the 15th August, 1947, and before the commencement of this Act, shall be ignored.

जब आप के सामने ऐसी ज़मीन वाले ignore Act हो जाएंगे तो बाकी के भी रोज़ ऐसा कानून तोड़ेंगे। जितनी भी transfers उसने कीं—हिबे से या ज़मीन को बै करने से, वह ज़मीन मालिक की तसव्वर होगी। यहां आप surplus area ले रहे हैं; तो आपको यह जानना ज़रूरी होगा कि 15th April, 1953 के बाद जितनी भी *mala-fide* transfers हुई हैं उनका आपको पता लगे। जो इस वक्त आप bill लाए हैं इसमें आप एक सज़ा मुकर्रर करते हैं कि जो अपनी ज़मीन की declaration नहीं करते हम उनको सज़ा देंगे। अगर किसी भाई के पास 30 या 35 एकड़ ज़मीन है उसकी वह declaration देता है। लेकिन 15th August 1947 के बाद जिसके पास 60 एकड़ self-cultivated ज़मीन थी, उसमें से 50 एकड़ उसने बेच दी और 10 एकड़ रख ली; उसको क्या सज़ा देंगे? अगर कोई सज़ा नहीं देंगे तो उस वक्त जिन लोगों के पास 60 एकड़ ज़मीन खुदकाश्त थी वह बेच देता है, आपको इसकी इत्तलाह नहीं देता, जोकि उससे लेनी थी। Section 10 के मुताबिक वह आपको इत्तलाह नहीं देता। अगर आपको surplus land नहीं देता तो कोई remedy नहीं। और बहुत सी ऐसी चीजें हो सकती हैं। आपको इसके अंदर तो चलना निहायत ज़रूरी है। एक आदमी ने 30 एकड़ ज़मीन बेच दी; आप अब कहते हैं कि तुम अपनी ज़मीन select कर लो। इसके अंदर यह नहीं दिया कि 30 एकड़ ज़मीन जो उसके पास थी 15th April, 1953 के बाद उसका permissible area तसव्वर की जाए और बाकी की छीन लेनी चाहिए और ejected tenants को दे देनी चाहिये। यह न हो कि जो self-cultivated ज़मीन थी वह उसे बेच भी दे और select भी कर ले। यह चीज़ होनी चाहिए कि जो रकबा वह बेच चुका है, dispose of कर चुका है अब उसे permissible area के अंदर तसव्वर किया जाए और जो area उसके पास अब है उसको ..(घंटी) स्पीकर साहिब, मैंने इन दिनों में कोई टाइम नहीं लिया; मैं बोला नहीं। मेरे ख्याल में आप मेरा ख्याल रखेंगे कि जो amendments मैंने दी हैं उन पर वाज़ह तौर पर बोल सकूं। (घंटी)।

अध्यक्ष महोदय : मैंने इस लिये घंटी बजाई है ताकि दूसरे मैम्बर्ज़ को इत्तलाह हो जाए। चलिए! (I have rung the bell so that other hon. Members should be attentive. The hon. Member may continue his speech.)

चौधरी भरत सिंह : एक और मुश्किल है कि यह Bill, जो पेश किया गया है, erstwhile Pepsu और पंजाब में एक Act बन जाएगा, जो एक हिस्सा में कुछ और दूसरे में कुछ होगा। इसके अंदर, चाहे वहां यह बाज़ह बात तो नहीं, कि यहां बड़े 2 मालिक तीन-तीन साल का लगान लेकर tenants को रसीद नही देते और eject कर देते हैं, क्योंकि रसीद नहीं ली गई। Pepsu के अन्दर अगर 6 महीने का लगान नहीं दिया जाएगा तो 6 महीने के बाद 2 महीने का मौका दे कर दावा किया जाएगा। क्या जो कीमत मुकर्रर की है 10 साल की औस्त कीमत ली जाएगी? एक आदमी यह समझता है, तो वह उस ज़मीन को अपने दोस्तों के नाम, रिश्तेदारों के नाम, बड़ी शरह पर बेच रहा है, रजिस्ट्रियां करवा रहा है। यह चीज़ पंजाब में हो रही है। Pepsu वाले इलाका में यह कर दिया है कि उस ज़मीन के land revenue का 90 times या 200 रुपया फी एकड़ लिया जाएगा। वह चीज़ आ जाएगी तो tenants को ज़मीन खरीदनी मुश्किल होगी; जहां तीन साल के लगान का दावा हो जाएगा, जहां 6 महीने का लगान नहीं ले रहा, तो landlord मुज़ारे को notice दे कि मेरा लगान नहीं मिला; उसके बाद मौका नहीं देता। यह नहीं कि तीन-तीन साल का लगान भी वसूल कर ले और दावा भी हो जाए। मेरी amendment है कि Section 5-A की जगह जो मैंने propose किया है वह substitute कर दिया जाए। यह निहायत reasonable है। एक मालक के ऊपर पाबंदी लगाते हो। अगर उसका बाप मर गया; जो फौत हो गया है उसकी इस को कोई ज़िम्मेदारी नहीं। जिस शक्ल में जो ज़मीन होगी, जो 15 August, 1947 को होगी, उसने तो अपनी ज़मीन बेची होगी। एक हमारे पाकिस्तान की अच्छी legislation हुई है। वहां इस तरह किया गया है।

पाकिस्तान में सरकार ने हर एक लैंडओनर से पूछा कि कितना एरिया उसके पास रिज़र्वड है और कितना सरप्लस है। उस के हिसाब से उन्होंने वहां पर मुज़ारों की दो किस्में कर दी हैं—एक तो महफ़ूज़ा रकबे वाले और दूसरे ज़ायद रकबे वाले। जो मुज़ारे रिज़र्वड एरिया वाले हैं वे कुलेक्टर को इत्तलाह देंगे और जो ज़ायद एरिया वाले हैं वे पटवारियों को इत्तला देंगे। इस तरह उन्होंने रिज़र्वड यानी महफ़ूज़ा रकबा और सरप्लस यानी ज़ायद एरिया अलग 2 कर दिया है। वहां ज़मीन के इन्तकाल शुरू हो गये हैं। महफ़ूज़ा रकबा जो है वह वारिसान को जाएगा और ज़ायद एरिया पर वारिसान असर अंदाज़ नहीं हो सकेंगे। स्पीकर साहिब, मुझे एक बात याद आ गई है। हमारे गांव में एक आदमी बूढ़ा हो गया। उस की सत्तर एकड़ ज़मीन थी और चार लड़के थे। मैंने उन लड़कों को कहा कि बूढ़े की दवा दारू करो। तो वे कहने लगे कि सरकने दो बूढ़े को, जब यह मरेगा तो ज़मीन हमारे हाथ में आएगी। तो मैं यह अर्ज़ करना चाहता हूं कि पहले तो लड़के कहते थे कि बूढ़े का साया हमारे सिर पर कायम रहे लेकिन अब कहा करेंगे कि मरने दो बूढ़े को यह मरेगा तो हम मुज़ारों को निकाल कर ज़मीन अपने कब्ज़े में करेंगे इस लिये मैं यह कहना चाहता हूं कि

8 P. M.

[चौधरी भरत सिंह]
इस बिल के अन्दर बहुत सी खामियां हैं। सरकार जो सरप्लस एरिया का पता लगाना चाहती है वह नहीं लग सकेगा। ज्ञानी जी तो समझते हैं कि ज़मींदारों ने कोई तबदीली नहीं की होगी लेकिन मैं उन से अर्ज़ करना चाहता हूं कि वह तो उन से भी कहीं ज्यादा तेज़ हैं, उन्होंने बहुत सी तबदीलियां कर लीं और सारी ज़मीनें खुर्द बुर्द कर ली हैं। इस समय तो यह कानून पास करना ऐसा ही है जैसे कि हमारी तरफ कहते हैं गूणे पर गाटा जोड़ना, जैसे गवारा होता है उस पर बैलों को चला कर उस में से दाने निकाल लिये जाते हैं। लेकिन अगर दाने निकल जाने के बाद लकड़ियों पर बैल चलाये जाएं तो उस को बोलते हैं गूणे पर गाटा जोड़ना। इसी तरह से यह बिल लाया जा रहा है। इस से कुछ फायदा नहीं होने वाला है। सरप्लस एरिया तो पहले ही खुर्द-बुर्द किया जा चुका है। अगर सरकार वाकई कुछ करना चाहती है तो जितनी ट्रांसफर्ज़ 15 अगस्त 1947 के बाद हुई हैं उन सब को ग़ैर-कानूनी करार दिया जाना चाहिए। तब आप को पता लग सकता है कि कितनी सरप्लस ज़मीन थी। सही पता तभी लग सकेगा। (आवाज़ें शाबाश)

अध्यक्ष महोदय : शाबाश देना हाउस में ठीक नहीं है।

(It is not proper to say 'shabash' to Member in the House).

Mr. Speaker : Motions moved—

For the proposed Section 5-A, the following section be substituted :—

"5-A. Declarations supported by affidavits to be furnished by certain landowners and tenants. Every landowner or tenant, who owns or holds land ins excess of the permissible area or who owned or held, or whose ancestort owned or held land in excess of the permissible area on the 15th of August 1947, should furnish within a period of two months from the commence-ment of the Punjab Security of Land Tenures (Amendment) Act, 1957, a declaration supported by an affidavit in respect of the entire land owned or held by him or by his ancestor on the 15th August, 1947, in such form and manner and to such authority as may be prescribed, giving particulars of all transfers or dispositions of land made by him or by his ancestor since 15th August, 1947".

In the proposed section 5-B, sub-section (1), line 2, *between* "who" and "has", *insert* "or his ancestors".

In the proposed section 5-B, Sub-section (1), line 3, *for* "his", *substitute* "their".

In the proposed section 5-B, Sub-section (1), line 4, *between* "area" and "and", *insert* "only from the land under his possession and self-cultivation, not effecting the rights of the tenants".

Sardar Gurmit Singh 'Mit' (Baghapurana, 'G') : Sir, I beg to move—

In the proposed section 5-A, line 4, *between* "permissible area" and "shall furnish" *insert* "and whose land is situated in more than one Patwar Circle".

In the proposed section 5-A, line 8, *for* "entire land", *substitute* "lands".

In the proposed section 5-B, sub-section (1), line 5, *between* "authority" and "in", *insert* "within the period specified in section 5-A and".

In the proposed section 5-B, sub-section (1), lines 6 and 7, *for* "and send the same with declaration to be furnished by him under section 5-A", *substitute* the following proviso :—

"Provided that a landowner who is required to furnish a declaration under section 5-A, shall intimate his selection along with that declaration".

In the proposed section 5-C, sub-section (1), lines 4 and 5, *for* "State Government or any officer authorised by it in this behalf", *substitute* "prescribed authority not below the rank of Collector".

In the proposed section 5-C, sub-section (1), line 6, *between* "whole" and "of", *insert* "or part".

In the proposed section 5-C, sub-section (1), lines 7—9, *for* "the State Government or the authorised officer, as the case may be", *substitute* "such authority".

Mr. Speaker : Motions moved—

In the proposed section 5-A, line 4, *between* "permissible area" and "shall furnish", *insert* "and whose land is situated in more than one Patwar Circle".

In the proposed section 5-A, line 8, *for* "entire land", *substitute* "lands".

In the proposed section 5-B, sub-section (1), line 5, *between* "authority" and "in", *insert* "within the period specified in section 5-A and".

In the proposed section 5-B, sub-section (1), lines 6 and 7, *for* "and send the same with declaration to be furnished by him under section 5-A", *substitute* the following proviso :—

"Provided that a landowner who is required to furnish a declaration under section 5-A shall intimate his selection along with that declaration".

In the proposed section 5-C, sub-section (1), lines 4 and 5, *for* "State Government or any officer authorised by it in this behalf", *substitute* "prescribed authority not below the rank of Collector".

In the proposed section 5-C, sub-section (1), line 6, *between* "whole" and "of", *insert* "or part".

In the proposed section 5-C, sub-section (1), lines 7—9, *for* "the State Government or the authorised officer, as the case may be", *substitute* "such authority".

Sardar Bhag Singh (Raikot, 'R') : Sir, I beg to move—

For the proposed sections 5-B, and 5-C, *substitute* the following :—

"5-B. (1) If a landowner failed to reserve the area for self-cultivation within the prescribed period as provided in the parent Act, he has forfeited the right to do so, now. The State Government or any other officer authorised by it in this behalf may by order direct that the whole of the land of such landowner or tenant in excess of 10 standard acres to be specified by the State Government or the authorised officer, as the case may be, shall be deemed to be surplus area of such landowner or tenant and shall be utilised by the State Government for the purpose mentioned in Section 10-A.

(2) Where a landowner or tenant who is required to furnish a declaration under section 5-A fails to do so the prescribed authority may in respect of him obtain the information required to be shown in the declaration through such agency as it may deem fit".

ਸਪੀਕਰ ਸਾਹਿਬ, ਜਿੰਨੀ ਦੇਰ ਤਕ ਮੈਂ ਵਜ਼ੀਰ ਸਾਹਿਬ ਦੀ ਸਪੀਚ ਨਹੀਂ ਸੀ ਸੁਣੀ ਉੱਨੀਂ ਦੇਰ ਤਕ ਮੈਂ Communist ਭਾਈਆਂ ਨਾਲ ਲੜਦਾ ਰਿਹਾ ਹਾਂ ਕਿ ਇਹ ਤਾਂ ਬੜਾ Progressive measure ਹੈ ਅਤੇ ਇਸ ਕਰ ਕੇ ਸਾਨੂੰ whole heartedly ਇਸ ਨੂੰ support ਕਰਨਾ ਚਾਹੀਦਾ ਹੈ । ਲੇਕਿਨ ਜਦੋਂ Minister ਸਾਹਿਬ, ਨੇ ਇਸ ਦੀ ਵਜ਼ਾਹਤ ਕੀਤੀ ਕਿ ਹਰ ਇਕ ਲੈਂਡ ਔਨਰ ਨੂੰ ਇਹ ਅਜਾਜ਼ਤ

[ਸਰਦਾਰ ਭਾਗ ਸਿੰਘ]

ਹੋਵੇਗੀ ਕਿ ਉਹ ਚਾਹੇ ਆਪਣੇ reserved area ਨੂੰ ਅਤੇ ਚਾਹੇ tenants ਵਾਲੇ area ਨੂੰ select ਕਰ ਸਕਦਾ ਹੈ ਅਤੇ ਜਦ ਮੈਂ ਇਹ ਸੁਣਿਆ ਤਾਂ ਮੇਰੇ ਮਨ ਵਿਚ ਨਾ ਸਿਰਫ ਇਹ ਖਦਸ਼ਾ ਪੈਦਾ ਹੋ ਗਿਆ ਬਲਕਿ ਯਕੀਨ ਹੋ ਗਿਆ ਕਿ ਇਹ measure ਮੁਜ਼ਾਰਿਆਂ ਦੇ ਹਕ ਵਿਚ ਨਹੀਂ। ਇਹ ਮੁਜ਼ਾਰਿਆਂ ਦੇ ਖਲਾਫ਼ ਹੈ। ਮੇਰਾ ਵਿਚਾਰ ਸੀ ਕਿ ਇਸ amendment ਨੂੰ move ਨਾ ਕਰਾਂ, ਪਰ ਜੋ principal act ਹੈ ਉਸ ਵਿਚ ਦਫਾ ਚੌਦਾਂ ਦੀ Sub-clause ਦੋ ਪੜ੍ਹੀ ਤਾਂ ਇਸ measure ਤੋਂ ਮੈਨੂੰ ਹੋਰ ਵੀ ਬੜਾ ਡਰ ਲਗਣ ਲਗ ਪਿਆ। ਜਿਸ ਵਿਚ ਇਹ ਲਿਖਿਆ ਹੋਇਆ ਹੈ

> A landowner desiring to recover arrears of rent from a tenant shall apply in writing to the Assistant Collector, Second Grade, having jurisdiction, who shall thereupon send a notice, in the form prescribed, to the tenant either to deposit the rent or value thereof, if payable in kind, or give proof of having paid it or of the fact that he is not liable to pay the whole or part of the rent, or of the fact of the landlord's refusal to receive the same or to give a receipt, within the period specified in the notice. Where, after summary determination as provided for in sub-section (2) of section 10 of this Act, the Assistant Collector finds that the tenant has not paid or deposited the rent, he shall eject the tenant summarily and put the landowner in possession of the land concerned.

ਇਸ clause ਦੀ ਮੌਜੂਦਗੀ ਵਿਚ ਇਹ ਅਖਤਿਆਰ ਦੇਣਾ landlords ਨੂੰ ਕਿ ਉਹ tenants ਦੇ ਕਬਜ਼ੇ ਵਿਚ ਜੋ area ਹੈ ਉਸ ਨੂੰ ਵੀ Select ਕਰ ਸਕਦਾ ਹੈ virtually ਇਹ ਅਖਤਿਆਰ ਦੇਣਾ ਹੈ ਕਿ ਉਹ ਜਿੰਨੇ ਵੀ tenants ਨੂੰ ਬੇਦਖਲ ਕਰਨਾ ਚਾਹਵੇ ਤਾਂ ਕਰ ਲਵੇ। ਸਾਡੀ ਸਰਕਾਰ ਦਾ ਵੀ, ਉਪਰ ਵਾਲੀ ਸਰਕਾਰ ਦਾ ਵੀ ਅਤੇ hon. Members ਦਾ ਵੀ ਇਹ ਖਿਆਲ ਹੈ ਕਿ ਜਿਹੜੇ Revenue Officers ਹਨ ਉਹ ਅਜੇ ਤਕ Pro-landlords ਹਨ, ਉਹ Pro-tenants ਨਹੀਂ ਹਨ ਇਸ ਕਰਕੇ ਮੈਂ ਆਪਣੇ Revenue Minister ਸਾਹਿਬ ਅਗੇ appeal ਕਰਾਂਗਾ ਕਿ ਇਸ amendment ਨੂੰ ਮੰਜ਼ੂਰ ਕਰਨ। ਜਿਹੜਾ Section 5 (B) ਹੈ ਇਸ ਨੂੰ delete ਕਰ ਕੇ ਇਹ amendment ਮੰਜ਼ੂਰ ਕਰ ਲੈਣ ਤਾਂ ਜੋ ਮੁਜ਼ਾਰਿਆਂ ਦਾ ਥੋੜਾ ਬਹੁਤ ਤਾਂ ਭਲਾ ਹੋਵੇ। ਮੈਂ ਉਮੀਦ ਕਰਦਾ ਹਾਂ ਕਿ ਗਿਆਨੀ ਜੀ ਜਿਹੜੇ ਕਿ proletariat ਹਨ ਇਸ ਗਲ ਦੀ ਹਮਾਇਤ ਕਰਨਗੇ।

Mr. Speaker : Motion moved—

For the proposed sections 5-B and 5-C, *substitute* the following :—

"5-B. (1) If a landowner failed to reserve the area for self-cultivation within the prescribed period as provided in the parent Act, he has forfeited the right to do so now. The State Government or any other officer authorised by it in this behalf may by order direct that the whole of the land of such landowner or tenant in excess of 10 standard acres to be specified by the State Government or the authorised officer, as the case may be, shall be deemed to be surplus area of such landowner or tenant and shall be utilised by the State Government for the purpose mentioned in section 10-A

(2) Where a landowner or tenant who is required to furnish a declaration under section 5-A, fails to do so, the prescribed authority may in respect of him obtain the information required to be shown in the declaration through such agency as it may deem fit".

ਮਾਲ ਮੰਤ੍ਰੀ (ਗਿਆਨੀ ਕਰਤਾਰ ਸਿੰਘ) : ਜਨਾਬ, ਸਰਦਾਰ ਗੁਰਮੀਤ ਸਿੰਘ ਜੀ ਨੇ ਜਿਹੜੀਆਂ amendments ਦਿੱਤੀਆਂ ਹਨ ਯਾਨੀ ਨੰਬਰ 43, 44, 45, 46, 47 ,48 ਤੇ 49, ਉਨ੍ਹਾਂ ਨੂੰ ਮੈਂ ਕਬੂਲ ਕਰਦਾ ਹਾਂ। ਜਿਹੜੀਆਂ amendments ਉਨ੍ਹਾਂ ਵਲੋਂ ਆਈਆਂ ਹਨ ਉਨ੍ਹਾਂ ਦਾ ਮੁੱਦਾ ਇਹ ਹੈ—

ਸਭ ਤੋਂ ਪਹਿਲਾਂ ਇਸ ਬਿਲ ਵਿਚ ਜੋ proposed Sub-clause 5-A ਹੈ ਇਸ ਵਿਚ ਇਹ ਲਿਖਿਆ ਹੋਇਆ ਹੈ ਕਿ Every landowner or tenant, who owns or holds land in excess of the permissible area shall furnish, within a period of six months from the commencement of the Punjab Security of Land Tenures (Amendment) Act, 1957, a declaration supported by an affidavit in respect of the entire land owned or held by him in such form and manner and to such authority as may be prescribed ਇਨ੍ਹਾਂ ਨੇ ਇਸ ਵਿਚ ਇਹ ਤਜਵੀਜ਼ ਰਖੀ ਹੈ ਕਿ, permissible area, ਤੇ shall, ਵਿਚਘਾਰ and whose land is situated in more than one Patwar Circle, ਵੀ ਭਰ ਦਿੱਤਾ ਜਾਵੇ ਇਸ ਦਾ ਮਤਲਬ ਇਹ ਹੈ ਕਿ ਜਿਸ ਆਦਮੀ ਦੀ ਜ਼ਮੀਨ ਇਕ ਤੋਂ ਜ਼ਿਆਦਾ ਪਟਵਾਰ ਸਰਕਲ ਵਿਚ ਹੋਵੇ ਉਹੀ ਇਹ information furnish ਕਰੇਗਾ। ਇਕ ਹੀ circle ਵਿਚ ਜਿਸ ਦੀ ਜ਼ਮੀਨ ਹੋਵੇਗੀ ਉਸ ਨੂੰ ਇਸ ਐਕਟ ਦੀ ਰਾਹੀਂ ਇਹ information ਭੇਜਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ—ਉਸ ਨੂੰ ਗੌਰਮਿੰਟ ਭਾਵੇਂ ਕਿਸੇ ਹੋਰ ਤਰੀਕੇ ਨਾਲ ਹਾਸਲ ਕਰ ਲਵੇ।

ਇਸ ਤੋਂ ਅਲਾਵਾ ਦੂਜੀ amendment ਜਿਹੜੀ ਕਿ ਮੈਂ ਕਬੂਲ ਕਰਦਾ ਹਾਂ ਉਹ ਇਹ ਹੈ ਕਿ ਇਸੇ clause ਵਿਚ ਜਿਹੜੀ declaration supply ਕਰਨੀ ਹੈ ਉਸ ਲਈ ਬਜਾਏ 'entire land' ਦੇ ਲਫ਼ਜ਼ lands ਲਿਖਿਆ ਜਾਵੇ। ਇਸ ਦਾ ਮਤਲਬ ਇਹ ਹੈ ਕਿ ਜਿਹੜੀ ਜ਼ਮੀਨ ਹੈ ਉਹ ਇਕ ਪਿੰਡ ਤੋਂ ਛੁਟ ਕਈਆਂ ਪਿੰਡਾਂ ਵਿਚ ਹੋ ਸਕਦੀ ਹੈ। ਇਸ ਲਈ entire land ਦੇ ਲਫ਼ਜ਼ਾਂ ਨਾਲ ਜਿਹੜੀ ਦਿੱਕਤ ਹੋ ਸਕਦੀ ਹੈ ਉਹ ਇਸ amendment ਰਾਹੀਂ ਦੂਰ ਕੀਤੀ ਗਈ ਹੈ। ਇਸੇ ਤਰ੍ਹਾਂ ਉਨ੍ਹਾਂ ਦੀ 45 ਨੰਬਰ ਵਾਲੀ amendment ਵੀ ਚੰਗੀ ਹੈ ਜੋ position ਨੂੰ ਸਾਫ਼ ਕਰਦੀ ਹੈ।

ਇਸ ਤੋਂ ਬਾਅਦ clause 5 B ਆਉਂਦੀ ਹੈ। ਹੁਣ ਇਹ ਵੇਖਿਆ ਗਿਆ ਹੈ ਕਿ ਜ਼ਿਮੀਦਾਰਾਂ ਨੇ ਆਪਣੀ ਜ਼ਮੀਨ ਦੀ ਜਿਹੜੀ ਪਹਿਲੀ ਵੰਡੇ ਸੀ ਉਸ ਦੇ ਵੀ ਬਹੁਤ ਸਾਰੇ ਹਿੱਸੇ ਬਦਲ ਦਿੱਤੇ ਹਨ। ਕੁਝ ਸੂਰਤਾਂ ਵਿਚ ਬਾਜ਼ ਜ਼ਿਮੀਦਾਰ declaration ਅਤੇ affidavit ਦੇਣ ਤੋਂ ਬਰੀ ਹੋ ਗਏ। ਕੁਝ ਨੇ declarations ਭੇਜੀਆਂ। ਹੁਣ clause 5-B ਵਿਚ ਇਹ ਹੈ ਕਿ ਸਾਰੇ ਦੇ ਸਾਰੇ land-owners ਨੇ ਜਿਥੇ 5-A ਦੇ ਮੁਤਾਬਿਕ declarations ਦੇਣੀਆਂ ਹਨ; ਜਿਨ੍ਹਾਂ landlords ਨੇ ਆਪਣੀ selection ਨਹੀਂ ਸੀ ਦਖਾਈ ਉਹ declaration ਦੇ ਨਾਲ ਨਾਲ ਇਹ ਵੀ ਲਿਖ ਕੇ ਭੇਜ ਦੇਵੇ। ਇਸ ਮਕਸਦ ਲਈ ਜਿਹੜੀ amendment ਉਨ੍ਹਾਂ ਨੇ ਭੇਜੀ ਹੈ ਉਸ ਨੂੰ ਵੀ ਮੈਂ ਕਬੂਲ ਕਰਦਾ ਹਾਂ।

[ਮਾਲ ਮੰਤ੍ਰੀ]

Clause 5-B ਦੇ ਮੁਤਾਬਕ ਜਿਹੜੀ declaration ਅਤੇ affidavit landlord ਨੇ ਭੇਜਣਾ ਹੈ ਉਹ authorised officer ਕੋਲ ਭੇਜਣ ਦਾ ਪ੍ਰਬੰਧ ਇਸ ਬਿਲ ਵਿਚ ਕੀਤਾ ਗਿਆ ਸੀ। ਜਿਹੜਾ ਇਹ ਇੱਤਲਾਹ ਨਹੀਂ ਭੇਜਦਾ ਉਸ ਲਈ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਸਜ਼ਾ ਦੇਣ ਦਾ ਹਕ ਗੌਰਮਿੰਟ ਨੇ ਆਪਣੇ ਪਾਸ ਰਖਿਆ ਸੀ। ਕਈਆਂ ਮੈਂਬਰ ਸਾਹਿਬਾਨ ਨੇ ਇਹ ਇਤਰਾਜ਼ ਕੀਤਾ ਹੈ ਕਿ ਇਹ ਹਕ ਜੇ ਗੌਰਮਿੰਟ ਕੋਲ ਰਹਿਣ ਦਿੱਤਾ ਗਿਆ ਤਾਂ ਇਹ ਬੜੀ ਖਤਰਨਾਕ ਗਲ ਹੈ। ਇਸ ਲਈ ਉਹ ਇਹ ਕਹਿੰਦੇ ਹਨ ਕਿ ਕੋਈ authority prescribe ਹੋਣੀ ਚਾਹੀਦੀ ਹੈ ਜਿਸ ਦੇ ਹਥ ਵਿਚ ਇਹ ਸਜ਼ਾ ਦੇਣ ਦਾ ਮਾਮਲਾ ਹੋਵੇ। ਇਹ ਵੀ ਆਖਿਆ ਗਿਆ ਹੈ ਕਿ ਹੋਰ ਵੀ ਕਿਸੇ ਕਾਨੂੰਨ ਵਿਚ ਸਜ਼ਾ ਦੇਣ ਦਾ ਹਕ ਇਸ vague ਤਰੀਕੇ ਨਾਲ ਗੌਰਮਿੰਟ ਦੇ ਹੱਥ ਵਿਚ ਨਹੀਂ ਰਖਿਆ ਗਿਆ। ਇਸ ਚੀਜ਼ ਨੂੰ ਸਾਫ਼ ਕਰਨ ਲਈ ਸਰਦਾਰ ਗੁਰਮੀਤ ਸਿੰਘ ਜੀ ਨੇ ਜੋ amendment ਦਿੱਤੀ ਹੈ ਉਸ ਵਿਚ ਇਹ prescribed authority 'Collector, ਰਖੀ ਗਈ ਹੈ ਕਿ ਜਿਸ ਨੂੰ ਇਹ ਇਖਤਿਆਰ ਦਿੱਤਾ ਜਾਵੇ। ਗੌਰਮਿੰਟ ਇਸ amendment ਨੂੰ ਵੀ ਮਨਜ਼ੂਰ ਕਰਦੀ ਹੈ।

Clause 5-C (A) ਵਿਚ ਇਹ ਵੀ provision ਕੀਤਾ ਗਿਆ ਹੈ ਕਿ ਜੇ ਕੋਈ information ਨਹੀਂ ਦਿੰਦਾ ਤਾਂ ਉਸ ਨੂੰ ਜਿਹੜੀ ਸਜ਼ਾ ਦਿੱਤੀ ਜਾਵੇਗੀ ਉਹ ਇਹ ਹੈ ਕਿ 10 ਏਕੜ ਨੂੰ ਛਡ ਕੇ ਬਾਕੀ ਦੀ ਸਾਰੀ ਜ਼ਮੀਨ Surplus ਵਿਚ ਲੈ ਲਈ ਜਾਵੇਗੀ। ਇਸ ਚੀਜ਼ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਉਸ ਨੂੰ ਮੌਕਾ ਦਿੱਤਾ ਜਾਵੇਗਾ ਇਹ ਜਾਨਣ ਲਈ ਕਿ ਉਸ ਨੇ ਬਦਨੀਅਤੀ ਕਰਕੇ ਹੀ ਇਹ information ਨਹੀਂ ਦਿੱਤੀ ਜਾਂ ਕਿਸੇ ਖਾਸ ਵਜੂਹਾਤ ਕਰਕੇ ਉਹ incapable ਸੀ। ਇਨ੍ਹਾਂ ਦਾ ਇਹ ਵਿਚਾਰ ਹੈ ਕਿ ਦੋਹਾਂ ਹਾਲਤਾਂ ਵਿਚ ਇਕੋ ਜਿਹੀ ਸਜ਼ਾ ਨਹੀਂ ਹੋਣੀ ਚਾਹੀਦੀ। ਕੁਝ ਨਾ ਕੁਝ ਇਮਤਿਆਜ਼ ਹੋਣਾ ਚਾਹੀਦਾ ਹੈ। ਇਸ ਲਈ ਜੇ ਵਾਕਈ ਜਾਣਬੁਝ ਕੇ ਇਹ ਇਤਲਾਹ ਨਹੀਂ ਦਿੱਤੀ ਤਾਂ ਬੇਸ਼ਕ 10 ਏਕੜ ਦੀ ਸ਼ਰਤ ਨੂੰ ਰਹਿਣ ਦਿੱਤਾ ਜਾਵੇ ਪਰ ਜੇ ਉਹ ਸਚਮੁਚ ਲਾਚਾਰ ਹੀ ਰਿਹਾ ਹੋਵੇ ਤਾਂ ਇਨ੍ਹਾਂ ਦਾ ਇਹ ਸੁਝਾਉ ਹੈ ਕਿ ਉਸ ਨਾਲ ਐਨੀ ਸਖਤੀ ਨਹੀਂ ਹੋਣੀ ਚਾਹੀਦੀ। ਹੁਣ ਜਿਹੜੀ amendment ਮੈਂ ਕਬੂਲ ਕੀਤੀ ਹੈ ਉਸ ਦਾ ਮਕਸਦ ਇਹ ਹੈ ਕਿ ਸਜ਼ਾ ਦੇਣ ਵੇਲੇ ਮੌਕੇ ਦੇ ਮੁਤਾਬਿਕ ਦਸ ਏਕੜ ਤੋਂ ਜ਼ਿਆਦਾ ਵੀ ਉਸ ਨੂੰ ਛੱਡੀ ਜਾ ਸਕਦੀ ਹੈ। ਇਨ੍ਹਾਂ ਚੀਜ਼ਾਂ ਨੂੰ ਮੰਨ ਲੈਣ ਤੋਂ ਪਿੱਛੋਂ 49 ਨੰਬਰ ਦੀ amendment ਇਕ Consequential amendment ਹੈ।

ਇਨ੍ਹਾਂ ਤੋਂ ਅਲਾਵਾ ਇਕ ਚੀਜ਼ ਚੌਧਰੀ ਭਰਤ ਸਿੰਘ ਹੋਰਾਂ ਕਹੀ ਹੈ ਕਿ ਇਹ ਇਤਲਾਹ ਸਨ 1947 ਤੋਂ ਲਈ ਜਾਵੇ ਕਿ ਜ਼ਮੀਨ ਕਿਸ ਤਰ੍ਹਾਂ ਹਾਸਲ ਕੀਤੀ ਗਈ। ਜਦ principal Act ਵਿਚ ਇਹ ਚੀਜ਼ ਮੌਜੂਦ ਹੈ ਕਿ ਇਸ ਜ਼ਮੀਨ ਦੀ information ਸਨ 1947 ਤੋਂ ਦੇਣੀ ਹੈ ਤਾਂ ਮੈਂ ਨਹੀਂ ਸਮਝਦਾ ਕਿ ਇਸ ਵਾਸਤੇ ਹੁਣ ਹੋਰ ਨਵਾਂ provision ਕਰਨ ਦੀ ਕੀ ਲੋੜ ਹੈ। Transfers and alienation ਦੀ ਸਾਰੀ information ਗੌਰਮਿੰਟ ਨੇ collect ਕਰਨੀ ਹੈ।

ਸਰਦਾਰ ਭਗਤ ਸਿੰਘ ਜੀ ਨੇ ਕਿਹਾ ਹੈ ਕਿ ਮਨਿਸਟਰ ਸਾਹਿਬ ਦੀ ਗਲ ਸੁਣ ਕੇ ਤਾਂ ਮੈਨੂੰ ਨਿਸ਼ਚਾ ਹੋ ਗਿਆ ਸੀ ਪਰ ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਬਿਲ ਦੀ

Section 5-B ਨਹੀਂ ਰਹਿਣੀ ਚਾਹੀਦੀ । ਮੈਂ ਉਨ੍ਹਾਂ ਦੀ ਸਾਰੀ ਸਪੀਚ ਸੁਣੀ ਹੈ । ਉਸ ਤੋਂ ਬਾਦ ਇਸੇ ਗਲ ਦਾ ਕਾਇਲ ਹੋਇਆ ਹਾਂ ਕਿ ਇਹ ਜ਼ਰੂਰ ਰਹਿਣੀ ਚਾਹੀਦੀ ਹੈ । ਉਹ ਕਿਉਂ ? ਇਨ੍ਹਾਂ ਨੇ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਜਦੋਂ ਮੁਜ਼ਾਰੇ ਕਢੇ ਜਾਂਦੇ ਹਨ ਤਾਂ ਜਿਹੜੇ ਅਫਸਰ ਹਨ ਉਹ land lord ਵਲ inclined ਰਹਿੰਦੇ ਹਨ । ਇਸ ਤਰ੍ਹਾਂ ਉਹ ਗਲਤ ਫੈਸਲਾ ਦਿੰਦੇ ਹਨ । ਉਹ ਚਾਹੁੰਦੇ ਹਨ ਕਿ ਫੈਸਲਾ ਦੇਣ ਦੇ ਸਿਲਸਿਲੇ ਵਿਚ ਕੋਈ amendment ਲਿਆਂਦੀ ਜਾਵੇ । ਉਹ ਇਹ ਚਾਹੁੰਦੇ ਹਨ ਕਿ ਕੋਈ ਮੁਜਾਰਿਆਂ ਦੀ ਕਮੇਟੀ ਬਣਾਈ ਜਾਵੇ ਜਿਹੜੀ ਕਿ ਇਨ੍ਹਾਂ ਗਲਾਂ ਦਾ ਫੈਸਲਾ ਕਰੇ—ਮਾਲਕਾਂ ਅਤੇ ਮੌਜੂਦਾ ਅਫਸਰਾਂ ਨੂੰ ਕੋਈ ਇਖਤਿਆਰ ਨ ਰਹੇ । ਜਦ principal Act ਵਿਚ ਇਕ ਖਾਸ ਗਲ ਮੌਜੂਦ ਹੈ ਤਾਂ ਉਸ ਨੂੰ ਛੇੜਣ ਦਾ ਕੀ ਫ਼ਾਇਦਾ ? ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਸ਼ਕੂਕ ਬੇਬੁਨਿਆਦ ਹਨ ਇਸ ਲਈ ਉਹ ਚੀਜ਼ ਇਸੇ ਤਰ੍ਹਾਂ ਰਹੇਗੀ । ਇਤਨੀ ਗਲ ਕਹਿ ਕੇ ਮੈਂ ਇਸ ਸਿਲਸਿਲੇ ਵਿਚ ਆਪਣੇ ਵਿਚਾਰ ਖਤਮ ਕਰਦਾ ਹਾਂ ।

ਡਾਕਟਰ ਭਾਗ ਸਿੰਘ : ਤੁਸਾਂ ਇਸ ਗਲ ਨੂੰ ਸਾਫ਼ ਨਹੀਂ ਕੀਤਾ ਕਿ ਮਾਲਕ ਨੇ ਜਿਹੜੀ selection ਕਰਨੀ ਹੈ ਉਹ ਮੁਜਾਰੇ ਵਾਲੀ ਜ਼ਮੀਨ ਵਿਚੋਂ ਵੀ ਕਰ ਸਕੇਗਾ ਜਾਂ ਨਹੀਂ ।

ਮਾਲ ਮੰਤ੍ਰੀ : ਮੈਂ ਪਹਿਲੇ ਹੀ ਦਸਿੱਆ ਹੈ ਕਿ Selection ਕਰਨ ਦਾ ਮਤਲਬ ਇਹ ਨਹੀਂ ਕਿ ਉਹ ਜ਼ਮੀਨ ਮਾਲਕ ਲੈ ਲਵੇਗਾ । ਉਹ ਮੁਜ਼ਾਰੇ ਕੋਲ ਹੀ ਰਹੇਗੀ । ਇਹ ਚੀਜ਼ ਉਨ੍ਹਾਂ ਲਈ ਹੈ ਜਿਨ੍ਹਾਂ ਨੇ ਅਜੇ ਜ਼ਮੀਨ reserve ਨਹੀਂ ਕਰਾਈ ਸੀ । ਯਾਨੀ ਜ਼ਮੀਨ ਉਨ੍ਹਾਂ ਦੇ ਆਪਣੇ ਕੋਲ ਵੀ ਹੈ ਤੇ ਮੁਜ਼ਾਰੇ ਨੂੰ ਵੀ ਵਾਹੁਣ ਲਈ ਦਿੱਤੀ ਹੋਈ ਹੈ । ਫਿਰ ਜੋ ਜ਼ਮੀਨ surplus ਵਿਚ ਲੈਣੀ ਹੈ ਉਹ ਸਾਰੀ ਦੀ ਸਾਰੀ ਜ਼ਮੀਨ ਨਹੀਂ ਲੈ ਲੈਣੀ 30 Standard acres ਤੋਂ ਉਪਰ ਵਾਲੀ ਹੀ ਲਈ ਜਾਵੇਗੀ । ਕਈਆਂ ਮੈਂਬਰ ਸਾਹਿਬਾਨ ਨੂੰ ਇਸ point ਤੇ ਗਲਤਫ਼ਹਿਮੀ ਲਗੀ ਹੈ ਕਿ ਜਿਨ੍ਹਾਂ ਮਾਲਕਾਂ ਨੇ ਪਹਿਲੇ reserve ਕਰਾਈ ਹੈ ਸਿਰਫ ਉਨ੍ਹਾਂ ਦੇ ਪਾਸ ਹੀ 30 Standard acre ਰਹਿ ਜਾਵੇਗੀ ਬਾਕੀਆਂ ਦੀ ਸਾਰੀ ਦੀ ਸਾਰੀ ਜ਼ਮੀਨ ਲੈ ਲਈ ਜਾਵੇਗੀ । ਨਹੀਂ । ਇਸ ਐਕਟ ਦਾ ਜਿਹੜਾ ਕਿ ਸਭ ਤੋਂ ਪਹਿਲਾਂ ਬਣਿਆਂ, ਮਨਸ਼ਾ ਇਹ ਸੀ ਕਿ 30 Standard acre ਤਾਂ ਸਭਨਾ ਪਾਸ ਰਹੇਗੀ ? ਉਸ ਤੋਂ ਉਪਰ ਜਿਹੜੀ ਜ਼ਮੀਨ ਹੋਵੇਗੀ ਸਿਰਫ ਉਹ ਹੀ surplus area ਵਿਚ ਗਿਣੀ ਜਾਵੇਗੀ । ਹਾਂ, ਇਹ information ਜਿਹੜਾ prescribed ਅਰਸੇ ਵਿਚ ਨਹੀਂ ਦਿੰਦਾ ਉਸ ਲਈ ਜਿਹੜੀ ਸਜ਼ਾਂ ਤਜਵੀਜ਼ ਕੀਤੀ ਗਈ ਹੈ ਉਨ੍ਹਾਂ ਖਾਸ ਖਾਸ cases ਵਿਚ ਇਹ 30 Standard acres ਤੋਂ ਜ਼ਰੂਰ ਘਟ ਜਾਵੇਗੀ । ਉਹ ਵੀ ਮਾਲਕਾਂ ਦੀ ਆਪਣੀ ਅਨਗਹਿਲੀ ਕਰਕੇ । ਸਰਕਾਰ ਦਾ ਇਸ ਵਿਚ ਵੀ ਕੋਈ ਦੋਸ਼ ਨਹੀਂ । ਉਸ ਹਾਲਤ ਵਿਚ ਸਰਕਾਰ ਨੇ ਜ਼ਰੂਰ ਇਹ ਹਕ ਆਪਣੇ ਪਾਸ ਲਿਆ ਹੈ ਕਿ ਜੇ ਉਹ ਖੁਦ declare ਨਹੀਂ ਕਰਦਾ ਤਾਂ ਸਰਕਾਰ ਆਪਣੇ ਆਪ ਕਰ ਦਵੇ । ਜੇ ਉਹ ਆਪ ਵੀ ਕਰਦਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਮੁਜਾਰੇ ਨੂੰ ਆਪਣੀ ਜ਼ਮੀਨ ਤੋਂ ਬੇਦਖਲ ਕਰ ਦਵੇ । ਇਹ ਚੀਜ਼ ਕਤਈ ਨਹੀਂ । ਇਦਾਂ ਨਹੀਂ । ਮੁਜ਼ਾਰਾ ਜਿਹੜਾ ਹੈ ਉਹ ਬਦਸਤੂਰ ਉਸ ਜ਼ਮੀਨ ਤੇ ਬੈਠਾ ਰਹਿ ਸਕੇਗਾ । ਸਿਰਫ ਉਸ ਵੇਲੇ ਜਦੋਂ ਕਿਸੇ ਨਾਗਹਾਨੀ ਵਜਾ ਕਰਕੇ ਜਾਂ ਫੈਸਲਾ ਬੇਦਖਲੀ ਕਰ

[ਮਾਲ ਮੰਤ੍ਰੀ]

ਕੇ ਉਹ Court ਵਿਚੋਂ ਬੇਦਖਲ ਕੀਤਾ ਜਾਂਦਾ ਹੈ ਤਾਂ ਉਸ ਕੋਲੋਂ ਉਹ ਜ਼ਮੀਨ ਲਈ ਜਾ ਸਕਦੀ ਹੈ ਵਰਨਾ ਉਹ selection ਉਸ ਦੀ ਮਨਸ਼ਾ ਦੇ ਮੁਤਾਬਕ ਹੀ ਚਲੇਗੀ। ਇਸ ਲਈ ਇਹ ਹਕ ਉਸ ਨੂੰ ਦਿੱਤਾ ਗਿਆ ਹੈ। ਇਸ ਦੇ ਮੁਤਾਬਕ ਹਰ ਮਾਲਕ ਲਈ 30 ਏਕੜ ਜ਼ਮੀਨ ਛਡੀ ਜਾਣੀ ਹੈ। ਇਹ ਉਸ ਦੀ ਮਰਜ਼ੀ ਤੇ ਹੋਵੇਗਾ ਕਿ ਉਹ ਇਹ 30 ਏਕੜ ਜ਼ਮੀਨ ਭਾਵੇਂ ਮੁਜ਼ਾਰੇ ਵਾਲੀ ਰਖੇ ਜਾਂ ਆਪਣੀ ਖੁਦਕਾਸ਼ਤ ਦੀ ਰਖੇ ਜਾਂ ਰਲੀ ਮਿਲੀ ਰਖੇ ਪਰ ਇਸ ਦਾ ਇਹ ਮਤਲਬ ਨਹੀਂ ਕਿ ਉਸ ਨੂੰ ਮੁਜਾਰੇ ਦੇ ਬੇਦਖਲ ਕਰਨ ਦਾ ਹਕ ਹੋ ਜਾਵੇਗਾ। ਸਿਰਫ ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ— ।

Mr. Speaker : Question is—

That in the proposed section 5-A, line 8, *between* the words "him" and "in", *insert* "immediately before the commencement of the principal Act of 1953".

The motion was lost.

Mr. Speaker : Question is—

That in the proposed section 5-B, sub-section (1), line 4, *between* "area" and "and' *insert* "from the land not occupied by the tenants".

The motion was lost.

Mr. Speaker : Question is—

That in the proposed section 5-B, sub-section (2), lines 5 and 6, *for* "such person is entitled to retain under the provisions of this Act", *substitute* "is not held by the tenants".

The motion was lost.

Mr. Speaker : Question is—

Omit the proviso to sub-section (2) of the proposed section 5-B.

The motion was lost.

Mr. Speaker : Question is—

Omit the proviso to sub-section (1) of the proposed section 5-C.

The motion was lost.

Mr. Speaker : Question is—

For the proposed section 5-A, the following section be substituted

"5-A. Declrations supported by affidavits to be furnished by certain land-owners and tenants. Every landowner or tenant who owns or holds land in excess of the permissible area or who owned or held, or whose ancestor owned or held land in excess of the permissible area on the 15th of August, 1947, should furnish within a period of two months from the commencement of the Punjab Security of Land Tenures (Amendment) Act, 1957, a declaration supported by an affidavit in respect of the entire land owned or held by him or by his ancestor on the 15th August, 1947, in such form and manner and to such authority as may be prescribed giving particulars of all transfers or dispositions of land made by him or by his ancestor since 15th August, 1947".

The motion was lost.

Mr. Speaker : Question is—

In the proposed section 5-B, sub-section (1), line 2, *between* "who" and "has" *insert* "or his ancestors".

The motion was lost.

Mr. Speaker : Question is—

In the proposed section 5-B, sub-section (1), line 3, *for* "his", *substitute* "their".

The motion was lost.

Mr. Speaker : Question is—

In the proposed section 5-B, sub-section (1), line 4, *between* "area" and "and", *insert* "only from the land under his possession and self-cultivation, not effecting the rights of the tenants".

The motion was lost.

Mr. Speaker : Question is—

In the proposed section 5-A, line 4, *between* "permissible area" and "shall furnish", *insert* "and whose land is situated in more than one Patwar Circle".

The motion was carried.

Mr. Speaker : Question is—

In the proposed section 5-A, line 8, *for* "entire land", *substitute* "lands".

The motion was carried.

Mr. Speaker : Question is—

In the proposed section 5-B, sub-section (1), line 5, *between* "authority" and "in", *insert* "within the period specified in section 5-A and".

The motion was carried.

Mr. Speaker : Question is—

In the proposed section 5-B, sub-section (1), lines 6 and 7, *for* "and send the same with declaration to be furnished by him under section 5-A", *substitute* the following proviso :—

"Provided that a landowner who is required to furnish a declaration under Section 5-A, shall intimate his selection along with that declaration".

The motion was carried.

Mr. Speaker : Question is—

In the proposed section 5-C, sub-section (1), lines 4 and 5, *for* "State Government or any officer authorised by it in this behalf", *substitute* "prescribed authority not below the rank of Collector".

The motion was carried.

Mr. Speaker : Question is—

In the proposed section 5-C, sub-section (1), line 6, *between* "whole" and "of", *insert* "or part".

The motion was carried.

Mr. Speaker : Question is—

In the proposed section 5-C, sub-section (1), lines 7—9, *for* "the State Government or the authorised officer, as the case may be", *substitute* "such authority".

The motion was carried.

Mr. Speaker : Question is—

That for the proposed sections 5-B and 5-C, *substitute* the following :—

"5-B. (1) If a landowner failed to reserve the area for self-cultivation within the prescribed period as provided in the parent Act, he has forfeited the right to do so now. The State Government or any other officer authorised by it in this behalf may by order direct that the whole of the land of such landowner or tenant in excess of 10 standard acres to be specified by the State Government or the authorised officer, as the case may be, shall be deemed to be surplus area of such landowner or tenant and shall be utilised by the State Government for the purpose mentioned in Section 10 A.

(2) Where a landowner or tenant who is required to furnish a declaration under section 5-A, fails to do so, the prescribed authority may in respect of him obtain the information required to be shown in the declaration through such agency as it may deem fit".

The motion was lost.

Mr. Speaker : Question is—

That Clause 3, as amended, stand part of the Bill.

The motion was carried.

CLAUSE 1 AND TITLE

Mr. Speaker : Question is—

That Clause 1 and Title stand part of the Bill.

The motion was carried.

Minister for Revenue (Giani Kartar Singh) : Sir, I beg to move—

That the Punjab Security of Land Tenures (Amendment) Bill, as amended, be passed.

Mr. Speaker : Motion moved—

That the Punjab Security of Land Tenures (Amendment) Bill, as amended, be passed.

श्री इन्द्र सिंह (जीन्द जनरल) : जनाब स्पीकर साहिब, जो बातें पहले इस बिल पर कही गई हैं मैं उन्हें 3rd stage पर repeat नहीं करना चाहता। लेकिन इस में चन्द एक बातें defects के तौर पर जो मैं ने देखी हैं उन्हें मैं आप के नोटिस में लाना चाहता हूं और आप की मार्फत वज़ीर साहिब के नोटिस में लाना चाहता हूं।

सब से पहली बात ज़मीन की selection और penalty के बारे में है। इस बिल में landowners और tenants दोनो को penalty लग सकती और दोनों को ही ज़मीन की selection का अख्तियार दिया गया है कि वह selection कर के form भर कर भेजें। इस सिलसिले में मैं अर्ज़ करना जाहता हूं कि इस में landowners और tenants में

clash हो जाने का इमकान है। जब दोनों landowner और tenant एक ही जमीन को select करते हैं तो इसके लिये इस कानून में क्या हल दिया गया है। यह ऐसी position का हल बताने के लिए बिल्कुल silent है।

दूसरी बात जो मैं कहना चाहता हूं वह यह है कि वज़ीर साहिब ने अभी यहां पर जितनी बातें कहीं हैं वह सब ज़बानी और अल्फाज की जादूगरी के तौर पर कही हैं। उन्होंने हाऊस को enlighten करने के लिये यह बिल्कुल बताने की कोशिश नहीं की कि 1947 के बाद कितनी transfers हुई हैं और Land Utilization Act का जो section उन्होंने बताया है उस के अन्दर किस तरह से असर-अन्दाज़ हुई हैं वह transfers और इस act के पास होने से पहले हमारे पास कितना surplus area था। जब तक वज़ीर साहिब के पास यह figures भी न हों तो इन की ज़बानी बातें करनेसे यहां जो सुन रहे हैं इस हाऊस की वही राये नहीं हो सकती जो शास्त्री जी ने बताई है। जो section quote किया गया है मेरे ख्याल में इस हाऊस को constitutionally कोई अख्तियार नहीं है कि यह किसी transfer पर पाबन्दी लगा सके। लेकिन जो 1953 कि बाद की position है वह मैं अर्ज़ कर दूं कि जब landowner के पास ज़मीन ही नहीं रही तो fundamentally वह किस तरह से Utilization Act के तहत ले सकेंगे। और यह एक बड़ा भारी कनस्टीट्यूशनल प्वायंट है। यह एक फंडामैंटल राइट है। अगर कोई आदमी ट्रांस्फर करने की पोज़ीशन में है तो फिर किस तरह से युटिलाइज़ेशन ऐक्ट की बात करते हैं। यह कहते हैं कि हम ने सब कुछ कवर अप कर लिया है। थोड़ी सी तो ज़मीन है और अब छः महीने की मुहलत और दे रहे हैं कि अगर कोई बाकी ज़मीन है तो वह भी ट्रांस्फर हो जाए जभी तो हर तरफ से कहते हैं कि मत बोलो। एक बात मैं आप से यह कहना चाहता हूं कि सिर्फ शोर मचाने या बड़े २ लफ्ज़ इस्तेमाल करने से टैनैंट का भला नहीं होता। दरअसल कांग्रेस हकूमत की हालत तो उस सांप जैसी है जिस के मुंह में छपकली हो। उसे निगले तो कोहड़ी वर्ना कलंकी। अगर टैनेंटस के हक में कोई कानून बनाते हैं तो ज़मींदार तंग करते हैं और ऐसा न करें तो कांग्रेस हाई कमांड से घबराते हैं। अब इस वक्त दो ही सवाल हैं। कनस्टीट्यूशनल प्वायंट यह है कि अगर कोई आदमी अपनी ज़मीन ट्रांस्फर कर चुका है तो किस तरह से उस से वापिस ली जा सकती है। दूसरी बात यह है कि लैंड ओनर और उस का टैनेंट जो है अगर वह एक ही पीस सिलैक्ट करें तो यह कानून इस बारे में कोई सौल्यूशन नहीं करता। मैं तो समझता हूं कि चूंकि यह कोई मतलब हल नहीं करता इस लिए हाउस का वक्त ज़ाया किया गया है। इस मसले को हल करने के लिए तो एक कम्प्रीहैंसिव कानून बनाया जाना चाहिए। सीधी सी बात है कि जितनी फालतु ज़मीन है ले ली जाए। हालत यह है कि इतना तो बता नहीं सकते कि इन के पास सरपलस ज़मीन है कितनी। बाकी लफ्ज़ बड़े शानदार रखे हैं : बोना फाइडी, मैला फाइडी इजैक्टिड टैनैंट्स या लैंडलैस टैनूंट्स वगैरह। मगर जब तक सारी पोज़ीशन का हाउस को न पता लगे तब तक यह फैसला क्या करे। क्या लफ़्ज़ों को ही सोचकर फैसला दे दिया जाए ? किसी किस्म की फिगर्ज़ तो हमारे सामने हैं नहीं इस पर कनसिड्रेशन क्या हो। आप यह सारी चीज़ें ब्रौड मेजोरिटी के बल पर पास करते जा रहे हैं। आप को फिर अमैंडिंग

[श्री इन्द्र सिंह]

बिल लाने पड़ेंगे और कम्युनिस्ट भाई इस को सिलैक्ट कमेटी के सपुर्द करने की तजवीज करेंगे (हंसी) जब कोई इमानदार मैम्बर इस के डिफैक्ट्स दूर करने की कोशिश करता है तो उसके मुतल्लिक यह कहा जाता है कि यह डिलेइंग टैक्टिक्स से काम ले रहा है। घंटी। मुझे उम्मीद है कि वज़ीर साहिब इन दोनों बातों पर रोशनी डालेंगे।

चौधरी साधू राम (नारायणगढ़, जनरल) : स्पीकर साहिब, मैं इस मत के साथ सहमत हूं कि यह बिल पास किया जाना चाहिए। मगर मैं दो बातें भी कहना चाहता हूं। एक तो यह है कि इन्होंने जो अमेंडमैंट अभी कबूल की है उस की रू से बहुत सारा बोझ लैंडओनर्ज़ से उतर कर रैवेन्यू अफसरों और उन के अमले पर आ पड़ा है। मैं उन से यह कहना चाहता हूं कि यह इस बात को क्लैरीफाई करें कि आया छः महीने की मियाद जो लैंडओनर के सिलसिले में थी अब भी है या नहीं; आया छः महीने के अन्दर यह अपनी एजैन्सी के थ्रु वह डेटा इकट्ठा कर लेंगे कि नहीं। एक तो यह चीज़ है। दूसरे जो क्लाज़ 5 बी है उस के मुताल्लिक न तो यह समझ आता है कि उन्होंने यह हक कि मालिकान जो जगह चाहें सिलैक्ट कर लें, दुबारा क्यों दिया है और न ही इस से कुछ तसल्ली होती है। क्या इस के यह मायने हैं कि जिन लोगों ने इस कानून की पांच छः साल मिट्टी पलीद की और सरकार की प्रोग्रेसिव पालिसी के रास्ते में रोड़े अटकाए उन को एक और मौका ऐसी ही बात करने का दिया जाए ? क्या उनके पुराने रवैये से यह साबित नहीं होता कि वह इस का भी नाजायज़ फ़ायदा उठायेंगे ? एक बात मैं इस के सिलसिले में यह कहना चाहता हूं कि जहां इस से कुछ इन्फरमेशन गवर्नमैंट के सामने आएगी और अवाम को इस बात का पता लगेगा कि इस स्टेट में कितने मालिक हैं जिन के पास सरपलस लैंड है और यह कितनी है वहां साथ ही यह भी कहता हूं कि यह कानून पंजाब में कुछ आउट आफ डेट है। जो मुज़ारों का मसला है वह कतन तौर पर इस से हल होने वाला नहीं है और हम देखेंगे कि छः महीने के बाद हमारे सामने जो नक्शा आएगा उससे मुझे नहीं लगता कि हम किसी तरीके से टैनैंट्स को रीसैटल कर सकेंगे। और मेरी समझ में नहीं आता कि सन् 1947 से 1957 में क्या चीज़ लागु थी। 1947 के बाद जो ट्रांस्फ़र्ज़ हुई हैं उन पर इस में मैला फाइडी और बोना फाइडी के लफज़ रख देने से कोई असर नहीं पड़ता और न इन के कहने से यह साबत होता है कि इस बात की गवर्नमैंट जिम्मेदार थी कि फैसला करती कि कितनी ट्रांस्फ़र्ज़ बोना फाइडी हैं। मगर यह नहीं कर सके। मैं समझता हूं कि गवर्नमैंट इस जिम्मेदारी से नहीं बच सकती। अब जो चीज़ें यह लाना चाहते हैं तो मैं चाहता हूं कि सरकार पिछले हालात से कुछ सबक ले। एक और बात कह कर मैं अपनी स्पीच खतम करता हूं। और वह यह है कि यह सारा कुछ जो आज तक हुआ यह कुछ अब आउट आफ डेट हो चुका है। दो साल पहले इस से लोगों का कुछ भला हो सकता था मगर अब तो यह न ही स्टेट और उस के अवाम की रिक्वायरमैंट्स को पूरा करता है और न ही प्लैनिंग कमिशन की सिफारिशात को पूरा करता है। 1948 में जो कांग्रेस ऐग्रेरियन कमेटी ने सिफारिशात की थीं मैं समझता हूं कि यह उस को भी पूरा नहीं करता। इस लिए मैं मिनिस्टर इनचार्ज से यह पुरज़ोर सिफारिश करूंगा कि इस स्टेट और देश से मुज़ारे और मालिक के नाम को मिटाने के बाद और एक यूनीफार्म नाम पैदा करने के बाद जब तक एक कम्प्रीहैंसिव बिल नहीं आता उस वक्त तक स्टेट और मुज़ारों का फ़ायदा न होगा

और न ही मालिकों का होगा। मालिकों का मैं इस लिए कहता हूं और उन का तरफदार न होते हुए भी यह कहता हूं कि उस से उनका भी फ़ायदा होगा। आज वह इस तज़बज़ब में हैं कि पता नहीं कल को इन के साथ क्या होगा, ज़मीन इन के पास रहेगी या नहीं। इस से पैदावार पर असर पड़ता है। इस लिए मैं कहता हूं कि आज वक्त की ज़रूरत को पूरा करने के लिए जल्दी से जल्दी इस बिल के ज़रिए जो इनफरमेशन कलैक्ट करनी है कर लें और फिर ऐसी कमेटी बनाएं जो पैप्सू या दूसरी स्टेट्स के भी बिल्ज़ को देखे ताकि सरकार इस मसले को पूरे तौर पर हल कर सके।

मौलवी अब्दुल ग़नी डार (नूह) : स्पीकर साहिब, मुझे खुशी थी कि ज्ञानी जी ने एक बहुत ही अच्छा बिल हाउस के सामने रखा। Principal Act की चर्चा चौधरी सिरी चन्द और दूसरे भाइयों ने की और कहा कि यह तो मार देने के मसाक है कि एक आदमी के पास सिर्फ दस एकड़ रह जाए और बाकी 20 एकड़ ज़ब्त कर लिये जाए। अब ज्ञानी जी ने गु मीत जी की अमेंडमेंट को रखने का इरादा किया है जिस से कि बड़ी मुश्किल हो जायगी। और जो सज़ा वह देना चाहते थे उस का कितना असर कायम रहेगा ? सरकार बड़ी फराखदिली से जिम्मेदारी लेती है लेकिन पटवारी की गलती से एक नया मसला पैदा हो जाएगा।

दूसरी बात में फिर उन्होंने कहा कि यह सरकार की अथारिटी ही मानी जाएगी। तो अगर पटवारी के हाथों कोई मुज़ारों का भला होता है तो इस में मुझे शक है। जनाब मेरी आंखें पांच बरसों से देखती आ रही हैं कि मुज़ारों का मसला आपकी विसातत से इस शानदार हाऊस में पेश होता रहा है। लेकिन आज भी यही देखता हूं कि मुज़ारे दिन-ब-दिन निकाले जा रहे हैं। मैंने ज्ञानी जी के महकमे में दरखास्त पेश की कि मेरे हल्के में जो छोटे-छोटे लैंडलार्ड्स हैं वह मुज़ारों को इस कदर बरबाद कर रहे हैं कि जिसकी कोई मिसाल नहीं। चौधरी श्री चंद ने कहा कि कोई मिसाल दो। स्पीकर साहिब, इन आंखों ने देखा और इन दोनों कानों ने सुना कि दस वर्ष से मेवात में मेव मुसलमानों की सौ फीसदी ज़मीनों को कितने बुरे तरीके से हड़प किया जा रहा है और छोटे-छोटे ज़मीदार उनको कितना तंग करते हैं। फिर मिसाल की क्या ज़रूरत है ? और मैं इन मुसलमानों की ही बात नहीं कर रहा मैं अपनी बात करता हूं...........

ਸਰਦਾਰ ਜਸਦੇਵ ਸਿੰਘ ਸੰਧੂ : ਕੀ ਆਨਰੇਬਲ ਮੈਂਬਰ relevant ਹਨ ?

Mr. Speaker : I am trying to find out.

मौलवी अब्दुलगनी डार : अगर मेरे भाई को रेलेवेंट नहीं दिखाई देता तो मैं यह बतलाना चाहता हूं कि यह ज़मींदार वह ज़मीदार हैं जिन्होंने मुल्क के साथ गद्दारी की और गद्दारी के सिला में मुरब्बे ले कर बैठ गए। आज बैठ कर बड़ी-बड़ी डींगें मारते हैं कि मुज़ारे नहीं निकाले गए और कोई ज़मीन से बेदखल नहीं हुए। मैंने अपनी आंखों से देखा है। मैं किस की बात मानूं और क्यों कोई मिसाल दूं। मैं ने जो कुछ देखा और तकलीफ हुई, मुझे उसके कहने का हक हासिल है। मैं मुल्क की आज़ादी के लिए कांग्रेस का एक सिपाही बन कर लड़ता रहा हूं। मैं 20 बरस तक बापू की रहनुमाई और पंडित जवाहर लाल नेहरू की रहनुमाई में इस बात के लिए जद्दोजेहद करता रहा हूं कि हमारा मुल्क आज़ाद हो और हमने इस बात की कसम

[मौलवी अब्दुल गनी डार]
ली थी कि हम मुज़ारो को ज़मीन दिलाएंगे ।

अध्यक्ष महोदय : काफ़ी कुछ कह गए । अब असली बात पर आइए । (The hon. Member has said a lot. Let him come to the real point).

मौलवी अब्दुल गनी डार : जनाब, मुझे इसलिए दुःख हुआ कि इन ज़मींदारों ने कहा और ज्ञानी जी ने मान लिया । मैं पूछना चाहता हूं कि जो उन्होंने कानून पेश किया उस कानून को जानने वाले कितने हैं । इस कानून को वह अनपढ़ किसान तो क्या समझेंगे बड़े-बड़े पढ़े लिखे जमीदार भी नहीं समझ सकते । मैं समझता हूं स्पीकर साहिब , इन तमाम बुराईयों के बावजूद ज्ञानी जी की नियत नेक है (हंसी) मैं मुबारिकबाद देता हूं लेकिन उनसे दरख़ास्त करता हूं ।

अध्यक्ष महोदय : आप दोनो की नियत साफ़ है (Both of them have good intentions) ।

मौलवी अब्दुल गनी डार : जनाब स्पीकर साहिब, मैं जानता हूं कि ज्ञानी जी सही तौर पर इस स्टेट को आगे ले जाना चाहते हैं, लेकिन उन्होंने जो गुरमीत साहिब की बात मानी और उनकी अमेंडमैंट ऐक्सेप्ट की.........

सरदार गुरमीत सिंह 'मीत' : आनरेबल मैम्बर झूठ कहते हैं । मैं मुज़ारों की नुमाइंदगी करता हूं ।

मौलवी अब्दुल गनी डार : यह छोटा भाई है । सच कहे या झूठ, कोई बात नहीं है । लेकिन मैं कहता हूं कि ज्ञानी जी ने नेकनियती से काम किया है और वह उन लोगों के चक्कर में नहीं आए जिन्होंने देश के साथ गद्दारी की थी ।

श्री राम प्यारा (करनाल) : स्पीकर साहिब, मुझे हालात से यह पता चला.......

अध्यक्ष महोदय : हालात से क्या पता चला? (What has the circumstances to do with it?)

श्री राम प्यारा : जनाब जब से यह कानून बना तब से बेदखलियां होनी शुरू हो गईं, पहिले नहीं थीं । अगर देखा जाए तो बहुत सारी ज़मीन मुज़ारों से ले ली गई । अगर गवर्नमैंट दरखास्तें ले कि सन् 1953 से कितनी बेदखलियां हुई तो दरखास्तों की भरमार हो जाएगी । गवर्नमैंट की नियत पर किसी को शक नहीं, लेकिन यह चीज़ ठीक नहीं ।

अध्यक्ष महोदय : यह बिल की थर्ड रीडिंग है । (This is the third reading of the Bill.)

श्री राम प्यारा : अब मेरा यह खदशा है कि सन् 53 के बहुत सारे मालिकों ने ज़मीन बेच दी है और 30 स्टैंडर्ड एकड़ रिजर्व कर ली है । और बेचने के लिए मुज़ारों से बेदखल करवा ली है । ज्ञानी जी ने फरमाया कि 53 में जब ऐक्ट बना था तब से जमीन तसव्वर की जाएगी.....

अध्यक्ष महोदय : यह बातें तो सभी मैम्बरों ने रेज़ की हैं । (These things have been said by almost all the Members.)

श्री राम प्यारा: मैं पूछना चाहता हूं कि क्या जब टेनैंट्स रिस्टोर्ड (restored) होंगे या वापसी का मतालबा किया जाएगा तो जो वह खरीदने वाले हैं वह सारे मिल जाएंगे । तो क्या गवर्नमट उनके प्रैशर को बर्दाश्त करेगी, कोई नया कानून तो नहीं बना देगी ?

अध्यक्ष महोदय : खदशात जल्दी जल्दी बतलाइए। (The hon. Member may express his fears quickly.)

श्री राम प्यारा : इतनी बेनती और है कि हमारी प्रोग्रेस होने दें।

अध्यक्ष महोदय : इतनी बातें देख कर प्रोग्रेसिव बन जाना चाहिए। (The hon. Member should become progressive after seeing so many progressive measures.)

श्री राम प्यारा : स्पीकर साहिब, जिनके पास मकान हैं, फैक्टरीज हैं वह नहीं ली जातीं और जमीन ले ली जाती है। मैं यह नहीं कहना चाहता कि जैसे किसी ने कहा कि तू काना तो अगले ने भी कहा कि तू काना। मैं तो सिर्फ यह कहना चाहता हूं कि इन फैक्ट्रियों की भी हिफाजत न की जाए और उन के लिए एक कानून बनाया जाए।

डाक्टर परमानंद : आन ए प्वाइंट आफ इनफरमेशन, सर, यह बिल जो इस हाऊस म पास होने के लिए आया है यह उन लोगों के ऊपर एप्लाई (apply) होगा जोकि को-आपरेटिव सोसाइटीज़............

Mr. Speaker: This is a speech and not a point of information.

ਚੌਧਰੀ ਸੁੰਦਰ ਸਿੰਘ (ਗੁਰਦਾਸਪੁਰ ਰਿਜ਼ਰਵਡ) : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ, ਇਹ ਜਿਹੜਾ ਅਮੈਂਡਮੈਂਟ ਬਿਲ ਪੇਸ਼ ਹੋਇਆ ਹੈ ਇਸ ਦੀ ਗਿਆਨੀ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਕਿਉਂਕਿ ਇਹ ਬਿਲ ਅੱਗੇ ਨਾਲੋਂ ਕੁਛ progressive ਹੈ। ਬਾਕੀ ਛੀਨਾ ਸਾਹਿਬ ਨੇ ਜਿਹੜੀ ਅਮੈਂਡਮੈਂਟ ਪੇਸ਼ ਕੀਤੀ ਸੀ ਉਹ ਉਨ੍ਹਾਂ ਨੇ ਵਾਪਸ ਲੈ ਕੇ ਬੜਾ ਚੰਗਾ ਕੰਮ ਕੀਤਾ ਹੈ। (ਸ਼ੋਰ)

ਇਕ ਮਾਨਯੋਗ ਮੈਂਬਰ : ਚੌਧਰੀ ਸਾਹਿਬ ਸਾਰੇ ਮੈਂਬਰਾਂ ਦੀਆਂ ਸਪੀਚਾਂ ਦੀ reference ਨਾ ਦਿਉ।

ਸ੍ਰੀ ਸਪੀਕਰ : ਜਿਹੜੇ ਮੈਂਬਰ ਸਾਹਿਬਾਨ ਪਿੱਛੇ ਬੈਠੇ ਹੋਏ ਹਨ ਉਹ ਮਿਹਰਬਾਨੀ ਕਰਕੇ ਚੌਧਰੀ ਸਾਹਿਬ ਨੂੰ disturb ਨਾ ਕਰਨ। [The hon. members sitting behind the hon. member should not disturb him.]

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ 1950, 1951, 1953, 1955 ਦੇ ਵਿਚ ਏਥੇ ਯੱਕੇਬਾਅਦ ਦੀਗਰੇ ਬਿਲ ਲਿਆਂਦੇ ਗਏ। ਮਗਰ ਉਦੋਂ ਏਥੇ ਜ਼ਿਮੀਦਾਰਾਂ ਦਾ ਜ਼ੋਰ ਹੁੰਦਾ ਸੀ। ਇਸ ਕਰਕੇ ਉਹ ਆਪਣੇ ਮਤਲਬ ਦੇ ਕਾਨੂੰਨ ਬਣਾਉਂਦੇ ਸਨ। ਇਸ ਵਾਸਤੇ ਨਤੀਜਾ ਇਹ ਹੋਇਆ ਕਿ ਇਨ੍ਹਾਂ ਸਾਲਾਂ ਦੇ ਵਿਚ ਮੁਜ਼ਾਰਿਆਂ ਦੀ ਅੰਧਾ ਧੁੰਦ ejectment ਹੁੰਦੀ ਰਹੀ ਔਰ ਇਹ ਮੁਜ਼ਾਰਿਆਂ ਦੇ ਮਸਲੇ ਨੂੰ ਹਲ ਨਾ ਕਰ ਸਕੇ ਸਗੋਂ ਉਹ ਹੋਰ ਪੇਚੀਦਾ ਬਣ ਗਿਆ। ਇਹ ਗਲ ਸਾਨੂੰ ਮਨਣੀ ਪਏਗੀ, ਔਰ ਮੈਂ ਸਮਝਦਾ ਹਾਂ ਕਿ ਦਲੇਰੀ ਨਾਲ ਮਨਣੀ ਚਾਹੀਦੀ ਹੈ ਕਿ ਉਦੋਂ ਏਥੇ ਵੱਡੇ ਵੱਡੇ ਜ਼ਿਮੀਦਾਰ ਪਾਵਰ ਦੇ ਵਿਚ ਸਨ ਔਰ ਉਹ ਨਹੀਂ ਸੀ ਚਾਹੁੰਦੇ ਕਿ ਮੁਜ਼ਾਰਿਆਂ ਦੇ ਫ਼ਾਇਦੇ ਲਈ ਕੋਈ ਕਦਮ ਚੁਕਿਆ ਜਾਵੇ। ਇਸ ਕਰਕੇ ਸਪੀਕਰ ਸਾਹਿਬ, ਜਿਤਨੇ ਮੁਜ਼ਾਰੇ ਬੇਦਖ਼ਲ ਕੀਤੇ ਗਏ ਹਨ ਉਨ੍ਹਾਂ ਨੂੰ ਗੌਰਮੈਂਟ ਬਹਾਲ ਨਹੀਂ ਕਰ ਸਕੀ। ਸਾਡੀ ਪੰਜਾਬ ਗੌਰਮੈਂਟ ਨੇ ਜਿਹੜਾ ਮੁਜ਼ਾਰਾ ਐਕਟ ਬਣਾਇਆ ਉਸ ਦੇ ਮੁਤੱਲਕ ਸ਼੍ਰੀ ਮੁਰਾਰਜੀ ਡੀਸਾਈ ਦੀ ਇਹ opinion ਹੈ ਕਿ ਪੰਜਾਬ ਦੇ ਵਿਚ ਜਿਹੜਾ ਮੁਜ਼ਾਰਾ ਐਕਟ ਬਣਿਆ ਹੈ ਉਸ ਦੇ ਨਾਲ ਉਨ੍ਹਾਂ ਦੀ ਮੁਖ਼ਾਲਫ਼ਤ ਹੋਈ ਹੈ। (*Cheers from the Opposition*

[ਚੌਧਰੀ ਸੁੰਦਰ ਸਿੰਘ]

Benches) । ਜਨਾਬ ਸਪੀਕਰ ਸਾਹਿਬ, ਮੈਂ ਤੁਹਾਡੀ ਵਸਾਤਤ ਨਾਲ ਇਹ ਗਲ ਦਸਣਾ ਚਾਹੁੰਦਾ ਹਾਂ ਕਿ ਜਦੋਂ ਇਹ ਮੁਜ਼ਾਰਾ ਐਕਟ ਪਾਸ ਕੀਤਾ ਜਾਣਾ ਸੀ ਓਦੋਂ ਸਾਡੇ ਜਿਹੜੇ ਦੋਸਤ ਜ਼ਿਮੀਦਾਰਾਂ ਦੇ ਹਾਮੀ ਸਨ ਅਸੀਂ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਇਹ ਐਕਟ ਨਾ ਬਣਾਉ ਕਿਉਂਕਿ ਇਸ ਦੇ ਨਾਲ ਮੁਜ਼ਾਰਿਆਂ ਦਾ ਕੋਈ ਫਾਇਦਾ ਨਹੀਂ ਸੀ ਹੁੰਦਾ । ਇਹ ਜਿਹੜਾ ਵੀ ਕਾਨੂੰਨ ਬਣਾਉਂਦੇ ਰਹੇ ਨੇ ਉਹ ਹਾਈ ਕਮਾਂਡ ਦੇ ਡੰਡੇ ਤੋਂ ਡਰ ਕੇ ਬਣਾਉਂਦੇ ਰਹੇ ਹਨ । ਮਗਰ ਓਦੋਂ ਏਥੇ progressive ਲੋਕਾਂ ਦੀ majority ਨਹੀਂ ਸੀ ਇਸ ਵਾਸਤੇ ਜਿਹੜੇ ਲੋਕ ਪਾਵਰ ਦੇ ਵਿਚ ਸਨ ਉਹ ਏਥੇ ਆ ਕੇ ਜਾਗੀਰਦਾਰਾਂ ਦੇ ਨਾਲ ਮਿਲ ਜਾਂਦੇ ਸਨ ਔਰ ਆਪਣੇ ਮਤਲਬ ਦੇ ਕਾਨੂੰਨ ਪਾਸ ਕਰਦੇ ਸਨ । ਸਾਡੀ ਗਲ ਨੂੰ ਕੋਈ ਨਹੀਂ ਸੀ ਸੁਣਦਾ । ਇਸ ਦਾ ਨਤੀਜਾ ਇਹ ਹੋਇਆ ਕਿ ਮੁਜ਼ਾਰਿਆਂ ਦਾ ਕਚੂੰਮਰ ਨਿਕਲ ਗਿਆ ਔਰ ਉਨ੍ਹਾਂ ਨੂੰ ਧੜਾ ਧੜ ਬੇਦਖਲ ਕਰਕੇ ਉਜਾੜਿਆ ਗਿਆ ।

ਸ਼੍ਰੀ ਸਪੀਕਰ : ਚੌਧਰੀ ਸਾਹਿਬ ਕੋਈ ਨਵੀਂ ਗਲ ਕਰੋ । (The hon. Member should say something new.)

ਚੌਧਰੀ ਸੁੰਦਰ ਸਿੰਘ : ਅੱਜ ਜਿਹੜਾ ਬਿਲ ਲਿਆਂਦਾ ਗਿਆ ਹੈ ਇਹ ਅੱਗੇ ਨਾਲੋਂ ਤਾਂ ਕਛ ਥੋੜਾ ਬਹੁਤ progressive ਮਾਲੂਮ ਹੁੰਦਾ ਹੈ ਮਗਰ ਇਸ ਦੇ ਨਾਲ ਵੀ ਮਸਲਾ ਹੱਲ ਨਹੀਂ ਹੁੰਦਾ । ਇਸ ਵਾਸਤੇ ਸਾਨੂੰ ਇਕ comprehensive ਬਿਲ ਲਿਆਉਣਾ ਪਏਗਾ । ਮੈਨੂੰ ਖੁਸ਼ੀ ਹੈ ਕਿ Treasury Benches ਤੇ ਬੈਠਣ ਵਾਲੇ ਭਰਾਵਾਂ ਨੇ ਕੁਛ ਅਗਾਹਾਂ ਵਧੂ ਕਦਮ ਚੁਕਣਾ ਸ਼ੁਰੂ ਕੀਤਾ ਹੈ ਔਰ ਸਾਡੇ ਵਿਚ ਕਈ ਜ਼ਿਮੀਂਦਾਰ ਭਰਾ ਪਰੋਗਰੈਸਿਵ ਖਿਆਲਾਂ ਦੇ ਹੋ ਗਏ ਹਨ । ਇਸ ਵਾਸਤੇ ਹੁਣ ਕੁਛ ਉਮੀਦ ਹੋ ਗਈ ਹੈ ਕਿ ਜ਼ਰੂਰ ਕੋਈ ਚੰਗਾ ਐਕਟ ਬਣੇਗਾ । ਬਾਕੀ ਜੇਕਰ ਤੁਸੀਂ ਹੁਣ ਵੀ ਨਹੀਂ ਬਣਾਉਗੇ ਤਾਂ ਤੁਹਾਡੇ ਵਿਚ ਜਿਹੜੇ progressive ਖਿਆਲਾਂ ਦੇ ਮੈਂਬਰ ਬੈਠੇ ਹੋਏ ਹਨ ਉਹ ਤਕੜੇ ਹੋਜਾਣਗੇ । ਸਪੀਕਰ ਸਾਹਿਬ ਮੈਂ ਚਾਰ ਸਾਲ ਵਜ਼ੀਰ ਰਿਹਾ ਹਾਂ ਉਦੋਂ ਜ਼ਿਮੀਂਦਾਰ ਧੜੇ ਦਾ ਇਤਨਾ ਜ਼ੋਰ ਸੀ ਕਿ ਮੇਰੀ ਜੁੱਰਤ ਨਹੀਂ ਸੀ ਕਿ ਮੈਂ ਜ਼ਮੀਨ ਦਾ ਨਾਂ ਤਕ ਵੀ ਲੈ ਸਕਾਂ । ਉਹ ਜ਼ਮੀਨ ਸੰਬੰਧੀ ਕੋਈ ਬਿਲ ਨਹੀਂ ਸੀ ਬਣਨ ਦਿੰਦੇ ਜਿਸ ਦੇ ਨਾਲ ਕਿਸੇ ਮੁਜ਼ਾਰੇ ਨੂੰ ਜਾਂ ਹਰੀਜਨ ਨੂੰ ਫਾਇਦਾ ਪਹੁੰਚ ਸਕਦਾ ਹੋਵੇ । ਮੇਰੇ ਕਈ ਦੋਸਤ ਮੈਨੂੰ ਇਹ ਗੱਲ ਕਹਿੰਦੇ ਹਨ ਕਿ ਤੁਸੀਂ ਮਨਿਸਟਰ ਰਹਿ ਚੁਕੇ ਹੋ ਤੁਸੀਂ ਉਦੋਂ ਬਿਲ ਕਿਉਂ ਨਹੀਂ ਠੀਕ ਬਣਵਾਇਆ । ਮੈਂ ਉਨ੍ਹਾਂ ਨੂੰ ਦਸਦਾ ਹਾਂ ਕਿ ਉਨ੍ਹਾਂ ਦਿਨਾਂ ਵਿਚ ਗਿਆਨੀ ਜੀ ਨਹੀਂ ਸੀ ਹੁੰਦੇ ਇਸ ਵਾਸਤੇ ਬਿਲ ਨਹੀਂ ਸੀ ਬਣ ਸਕਿਆ । (ਹਾਸਾ)

ਸਪੀਕਰ ਸਾਹਿਬ, ਮੇਰੇ ਇਲਾਕੇ ਦੇ ਵਿਚ 500 ਏਕੜ ਜ਼ਮੀਨ ਵੇਹਲੀ ਪਈ ਹੋਈ ਹੈ ਜਿਥੋਂ ਮੁਜ਼ਾਰੇ ਕੱਢੇ ਗਏ ਹਨ ਔਰ ਜ਼ਿਮੀਦਾਰ ਆਪ ਕਾਸ਼ਤ ਨਹੀਂ ਕਰਦੇ । ਏਸੇ ਤਰ੍ਹਾਂ ਪਠਾਨਕੋਟ ਤਹਿਸੀਲ ਦੇ ਵਿਚ ਇਕ ਪਿੰਡ ਪਧਰਾਲੀ ਹੈ ਉਥੇ ਮੁਜ਼ਾਰਿਆਂ ਨੂੰ ਉਜਾੜਿਆ ਗਿਆ । ਇਸ ਸੰਬੰਧੀ ਮੈਂ ਵੇਬਰ ਸਾਹਿਬ ਨੂੰ approach ਕੀਤਾ ਸੀ ਔਰ ਉਨ੍ਹਾਂ ਨੇ ਮੇਰੇ ਕਹਿਣ ਤੇ ਆਪਣਾ ਇਕ ਆਦਮੀ ਭੇਜਿਆ ਸੀ ਜਿਸ ਦਾ ਨਾਂ ਭਾਗੂ ਰਾਮ ਸੀ । ਉਸ ਨੂੰ ਮੈਂ ਦਸਿਆ ਸੀ ਏਥੋਂ ਮੁਜ਼ਾਰੇ ਬੇਦਖਲ ਕੀਤੇ ਗਏ ਹਨ । ਇਸ ਵਾਸਤੇ ਸਪੀਕਰ ਸਾਹਿਬ ਬਹਾਦਰ ਉਹ ਗੌਰਮੈਂਟ ਹੁੰਦੀ ਹੈ ਜਿਹੜੀ ਆਪਣੀ ਗਲਤੀ ਨੂੰ ਤਸਲੀਮ ਕਰੇ ਔਰ ਅਗੇ ਵਧਣ ਦੀ

ਚਾਹਵਾਨ ਹੋਵੇ । ਮੈਂ ਚਾਰ ਸਾਲ ਮਨਿਸਟਰ ਰਿਹਾ ਹਾਂ ਮਗਰ ਮੇਰੀ ਜੁਰਤ ਨਹੀਂ ਸੀ ਕਿ ਮੈਂ ਜ਼ਮੀਨ ਦਾ ਨਾਂ ਲੈ ਸਕਾਂ । ਅਜ ਗਿਆਨੀ ਜੀ ਦੇ ਰਾਜ ਵਿਚ ਮੈਂ ਸਮਝਦਾ ਹਾਂ ਕੁਝ ਥੋੜਾ ਬਹੁਤ ਕੀਤਾ ਗਿਆ ਹੈ । ਇਹ ਸ਼ੁਕਰ ਵਾਲੀ ਗਲ ਹੈ । ਮੈ ਕਹਿੰਦਾ ਹਾਂ ਕਿ ਜਦੋਂ ਤਕ ਤੁਹਾਡੇ ਮੁਕਾਬਲੇ ਤੇ ਕੋਈ ਤਕੜਾ ਆਦਮੀ ਨਾ ਆਵੇ ਉਦੋਂ ਤੱਕ ਤੁਸੀਂ ਕੰਮ ਨਹੀਂ ਕਰ ਸਕਦੇ । ਇਸ ਵਾਸਤੇ ਮੈਂ ਆਪਣੇ ਉਨ੍ਹਾਂ ਭਰਾਵਾਂ ਨੂੰ ਅਪੀਲ ਕਰਾਂਗਾ ਜਿਹੜੇ ਅਜੇ ਵੀ ਪੁਰਾਣੇ ਖਿਆਲ ਰਖਦੇ ਹਨ ਕਿ ਤੁਸੀਂ ਆਪਣੇ ਆਪ ਨੂੰ ਠੀਕ ਕਰ ਲਉ ਔਰ ਇਕ comprehensive ਬਿਲ ਲਿਆ ਕੇ ਜ਼ਿਮੀਦਾਰਾਂ ਨੂੰ preach ਕਰੋ ਕਿ ਜ਼ਮੀਨ ਸਭ ਦੀ ਸਾਂਜੀ ਹੈ । ਜ਼ਿਮੀਦਾਰ ਬਜ਼ਾਤੇਖੁਦ ਚੰਗੇ ਹਨ ਮਗਰ ਚੂੰਕਿ ਉਨ੍ਹਾਂ ਨੂੰ ਸਮਝਾਇਆ ਨਹੀਂ ਗਿਆ ਕਿ ਜ਼ਮੀਨ ਸਭ ਦੀ ਸਾਂਜੀ ਹੈ ਇਸ ਵਾਸਤੇ ਮੁਖਾਲਫਤ ਹੁੰਦੀ ਰਹੀ ਹੈ ।

ਸ਼੍ਰੀ ਸਪੀਕਰ : ਚੌਧਰੀ ਸਾਹਿਬ ਤੁਸੀਂ ਨਵੀਂ ਗੱਲ ਤਾਂ ਕੋਈ ਨਹੀਂ ਦੱਸੀ । (The hon. Member has not raised any new point.)

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ ਮੈਂ ਚਾਹੁੰਦਾ ਹਾਂ ਕਿ ਇਸ ਬਿਲ ਤੋਂ ਬਾਦ ਇਕ comprehensive ਬਿਲ ਆਵੇ ਤਾਕਿ ਮੁਜ਼ਾਰੇ ਵਚਾਰੇ ਸੁਖ ਦਾ ਸਾਹ ਲੈ ਸਕਣ ।

ਮਾਲ ਮੰਤਰੀ (ਗਿਆਨੀ ਕਰਤਾਰ ਸਿੰਘ) : ਸਪੀਕਰ ਸਾਹਿਬ, ਇਸ ਬਿਲ ਦੇ ਸਿਲਸਿਲੇ ਵਿਚ ਇਹ ਜੋ ਇਸ ਨੂੰ ਪਾਸ ਕਰਨ ਦੀ ਮੋਸ਼ਨ ਹੈ ਇਸ ਤੇ ਬੋਲਦੇ ਹੋਏ ਕੁਝ ਬਾਤਾਂ ਕਹੀਆਂ ਗਈਆਂ ਹਨ । ਉਨ੍ਹਾਂ ਵਿਚੋਂ ਚੌਧਰੀ ਇੰਦਰ ਸਿੰਘ ਸਾਹਿਬ ਨੇ ਇਕ ਗਲ ਤਾਂ ਇਹ ਕਹੀ ਹੈ ਕਿ ਇਹ ਕਾਨੂੰਨ ਜਿਹੜਾ ਹੈ ਜਦੋਂ ਉਨ੍ਹਾਂ ਜ਼ਮੀਨਾਂ ਤੇ ਅੰਦਾਜ਼ ਹੋਣ ਲੱਗੇਗਾ ਜਿਹੜੀਆਂ ਵਿਕ ਚੁਕੀਆਂ ਹਨ ਤਾਂ ਉਨ੍ਹਾਂ ਜ਼ਮੀਨਾਂ ਦੇ ਮਾਲਕ ਮਹਿਜ਼ fundamental right ਦੀ ਆੜ ਲੈ ਕੇ ਅਦਾਲਤ ਵਿਚ ਕਾਮਯਾਬ ਹੋ ਜਾਣਗੇ ਔਰ ਸਾਡੀ ਸਾਰੀ ਕੀਤੀ ਕਰਾਈ ਮਿਹਨਤ ਜ਼ਾਇਆ ਜਾਏਗੀ । ਮੈਂ ਕਹਿੰਦਾ ਹਾਂ ਕਿ ਅਸੈਂਬਲੀਆਂ ਜਿਹੜੀਆਂ ਹਨ ਇਹ ਸਾਧਾਰਣ ਤੌਰ ਤੇ ਕਾਨੂੰਨ ਬਣਾ ਸਕਦੀਆਂ ਹਨ । ਬਾਕੀ ਇਹ ਵੇਖਣਾ ਕਿ ਕਿਹੜੀ ਕਿਹੜੀ ਚੀਜ਼ ਦੇ ਮੁਤੱਲਕ ਕਾਨੂੰਨ ਬਣ ਸਕਦਾ ਹੈ ਐਸੀਆਂ ਬੀਸੋਂ ਚੀਜ਼ਾਂ ਰੋਜ਼ ਕੋਰਟਸ ਦੇ ਵਿਚ ਜਾਂਦੀਆਂ ਹਨ ਔਰ ਉਥੇ ਫੈਸਲੇ ਹੁੰਦੇ ਰਹਿੰਦੇ ਹਨ । ਜਿੱਥੋਂ ਤੱਕ fundamental rights ਦਾ ਤਅੱਲੁਕ ਹੈ, ਜਾਂ ਇਸ ਅਸੈਂਬਲੀ ਦੇ ਕਾਨੂੰਨ ਬਣਾਉਣ ਦੀ ਅਸਮਰਥਾ ਦਾ ਤਅੱਲੁਕ ਹੈ ਜਾਂ ਇਸ ਹਾਊਸ ਵਿਚ ਕਿਸੇ ਪਿਛਲੀ ਹੋਈ ਕਾਰਵਾਈ ਦਾ ਤਅੱਲੁਕ ਹੈ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦੇਖਦੇ ਹੋਏ ਮੈਂ ਸਮਝਦਾ ਹਾਂ ਕਿ ਇਹ ਕਾਨੂੰਨ ਬਣ ਸਕਦਾ ਹੈ ਔਰ ਇਸ ਨੂੰ ਅਦਾਲਤ ਰਦ ਨਹੀਂ ਕਰੇਗੀ । ਮੈਂ ਜਾਣਦਾ ਹਾਂ ਕਿ Fundamental Rights ਦੇ ਵਿਚ ਕੋਈ ਵੀ ਤਜਾਰਤ ਕਰਨ ਦਾ ਹਕ ਹੈ ਔਰ ਮਨੁਖ ਨੂੰ ਆਪਣੀ ਜਾਇਦਾਦ ਵੇਚਣ ਜਾਂ ਖਰੀਦਣ ਦੇ ਵਿਚ ਕੋਈ ਬੰਦਸ਼ ਨਹੀਂ ਹੋ ਸਕਦੀ । ਇਹ ਚੀਜ਼ਾਂ Fundamental Right ਦੀ definition ਵਿਚ ਰਖੀਆਂ ਗਈਆਂ ਹਨ ਲੇਕਿਨ ਉਸ ਦੇ ਵਿਚ ਜਦੋਂ ਦਿੱਕਤ ਆਈ ਤਾਂ ਇਹ ਕਿਹਾ ਗਿਆ ਕਿ ਕਾਨੂੰਨ ਬਣਾਉਣ ਵਿਚ reasonable ਬੰਦਸ਼ਾਂ ਲਗਾਈਆਂ ਜਾ ਸਕਦੀਆਂ ਹਨ । ਇਸ ਵਾਸਤੇ ਜੋ ਕੁਛ ਅਸੀਂ ਇਸ ਬਿਲ ਵਿਚ ਕਰ ਰਹੇ ਹਾਂ ਉਹ ਉਨ੍ਹਾਂ reasonable ਬੰਦਸ਼ਾਂ ਦੀ ਟਰਮ ਥੱਲੇ ਆ ਜਾਏਗਾ । ਇਸ ਚੀਜ਼ ਨੂੰ ਮਦੇਨਜ਼ਰ ਰਖਦਿਆਂ ਹੋਇਆਂ ਮੈਂ ਸਮਝਦਾ ਹਾਂ

[ਮਾਲ ਮੰਤਰੀ]

ਕਿ ਇਹ ਅਸੈਂਬਲੀ ਇਹ ਕਾਨੂੰਨ ਬਣਾਉਣ ਲਈ competent ਹੈ ਔਰ Fundamental Right ਦੀ ground ਤੇ ਰਦ ਨਹੀਂ ਕਰੇਗੀ। ਕਾਨੂੰਨ ਬਣਾਉਣਾ ਅਸੈਂਬਲੀ ਦਾ ਕੰਮ ਹੈ ਔਰ ਉਸ ਨੂੰ ਵੇਖਣਾ ਕਿ ਆਇਆ ਇਹ ਠੀਕ ਹੈ ਜਾਂ ਨਹੀਂ ਇਹ ਕੋਰਟ ਦਾ ਕੰਮ ਹੈ। ਚੌਧਰੀ ਸਾਹਿਬ ਦੇ ਕਹਿਣ ਤੇ ਮੈਂ ਕੋਰਟ ਦੇ ਫੈਸਲੇ ਨੂੰ ਐਂਟੀਸਿਪੇਟ ਨਹੀਂ ਕਰ ਸਕਦਾ।

ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਹੈ ਕਿ ਇਹ ਚੀਜ਼ ਦਸੇ ਬਗੈਰ ਕਾਨੂੰਨ ਬਣਾਇਆ ਜਾ ਰਿਹਾ ਹੈ ਕਿ ਕਿਤਨੀ ਜ਼ਮੀਨ ਸਰਪਲਸ ਹੋਵੇਗੀ ਔਰ ਕਿਤਨੀ ਜ਼ਮੀਨ ਮੁਜ਼ਾਰਿਆਂ ਨੂੰ ਦਿੱਤੀ ਜਾਵੇਗੀ। ਉਹ ਕਹਿੰਦੇ ਹਨ ਕਿ ਇਹ ਤੇਜ਼ੀ ਔਰ ਕਾਹ੍ਲੀ ਦਾ ਕਦਮ ਹੈ। ਮੈਂ ਕਹਿੰਦਾ ਹਾਂ ਕਿ ਬਹੁਤ ਹਦ ਤਕ ਤਾਂ ਇਹ ਬਿਲ ਔਰ ਇਸ ਤੋਂ ਪਹਿਲਾਂ ਜਿਹੜਾ ਐਕਟ ਪਾਸ ਹੋਇਆ ਸੀ ਉਸ ਦਾ ਇਕ ਹਿੱਸਾ ਇਹ ਸੀ ਕਿ surplus ਜ਼ਮੀਨ ਲੈ ਲਈ ਜਾਵੇ ਔਰ ਉਸ ਦਾ ਹਿਸਾਬ ਕਿਤਾਬ ਲਾਇਆ ਜਾਵੇ ਔਰ ਉਸ ਦੇ ਹਿਸਾਬ ਕਿਤਾਬ ਲਈ ਰੀਟਰਨਜ਼ ਹਾਸਲ ਕੀਤੀਆਂ ਜਾਣ। ਅਗਰ ਸਾਨੂੰ ਸਾਰੀਆਂ ਗੱਲਾਂ ਦਾ ਪਹਿਲੇ ਪਤਾ ਹੁੰਦਾ ਤਾਂ ਸਾਨੂੰ ਬਿਲ ਵਿਚ ਇਹ ਗੱਲ ਰਖੱਣ ਦੀ ਲੋੜ ਨਾ ਪੈਂਦੀ। ਇਸ ਲਈ ਇਹ ਜਿਹੜਾ ਕਾਨੂੰਨ ਹੈ ਇਸ ਨੂੰ ਪਾਸ ਕਰਕੇ ਔਰ ਲਾਗੂ ਕਰਕੇ ਅਸੀਂ ਜ਼ਮੀਨ ਦੇ ਆਦਾਦੋਸ਼ਮਾਰ ਹਾਸਲ ਕਰਨਾ ਚਾਹੁੰਦੇ ਹਾਂ। ਆਦਾਦੋਸ਼ਮਾਰ ਹਾਸਲ ਕਰਨ ਤੋਂ ਪਹਿਲਾਂ ਅਸੀਂ ਇਹ ਚੀਜ਼ ਹਾਊਸ ਦੇ ਵਿਚ ਕਿਸ ਤਰ੍ਹਾਂ ਦਸ ਸਕਦੇ ਸੀ।

ਇਸ ਤੋਂ ਇਲਾਵਾ ਕੁਝ ਮੁਖਤਸਰ ਜਿਹਿਆਂ ਚੀਜ਼ਾਂ ਇਨ੍ਹਾਂ ਨੇ ਹੋਰ ਵੀ ਕਹੀਆਂ ਹਨ ਪਰ ਮੈਂ mainly ਇਕ ਦੋ ਚੀਜ਼ਾਂ ਬਾਰੇ ਕਹਿਣਾ ਚਾਹੁੰਦਾ ਹਾਂ। ਇਕ ਇਸ ਗਲ ਬਾਰੇ ਬੜੀ ਚਰਚਾ ਹੈ ਕਿ ਸਰਕਾਰ ਨੇ ਮੁਜ਼ਾਰਿਆਂ ਲਈ ਕੁਝ ਵੀ ਨਹੀਂ ਕੀਤਾ ਹੈ ਅਤੇ ਇਹ ਮਸਲਾ ਹੋਰ ਪੇਚੀਦਾ ਹੋ ਗਿਆ ਹੈ। ਇਥੇ ਕਿਹਾ ਗਿਆ ਹੈ ਕਿ ਇਹ ਜੋ ਕਨੂੰਨ ਇਸ ਬਾਰੇ ਬਣਾਉਂਦੇ ਰਹੇ ਹਨ ਉਹ High Command ਦੇ pressure ਹੇਠ ਹੀ ਬਣਾਉਂਦੇ ਰਹੇ ਹਨ ਅਤੇ ਇਨ੍ਹਾਂ ਆਪ ਕੁਝ ਨਹੀਂ ਕੀਤਾ। ਮੇਰਾ ਕਹਿਣ ਤੋਂ ਭਾਵ ਇਹ ਹੈ ਕਿ ਇਹ ਤਾਂ ਸਾਰਾ ਝਗੜਾ ਪੁਲੀਟੀਕਲ ਪਾਰਟੀਆਂ ਦਾ ਪੈਦਾ ਕੀਤਾ ਹੋਇਆ ਸੀ ਅਤੇ ਉਨ੍ਹਾਂ ਨੇ ਮੁਜ਼ਾਰਿਆਂ ਨੂੰ ਆਪਣੇ ਲਈ ਇਸਤੇਮਾਲ ਕਰਨ ਦੀ ਕੋਸ਼ਿਸ਼ ਕੀਤੀ। ਅਸੀਂ ਇਸ ਗੱਲ ਨੂੰ ਮੰਨਦੇ ਰਹੇ ਹਾਂ ਕਿ ਮੁਜ਼ਾਰੇ ਜੋ ਹਨ ਗਰੀਬ ਹਨ ਅਤੇ ਇਮਦਾਦ ਦੇ ਮੁਸਤਹਿਕ ਹਨ। ਉਹ ਆਪਣੀ ਅਗਿਆਨਤਾ ਦੇ ਕਾਰਣ ਅਤੇ ਕਮਜ਼ੋਰੀ ਦੇ ਕਾਰਣ ਆਪਣੇ ਹੱਕਾਂ ਲਈ ਖੜੇ ਨਹੀਂ ਹੋ ਸਕਦੇ। ਇਸ ਲਈ ਇਸ ਵਿਚ ਹਾਈ ਕਮਾਂਡ ਦੀ ਗਲ ਨਹੀਂ ਪਰ ਇਹ ਤਾਂ ਪੁਲੀਟੀਕਲ ਪਾਰਟੀਆਂ ਦੇ ਵਿਚ ਆ ਜਾਣ ਦਾ ਨਤੀਜਾ ਹੈ ਕਿ ਹਰੇਕ ਪਾਰਟੀ ਨੇ ਮੁਜ਼ਾਰਿਆਂ ਦੇ ਮਸਲੇ ਨੂੰ ਆਪਣੇ ਆਪਣੇ ਪਰੋਗਰਾਮ ਵਿਚ ਸ਼ਾਮਿਲ ਕੀਤਾ। ਹੁਣ ਮੈਂ ਇਸ ਹਾਊਸ ਵਿਚ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਜੋ ਪਹਿਲਾਂ Original Act ਬਣਿਆ ਸੀ ਉਸ ਵਿਚ ਇਕ ਪਾਬੰਦੀ ਇਹ ਰਖੀ ਗਈ ਸੀ ਕਿ ਕੋਈ ਮੁਜ਼ਾਰਾ ਸਵਾਏ ਅਦਾਲਤ ਦੇ ਫੈਸਲੇ ਦੇ eject ਨਹੀਂ ਕੀਤਾ ਜਾ ਸਕਦਾ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਭਾਰੀ ਮਦਦ ਕੀਤੀ ਜਿਹੜੀ ਕਿ ਉਸ ਵੇਲੇ ਜ਼ਰੂਰੀ ਸੀ। ਉਨ੍ਹਾਂ ਫਿਰ ਮੁਜ਼ਾਰਿਆਂ ਦੀ ejection ਬੰਦ ਹੈ, ਭਾਵੇਂ ਉਹ ਥੋੜੀ ਜ਼ਮੀਨ ਵਾਲੇ ਦਾ ਮੁਜ਼ਾਰਾ ਹੈ ਭਾਵੇਂ ਬਹੁਤ ਜ਼ਮੀਨ ਵਾਲੇ ਦਾ ਜਦੋਂ ਤਕ ਇਸ Act ਹੇਠ surplus ਜ਼ਮੀਨ ਕਢ ਕੇ ਮੁਜ਼ਾਰਿਆਂ ਨੂੰ ਹੋਰ alternative ਜ਼ਮੀਨ ਨਹੀਂ ਦਿਤੀ ਜਾਂਦੀ। ਜਦੋਂ ਤਕ ਇਹ ਕੰਮ ਨਹੀਂ ਹੋ ਜਾਂਦਾ ਕੋਈ ਮੁਜ਼ਾਰਾ

9 p. m.

ਨਹੀਂ ਉਠਾਇਆ ਜਾ ਸਕਦਾ। ਫਿਰ ਇਥੇ ਕਿਹਾ ਗਿਆ ਹੈ ਕਿ ਬਹੁਤ ਸਾਰੀਆਂ ਥਾਵਾਂ ਤੇ ਮੁਜ਼ਾਰੇ eject ਕਰਕੇ ਕਢੇ ਗਏ ਹਨ। ਇਸਦੇ ਬਾਰੇ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੇ ੨ ਮੁਜ਼ਾਰੇ ਅਦਾਲਤਾਂ ਦੀ ਮਾਰਫਤ ਨਹੀਂ ਕਢੇ ਗਏ ਬਲਕਿ ਆਪਣੇ ਜ਼ੋਰ ਨਾਲ ਹੀ ਕਢੇ ਗਏ ਹਨ ਉਸਦੀ ਇਤਲਾਹ ਮੈਨੂੰ ਦਿਤੀ ਜਾਵੇ। ਮੁਜ਼ਾਰੇ ਦਾ ਨਾਂ ਦਸਿਆ ਜਾਵੇ ਉਸਦੇ ਪਿੰਡ ਦਾ ਨਾਂ ਦਸਿਆ ਜਾਵੇ ਅਤੇ ਹੋਰ ਸਾਰੇ particulars ਦਿੱਤੇ ਜਾਣ ਅਤੇ ਇਸਤੇ ਕਾਰਵਾਈ ਹੋ ਸਕਦੀ ਹੈ। ਜੋ ਮੈਂਬਰ ਸਾਹਿਬਾਨ ਮੁਜ਼ਾਰਿਆਂ ਲਈ ਦਰਦ ਰਖਦੇ ਹਨ ਉਹ ਜ਼ਰਾ ਹਿੰਮਤ ਕਰਨ ਅਤੇ ਘੁੰਮ ਫਿਰ ਕੇ ਪਿੰਡਾਂ ਵਿਚ ਇਹ ਸਾਰੀ ਇਤਲਾਹ ਇੱਕਠੀ ਕਰਕੇ ਅਤੇ ਸਾਰੀ ਵਾਕਫੀਅਤ ਹਾਸਿਲ ਕਰਕੇ ਮੇਰੇ notice ਵਿਚ ਲਿਆਉਣ। ਮੇਰੀ ਜਿਤਨੀ ਤੌਫੀਕ ਹੋਵੇਗੀ ਅਤੇ ਮੈਨੂੰ ਪਤਾ ਹੈ ਕਿ ਮੈਂ ਬਤੌਰ Revenue Minister ਜਦੋਂ ਤਕ ਮੈਂ ਹਾਂ ਬਹੁਤ ਕੁਝ ਇਸ ਬਾਰੇ ਕਰ ਸਕਦਾ ਹਾਂ ਮੈਂ ਇਹ ਸਾਰੀ ਇਤਲਾਹ ਮਿਲ ਜਾਣ ਤੇ ਕਾਰਵਾਈ ਕਰਾਂਗਾ। ਜਿਸ ਵਕਤ ਉਹ ਇਹ ਸਾਰੀ ਵਾਕਫੀਅਤ ਉਖੜੇ ਮੁਜ਼ਾਰਿਆਂ ਦੇ ਮੁਤਾਲਿਕ ਮੇਰੇ ਪਾਸ ਲਿਆਉਣਗੇ ਉਸ ਵਕਤ ਹੀ ਮੈਂ ਕੁਝ ਕਾਰਵਾਈ ਕਰ ਸਕਦਾ ਹਾਂ। ਪਰ ਇਥੇ ਹੁੰਦਾ ਕੀ ਹੈ? ਨਾ ਤਾਂ ਕੋਈ ਵਾਕਫੀਅਤ ਮੁਹੱਈਆ ਕੀਤੀ ਜਾਂਦੀ ਹੈ ਅਤੇ ਨ ਕੋਈ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਫਲਾਂ ਮੁਜ਼ਾਰਾ ਉਖੜ ਗਿਆ ਹੈ ਸਿਰਫ ਇਕ ਲੈਕਚਰ ਦੇ ਦਿੱਤਾ ਜਾਂਦਾ ਹੈ। ਇਨ੍ਹਾਂ ਇਕ ਲੈਕਚਰ ਜਿਹਾ ਬਣਾਇਆ ਹੋਇਆ ਹੈ ਅਤੇ ਉਸਨੂੰ ਖੜੇ ਹੋਕੇ ਰਟ ਦੇਂਦੇ ਹਨ ਕਿ ਹਜ਼ਾਰਾਂ ਮੁਜ਼ਾਰੇ ਉਜੜ ਗਏ ਹਨ ਅਤੇ ਹਜ਼ਾਰਾਂ ਮੁਜ਼ਾਰੇ ਬੇਦਖਲ ਹੋ ਗਏ ਹਨ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ....(ਇਕ ਆਵਾਜ਼ : ਕੀ ਫਿਰ ਕੋਈ ਕਾਰਵਾਈ ਕਰੋਗੇ?) ਮੈਂ ਮੈਂਬਰ ਸਾਹਿਬ ਨੂੰ ਕਹਿੰਦਾ ਹਾਂ ਕਿ ਉਹ ਅਜ਼ਮਾ ਕੇ ਵੇਖ ਲੈਣ। ਪਹਿਲਾਂ ਕੋਈ ਪੱਕੀ ਇਤਲਾਹ ਤਾਂ ਲਿਆਉ। ਇਸ ਵਕਤ ਮੁਜ਼ਾਰਿਆਂ ਨੂੰ ਸਵਾਏ ਅਦਾਲਤ ਦੀ ਮਾਰਫਤ ਅਤੇ ਉਸਦੇ ਫੈਸਲੇ ਦੇ ਕੋਈ ਮੁਜ਼ਾਰਾ ਨਹੀਂ ਉਠਾਇਆ ਜਾ ਸਕਦਾ। ਜੇਕਰ ਕੋਈ ਮੁਜ਼ਾਰਾ ਬੇਜਾ ਤੌਰ ਤੇ ਉਠਾ ਦਿੱਤਾ ਗਿਆ ਹੈ ਤਾਂ ਉਸਦੀ ਪੂਰੀ ਇਤਲਾਹ ਮੇਰੇ ਕੋਲ ਲਿਆਉ ਮੈਂ ਉਨ੍ਹਾਂ ਦੀ ਬਹਾਲੀ ਦਾ ਜਤਨ ਕਰਾਂਗਾ।

ਦੂਜੀ ਚੀਜ਼ ਇਹ ਕਹੀ ਜਾਂਦੀ ਹੈ ਕਿ ਗਿਰਦਾਵਰੀਆਂ ਬਦਲ ਕੇ......

ਸਰਦਾਰ ਧੰਨਾ ਸਿੰਘ ਗੁਲਸ਼ਨ : On a point of order Sir, ਮੇਰਾ point of order ਇਹ ਹੈ ਕਿ ਗਿਆਨੀ ਜੀ ਨੇ ਕਿਹਾ ਹੈ ਕਿ information ਦਿਉ। ਮੈਂ ਇਹ information ਦੇਣੀ ਚਾਹੁੰਦਾ ਹਾਂ ਕਿ......

अध्यक्ष महोदय : No please, बैठें आप यह information देने का तरीका नहीं है। (No. please. He should resume his seat. This is not the way to give information.)

ਮਾਲ ਮੰਤਰੀ : ਇਕ ਚੀਜ਼ ਇਹ ਕਹੀ ਜਾਂਦੀ ਹੈ ਕਿ ਗਿਰਦਾਵਰੀਆਂ ਬਦਲ ਬਦਲ ਕੇ ਉਨ੍ਹਾਂ ਮੁਜ਼ਾਰਿਆਂ ਨੂੰ ਬੇਦਖਲ ਕੀਤਾ ਜਾਂਦਾ ਹੈ। ਜਿਥੇ ਜਿਥੇ ਇਹ ਚੀਜ਼ ਹੋਈ ਹੈ ਅਤੇ ਗਿਰਦਾਵਰੀਆਂ ਬਦਲੀਆਂ ਗਈਆਂ ਹਨ ਉਸਦੀ ਇਤਲਾਹ ਮੈਨੂੰ ਦੇਣੀ ਚਾਹੀਦੀ ਹੈ। ਮੈਂ ਸਪੀਕਰ ਸਾਹਿਬ, ਇਹ ਗਲ ਤੁਹਾਡੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਇਕ ਵੀ ਮੈਂਬਰ ਅਸੈਂਬਲੀ ਨੇ ਇਹ ਚੀਜ਼ ਮੇਰੇ ਨੋਟਿਸ ਵਿਚ ਨਹੀਂ ਲਿਆਂਦੀ ਹੈ ਕਿ ਫਲਾਂ ਫਲਾਂ ਜਗਾ ਗਿਰਦਾਵਰੀਆਂ ਬਦਲੀਆਂ ਗਈਆਂ ਹਨ। ਜੇਕਰ ਕੋਈ ਅਜਿਹੀ ਗਲ ਹੈ ਉਸਦੀ ਵਾਕਫੀਅਤ ਮੈਨੂੰ ਦੇਣੀ ਚਾਹੀਦੀ ਹੈ......

ਸਰਦਾਰ ਧੰਨਾ ਸਿੰਘ ਗੁਲਸ਼ਨ : On a point of information, Sir,......

ਮਾਲ ਮੰਤਰੀ : ਇਸ ਵੇਲੇ information ਦੇਣ ਦੇ ਕੋਈ ਮਾਇਨੇ ਨਹੀਂ। ਤੁਸੀਂ ਬਾਹਰ ਮੈਨੂੰ ਇਹ ਦੇ ਸਕਦੇ ਹੋ....(*Interruptions by Sardar Dhanna Singh Gulshan.*)

अध्यक्ष महोदय : Order, order. जब आप point of information पर खड़े होते हैं और मिनिस्टर साहिब yield न करें तो फिर आप खडे नहीं हो सकते हैं। अगर ज्ञानी जी yield करेंगे तब आप information ले सकते हैं। (Order, order. When the hon. Member rises on a point of information and the hon. Minister refuses to give way, he cannot insist upon it. If Giani Ji gives way only then he can have the information.)

ਮਾਲ ਮੰਤ੍ਰੀ : ਇਕ ਦੋ ਜਗ੍ਹਾ ਕੁਝ ਮੈਂਬਰ ਸਾਹਿਬਾਨ ਮੇਰੇ notice ਵਿਚ ਲਿਆਂਦੇ ਰਹੇ ਹਨ ਅਤੇ ਮੈਂ ਕਾਰਵਾਈ ਵੀ ਕਰਦਾ ਰਿਹਾ ਹਾਂ। ਮੈਂ ਤਾਂ ਖੁਦ ਮੈਂਬਰ ਸਾਹਿਬਾਨ ਅਗੇ ਬੇਨਤੀ ਕਰਦਾ ਹਾਂ ਕਿ ਉਹ ਅਗੇ ਆਉਣ ਅਤੇ ਮੁਜ਼ਾਰਿਆਂ ਦੀ ਮਦਦ ਕਰਨ। ਜਿਥੇ ਕਿਤੇ ਗਿਰਦਾਵਰੀਆਂ ਵਿਚ ਫਰਕ ਪਾਇਆ ਗਿਆ ਹੈ ਉਸਦੀ ਇਤਲਾਹ ਮੈਨੂੰ ਦੇਣ ਤਾਕਿ ਮੈਂ ਕੋਈ ਕਾਰਵਾਈ ਕਰ ਸਕਾਂ। ਬਗੈਰ ਕਿਸੀ ਇਤਲਾਹ ਦੇ ਦਿਤੇ ਅਤੇ ਬਗੈਰ ਕਿਸੀ ਗਲ ਦੇ ਸਿਰਫ ਖੜੇ ਹੋਕੇ ਇਕ ਜਨਰਲ ਜਿਹਾ lecture ਦੇ ਦੇਣ ਨਾਲ ਕਿ ਮੁਜ਼ਾਰੇ ਉਜਾੜ ਦਿਤੇ ਗਏ ਹਨ ਬੇਦਖਲ ਕਰ ਦਿਤੇ ਗਏ ਹਨ ਮੈਂ ਸਮਝਦਾ ਹਾਂ ਕਿ ਕੋਈ ਉਨ੍ਹਾਂ ਦੀ ਇਮਦਾਦ ਨਹੀਂ ਹੁੰਦੀ। ਪੰਜਾਬ ਵਿਚ ਮੁਜ਼ਾਰੇ ਲਖਾਂ ਦੀ ਤਾਦਾਦ ਵਿਚ ਹੋਣਗੇ ਅਤੇ ਮਾਲਿਕ ਵੀ ਲਖਾਂ ਦੀ ਤਾਦਾਦ ਵਿਚ ਹੀ ਹੋਣਗੇ। ਜਿਥੇ ਲਖਾਂ ਇੰਨਸਾਨਾਂ ਦਾ ਮਾਮਲਾ ਹੈ ਅਤੇ ਉਨ੍ਹਾਂ ਦੇ ਮੁਫਾਦ ਦੇ ਟਕਰਾਉਣ ਦੀ ਗਲ ਹੈ ਉਥੇ ਜੇਕਰ ਕੁਝ ਸੈਂਕੜੇ ਵਿਅਕਤੀ ਬੇਦਖਲ ਹੋ ਗਏ ਹੋਨ ਤਾਂ ਮੈਂ ਇਹ ਤਸਲੀਮ ਕਰਨ ਲਈ ਤਿਆਰ ਨਹੀਂ ਕਿ ਇਹ ਕੋਈ ਬਹੁਤ ਭਾਰੀ ਤਾਦਾਦ ਹੈ। ਫਿਰ ਵੀ ਇਸ ਕਾਨੂੰਨ ਨੇ ਮੁਜ਼ਾਰਿਆਂ ਨੂੰ ਬਹੁਤ protection ਦਿੱਤੀ ਹੈ ਅਤੇ ਥੋੜੇ ਮੁਜ਼ਾਰੇ ਹਨ ਜਿਨ੍ਹਾਂ ਨੂੰ ਬੇਦਖਲ ਹੋਣਾ ਪਿਆ ਹੈ ਅਤੇ ਉਹ ਵੀ ਅਦਾਲਤਾਂ ਦੀ ਰਾਹੀਂ ਹੋਏ ਹੋਣਗੇ। ਜੋ ਮੁਜ਼ਾਰੇ ਬੇਜਾ ਤੌਰ ਤੇ ਬੇਦਖਲ ਹੋਏ ਹਨ ਅਤੇ ਇਸ ਕਨੂੰਨ ਦੇ ਮਾਤਹਤ ਬਗੈਰ ਅਦਾਲਤ ਦੀ ਮਾਰਫਤ ਹੋਏ ਹਨ ਉਨ੍ਹਾਂ ਦੀ ਇਤਲਾਹ ਮੈਨੂੰ ਦਿਤੀ ਜਾਵੇ। ਮੈਂ ਮੈਂਬਰ ਸਾਹਿਬਾਨ ਅਗੇ ਅਪੀਲ ਕਰਦਾ ਹਾਂ ਕਿ ਉਹ ਇਸ ਸਿਲਸਿਲੇ ਵਿਚ ਮੇਰੇ ਨਾਲ co-operate ਕਰਨ ਅਤੇ ਮੈਨੂੰ ਪੂਰੀ ਵਾਕਫੀਅਤ ਮੁਹੈਈਆ ਕਰਨ। ਉਨ੍ਹਾਂ ਦੀ ਬਹਾਲੀ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਉਨ੍ਹਾਂ ਨਾਲ ਪੂਰਾ ਇਨਸਾਫ ਹੋਵੇਗਾ। ਬਗੈਰ ਇਤਲਾਹ ਦੇ ਮੇਰੇ ਲਈ ਕੁਝ ਵੀ ਕਰਨਾ ਨਿਹਾਇਤ ਹੀ ਮੁਸ਼ਕਿਲ ਗਲ ਹੈ। ਇਨੀਆਂ ਥੋੜੀਆਂ ਜਿਹੀਆਂ ਗਲਾਂ ਕਰਕੇ ਮੈਂ ਆਪਦੇ ਸਾਹਮਣੇ ਬੇਨਤੀ ਕਰਾਂਗਾ ਅਤੇ ਹਾਊਸ ਦੇ ਸਾਹਮਣੇ ਬੇਨਤੀ ਕਰਾਂਗਾ ਕਿ ਇਸ ਕਨੂੰਨ ਨੂੰ ਪਾਸ ਕੀਤਾ ਜਾਵੇ।

ਇਸ ਤੋਂ ਇਲਾਵਾ ਮੈਂ ਇਕ ਹੋਰ ਪੇਸ਼ਕਸ਼ ਕਰਦਾ ਹਾਂ ਕਿ ਜਿਨ੍ਹਾਂ ਮੈਂਬਰ ਸਾਹਿਬਾਨ ਨੂੰ ਮੁਜ਼ਾਰਿਆਂ ਜਾਂ ਮਾਲਕਾਂ ਦੇ ਸਿਲਸਿਲੇ ਵਿਚ ਇਨ੍ਹਾਂ ਕਾਨੂੰਨਾਂ ਵਿਚ ਕੋਈ ਨੁਕਸ ਦਿਖਾਈ ਦਿੰਦੇ ਹਨ ਜਾਂ ਸਰਕਾਰ ਦੀ ਕਾਰਵਾਈ ਦੇ ਮੁਤੱਲਕ ਕੋਈ ਨੁਕਸ ਨਜ਼ਰ ਆਉਂਦੇ ਹਨ ਉਹ ਮੇਰੇ ਨਾਲ ਗੱਲ ਕਰਨ, ਮੈਨੂੰ ਇਸ ਗੱਲ ਦੀ ਇਤਲਾਹ ਦੇਣ, ਕੋਈ ਵਕਤ ਮੁਕਰਰ ਕਰਨ ਮੈਂ ਉਨ੍ਹਾਂ ਨਾਲ ਵਿਚਾਰ ਕਰਨ ਲਈ ਹਾਜ਼ਰ ਹਾਂ (ਪ੍ਰਸ਼ੰਸਾ) ।

ਉਸ ਵਿਚਾਰ ਅਤੇ ਵਾਕਫੀਅਤ ਦੇ ਆਧਾਰ ਤੇ ਜੇਕਰ ਕੋਈ ਕਾਰਵਾਈ ਕਰਨ ਦੀ ਜ਼ਰੂਰਤ ਮਹਿਸੂਸ ਹੋਵੇਗੀ ਤਾਂ ਮੈਂ ਅਪਣੇ ਸਾਥੀਆਂ ਨਾਲ ਵਿਚਾਰ ਕਰਕੇ ਅਗੇ ਕਦਮ ਉਠਾਉਣ ਲਈ ਤਿਆਰ ਹਾਂ । ਬਗੈਰ ਪੂਰੀ ਤਰ੍ਹਾਂ ਵਿਚਾਰ ਕੀਤਿਆਂ ਜੇਕਰ ਮੈਂ ਹੁਣ ਕੋਈ ਵਾਇਦਾ ਕਰ ਦਿਆਂ ਤਾਂ ਮੈਂ ਸਮਝਦਾ ਹਾਂ ਕਿ ਉਹ ਮੁਨਾਸਿਬ ਨਹੀਂ ਹੋਵੇਗਾ ।

ਇਕ ਚੀਜ਼ ਮੈਂ ਹੋਰ, ਸਪੀਕਰ ਸਾਹਿਬ, ਹਾਊਸ ਦੀ ਨਿਗਾਹ ਵਿਚ ਲਿਆਉਣਾ ਚਾਹੁੰਦਾ ਹਾਂ । ਉਹ ਇਹ ਹੈ ਕਿ ਮੈਂ ਮੈਂਬਰ ਸਾਹਿਬਾਨ ਨੂੰ ਜ਼ਰਾ ਦਿਆਲਤਾ ਲਈ ਅਪੀਲ ਕਰਦਾ ਹਾਂ । ਹਰੇਕ ਮੈਂਬਰ ਨੂੰ ਇਹ ਗੱਲ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਜਿਥੇ ਸਦੀਆਂ ਤੋਂ ਇਕ ਸੁਭਾਵ ਬਣਿਆ ਹੋਇਆ ਹੋਵੇ, ਜਿਥੇ ਮੁਫਾਦਾਂ ਦਾ ਵੀ ਸਵਾਲ ਹੋਵੇ ਅਤੇ ਜਿਥੇ ਫਿਰ ਇਕ ਚੀਜ਼ ਦਾ ਕਿਸੇ ਨਾ ਕਿਸੇ ਤਰ੍ਹਾਂ ਕੋਈ ਫਰੀਕ ਆਪਣੇ ਆਪ ਨੂੰ ਮਾਲਕ ਸਮਝਦਾ ਹੋਵੇ ਅਤੇ social ਹਾਲਾਤ ਬਦਲਣ ਕਰਕੇ ਉਹ ਚੀਜ਼ ਉਸ ਤੋਂ ਲੈਣੀ ਹੋਵੇ ਤਾਂ ਉਸ ਸੂਰਤ ਵਿਚ ਅਗਰ ਕੁਝ ਉਹ ਤੜਫਦਾ ਹੈ, ਨਾਰਾਜ਼ ਹੁੰਦਾ ਹੈ ਜਾਂ ਕੁਝ ਦੁਖ ਮੰਨਦਾ ਹੈ ਤਾਂ ਉਸਦੀ ਜੋ ਇਹ ਮਾਨਸਕ ਅਵਸਥਾ ਹੈ ਉਸ ਵਿਚ ਉਸਦੇ ਨਾਲ ਹਮਦਰਦੀ ਰਖ ਕੇ ਹੀ ਗਲ ਕਰਨੀ ਚਾਹੀਦੀ ਹੈ । ਗੁੱਸੇ ਵਿਚ ਆ ਕੇ ਗੱਲ ਨਹੀਂ ਕਰਨੀ ਚਾਹੀਦੀ । ਜਿਸਤੋਂ ਕੋਈ ਚੀਜ਼ ਲੈਣੀ ਹੋਵੇ ਉਸਦੇ ਨਾਲ ਮਿੱਠੇ ਬਚਨ ਬੋਲਣੇ ਚਾਹੀਦੇ ਹਨ ਕਿਉਂ ਜੋ ਉਸਨੂੰ ਸੱਟ ਜੋ ਮਾਰਨੀ ਹੈ । ਜੇਕਰ ਇਸ ਮਾਮਲੇ ਵਿਚ ਜ਼ਰਾ ਨਰਮੀ ਨਾਲ ਗੱਲ ਕੀਤੀ ਜਾਵੇ ਤਾਂ ਕੋਈ ਹਰਜ ਨਹੀਂ ਹੋਵੇਗਾ ਬਲਕਿ ਆਪਣੇ ਨਿਸ਼ਾਨੇ ਵਿਚ ਹੋਰ ਵਧ ਕਾਮਯਾਬੀ ਹੋਵੇਗੀ ।

ਫਿਰ ਇਹ ਕੋਈ ਪਸੰਦੀਦਾ ਗੱਲ ਨਹੀਂ ਕਿ ਜ਼ਿਮੀਂਦਾਰ ਔਰ ਗੈਰ ਜ਼ਿਮੀਂਦਾਰ ਦੇ ਅਤੇ ਮੁਜ਼ਾਰਾ ਔਰ ਗ਼ੈਰ ਮੁਜ਼ਾਰਾ ਦੇ ਤੌਰ ਤੇ ਅਸੀਂ ਆਪਸ ਵਿਚ ਕੋਈ ਵਿਤਕਰਾ ਜਾਂ ਤਲਖੀ ਪੈਦਾ ਕਰੀਏ । ਹਰੇਕ ਮੈਂਬਰ ਦੇ ਸਿਲਸਲੇ ਵਿਚ ਇਹ ਗੱਲ ਹੋਵੇਗੀ ਕਿ ਜਦੋਂ ਉਸਦੇ ਜਾਤੀ ਮੁਫਾਦ ਤੇ ਜਾਂ ਉਸ ਦੇ ਹਲਕੇ ਦੇ ਮੁਫਾਦ ਤੇ ਚੋਟ ਪੈਂਦੀ ਹੋਵੇ ਤਾਂ ਮੈਨੂੰ ਬਹੁਤ ਘਟ ਅਜਿਹੇ ਦੇਵਤਾ ਮੈਂਬਰ ਨਜ਼ਰ ਆਉਂਦੇ ਹਨ ਜਿਨ੍ਹਾਂ ਨੂੰ ਉਸਦੀ ਤਕਲੀਫ਼ ਨਾ ਹੁੰਦੀ ਹੋਵੇ । ਮੁਖਤਲਿਫ਼ ਮਸਲੇ ਜਦੋਂ ਪੈਦਾ ਹੋਣ ਤਾਂ ਮੁਖਤਲਿਫ਼ ਖਿਆਲਾਤ ਤੇ ਗਵਾਂ ਵੀ ਹੁੰਦੀਆਂ ਹੀ ਹਨ । ਕਦੇ ਇਕ ਮਸਲੇ ਤੇ ਕਿਸੇ ਨੂੰ ਚੋਟ ਪੈਂਦੀ ਹੈ ਅਤੇ ਕਿਸੇ ਦੂਜੇ ਮਸਲੇ ਤੇ ਕਿਸੇ ਹੋਰ ਨੂੰ ਚੋਟ ਪੈਂਦੀ ਹੈ ਅਤੇ ਮੁਫਾਦਾਂ ਦਾ ਟਕਰਾਉ ਹੋ ਜਾਂਦਾ ਹੈ । ਅਜਿਹੀ ਅਵਸਥਾ ਵਿਚ ਇਕ ਦੂਜੇ ਦੇ ਨੁਕਤਾ ਨਿਗਾਹ ਨੂੰ accommodate ਕਰਨ ਦੀ ਲੋੜ ਹੁੰਦੀ ਹੈ ਅਤੇ ਪਰੇਮ ਪਿਆਰ ਨਾਲ ਗੱਲ ਕਰਨੀ ਪੈਂਦੀ ਹੈ ।

ਅਸੀਂ ਸੋਸ਼ਲਿਸਟ ਆਰਡਰ, ਸੋਸ਼ਲਿਸਟ ਪੈਟਰਨ establish ਕਰਨਾ ਹੈ । ਮੇਰੀ ਨਿਗਾਹ ਵਿਚ ਸੱਚਾ ਸੋਸ਼ਲਿਸਟ ਉਹ ਹੈ, ਜਦੋਂ ਸ਼ਹਿਰ ਦੇ ਮੁਫਾਦ ਦੀ ਬਾਤ ਆਵੇ, ਸ਼ਹਿਰ

[ਮਾਲ ਮੰਤ੍ਰੀ]

ਦੀ ਦੁਕਾਨ ਦੀ ਜਾਂ ਮਕਾਨ ਦੀ ਗੱਲ ਆਵੇ ਤਾਂ ਸ਼ਹਿਰ ਵਿਚ ਰਹਿਣ ਵਾਲਾ ਇਸ ਗੱਲ ਲਈ ਜ਼ੋਰ ਦੇਵੇ ਉਹ ਆਪਣੇ ਮੁਫਾਦ sacrifice ਕਰਨਾ ਚਾਹੁੰਦੇ ਹਨ । ਉਹ ਸੱਚਾ ਸੋਸ਼ਲਿਸਟ ਹੈ । ਅਗਰ ਜ਼ਮੀਂਦਾਰ ਹੈ ਔਰ ਜ਼ਮੀਂਦਾਰਾਂ ਦੇ ਮੁਫਾਦ ਦੀ ਬਾਤ ਆਉਂਦੀ ਹੈ, ਜੋ ਉਸ ਨੂੰ ਕੁਰਬਾਨ ਕਰਨ ਦੀ, ਦੂਜੇ ਭਾਈਆਂ ਦੀ ਖਾਤਰ ਛਡਣ ਦੀ ਸਲਾਹ ਦਿੰਦਾ ਹੈ ਔਰ ਜ਼ੋਰ ਦਿੰਦਾ ਹੈ, ਉਹ ਆਦਮੀ ਸੋਸ਼ਲਿਸਟ ਹੈ । ਲੇਕਿਨ ਜੋ ਆਦਮੀ ਦੂਜਿਆਂ ਦੇ ਮੁਫਾਦ ਤੇ ਤਾਂ ਬੜੇ ਜ਼ੋਰ ਨਾਲ ਲੈਕਚਰ ਦਿੰਦਾ ਹੈ, ਉਹ ਦਾਅਵਾ ਕਰਦਾ ਹੈ ਕਿ ਉਹ ਸੋਸ਼ਲਿਸਟ ਹੈ, ਪਰ ਤਿਆਗ ਕੁਛ ਨਹੀਂ ਕਰਦਾ ਉਹ ਸੋਸ਼ਲਿਸਟ ਨਹੀਂ । ਇਕ ਮਿਸਾਲ ਹੈ । ਕਿਸੇ ਨੂੰ ਪੁਛਿਆ ਗਿਆ ਕਿ ਤੇਰੇ ਗਿਆਨ ਦੀ ਕੀ ਹਾਲਤ ਹੈ, ਤਾਂ ਉਸ ਨੇ ਕਿਹਾ ਕਿ ਮੈਂ ਅੱਧਾ ਬ੍ਰਹਮ ਗਿਆਨੀ ਹੋਇਆ ਹਾਂ । ਤਾਂ ਉਸ ਨੇ ਪੁਛਿਆ ਇਹ ਕਿਵੇਂ ? ਅੱਗੋਂ ਜਵਾਬ ਮਿਲਿਆ ਕਿ ਮੈਨੂੰ ਦੂਜੇ ਦਾ ਮਾਲ ਆਪਣਾ ਜਾਪਣ ਲਗ ਪਿਆ ਹੈ ਇਸ ਲਈ ਮੈਂ ਅੱਧਾ ਬ੍ਰਹਮ ਗਿਆਨੀ ਹੋ ਗਿਆ ਹਾਂ । ਬ੍ਰਹਮ ਗਿਆਨੀ ਤਾਂ ਉਹ ਹੈ ਜਿਸ ਨੂੰ ਪੂਰਾ ਗਿਆਨ ਹੋਵੇ । ਇਹੋ ਜਿਹੇ socialism ਦੇ ਨਾਉਂ ਨੂੰ ਬਦਨਾਮ ਕਰਦੇ ਹਨ । Socialism ਇਹ ਹੈ ਕਿ ਮਨੁਖ ਆਪਣੇ ਪਾਸੋਂ ਦੂਜਿਆਂ ਲਈ ਛਡਣ ਲਈ ਤਿਆਰ ਹੋਵੇ, ਆਪਣੀ ਚਾਹ ਨਾਲ ਇਹ ਸਾਬਤ ਕਰੇ । ਆਪਣੇ ਮੁਫਾਦ ਨੂੰ ਸੈਕਰੀਫਾਈਸ ਕਰਨ ਲਈ ਤਿਆਰ ਹੋਵੇ । ਅਗਰ ਇਸ ਤਰ੍ਹਾਂ ਹੋਵੇ ਤਾਂ ਲੜਾਈ ਝਗੜਾ, ਤਿੱਖਾਪਣ ਅਤੇ ਖਿਚਾ ਖਿਚੀ ਵੀ ਘੱਟ ਹੋਏਗਾ ਔਰ ਸਭ ਨੂੰ ਫਾਇਦਾ ਵੀ ਹੋ ਜਾਏਗਾ । ਸਪੀਕਰ ਸਾਹਿਬ, ਜ਼ਮੀਂਦਾਰਾਂ ਦੀ ਜ਼ਮੀਨ ਬਾਰੇ ਕੁਛ ਕਾਨੂੰਨ ਬਣਦਾ ਹੈ ਔਰ ਉਨ੍ਹਾਂ ਤੋਂ ਕੁਛ ਜ਼ਮੀਨ ਲੈਣ ਦਾ ਉਪਾ ਹੁੰਦਾ ਹੈ ਤਾਂ ਉਸ ਵੇਲੇ ਉਹ ਕਹਿੰਦੇ ਨੇ ਕਿ ਸ਼ਹਿਰ ਵਾਲਿਆਂ ਦੀ ਜ਼ਮੀਨ ਕਿਉਂ ਨਹੀਂ ਲੈਂਦੇ । ਉਨ੍ਹਾਂ ਦੇ ਮਕਾਨ ਕਿਉਂ ਨਹੀਂ ਲੈਂਦੇ, ਕਾਰਖਾਨੇ ਕਿਉਂ ਨਹੀਂ ਲੈਂਦੇ । ਮੇਰੇ ਕੋਲੋਂ ਕਿਉਂ ਲੈਂਦੇ ਹੋ । ਇਹ ਦਲੀਲ ਗਰੀਬਾਂ ਦਾ ਫਾਇਦਾ ਕਰਨ ਵਾਲੀ ਕਾਰਵਾਈ ਦੇ ਰਸਤੇ ਵਿਚ ਰੋਕ ਪਾਉਂਦੀ ਹੈ । ਅੱਛਾ ਇਹ ਹੋਵੇ ਕਿ ਉਹ ਜ਼ਮੀਨ ਦੇ ਸਿਲਸਲੇ ਵਿਚ ਰੋਕ ਨਾ ਪਾਉਣ ਔਰ ਪੂਰੀ ਹਿੰਮਤ ਨਾਲ ਆਪਣਾ ਧਿਆਨ ਏਸ ਪਾਸੇ ਦੇਣ ਕਿ ਸ਼ਹਿਰ ਦੀਆਂ ਚੀਜ਼ਾਂ ਵੀ ਗਰੀਬਾਂ ਦੇ ਭਲੇ ਲਈ ਲਈਆਂ ਜਾਣ । ਇਸ ਤਰ੍ਹਾਂ ਕਰਨ ਨਾਲ ਭਲਾ ਹੋਏਗਾ । ਜਿਥੋਂ ਤਕ ਸੋਸ਼ਲਿਸਟਿਕ ਆਰਡਰ socialistic order) ਕਾਇਮ ਕਰਨ ਵਿਚ ਰੈਵਿਨਿਊ ਮਨਿਸਟਰ ਦਾ ਤਅੱਲੁਕ ਹੈ ਇਹ ਕਾਇਮ ਕਰਨਾ ਹੈ । ਅੱਜ ਜ਼ਮੀਂਦਾਰ ਆਪਣੇ ਥਾਂ ਤੇ ਤਿੱਖੇ ਨੇ । ਮੈਨੂੰ ਉਨ੍ਹਾਂ ਦੀ ਮਦਦ ਦੀ ਵੀ ਲੋੜ ਹੈ । ਬਾਕੀ ਜਿਹੜੇ ਉਨ੍ਹਾਂ ਦੇ ਨੇੜੇ ਹੋਣ ਉਹ ਉਨ੍ਹਾਂ ਲਈ ਛਡਦੇ ਨਹੀਂ । ਉਹ ਉਨ੍ਹਾਂ ਤੋਂ ਕੁਛ ਹਾਸਲ ਕਰਨ ਵਿਚ ਮਦਦ ਕਰਨ ਤਾਕਿ ਗਰੀਬਾਂ ਦਾ ਭਲਾ ਹੋਵੇ । ਜੋ ਜ਼ਮੀਂਦਾਰਾਂ ਦੇ ਉਲਟ ਨੇ ਮੈਨੂੰ ਉਨ੍ਹਾਂ ਦੀ ਵੀ ਮਦਦ ਦਰਕਾਰ ਹੈ ਤਾਕਿ ਜ਼ਮੀਂਦਾਰ ਲੋਕਾਂ ਕੋਲੋਂ ਗਰੀਬਾਂ ਲਈ ਜੋ ਲੈਣਾ ਹੈ ਉਹ ਵੀ ਲਿਆ ਜਾ ਸਕੇ । ਜੇ ਇਹ ਜ਼ਹਨੀਅਤ ਮਦਦ ਕਰਦੀ ਹੈ ਤਾਂ ਇਸ ਨਾਲੋਂ ਅੱਛੀ ਜ਼ਹਨੀਅਤ ਹੋਰ ਕੀ ਹੋਵੇਗੀ ਕਿ ਸਾਰੇ ਆਪਣੇ ਕੋਲੋਂ sacrifice ਕਰਨ ਲਈ ਆਮਾਦਾ ਹੋਣ ਔਰ socialist order ਲਿਆਉਣ ਦੀ ਕੋਸ਼ਿਸ਼ ਕੀਤੀ ਜਾਏ । ਇਹ ਬਿਲ ਬਿਹਤਰੀਨ ਨੀਅਤ ਨਾਲ ਪੇਸ਼ ਕੀਤਾ ਗਿਆ ਹੈ ਔਰ ਇਸ ਗੱਲ ਦਾ ਯਤਨ ਹੈ ਕਿ ਇਸ ਤੇ ਅਮਲ ਹੋਵੇ । ਇਕ ਗੱਲ ਪੁੱਛੀ ਗਈ ਸੀ ਕਿ ਇਸ ਤੇ ਅਮਲ ਹੋਏਗਾ ਕਿ ਨਹੀਂ । ਇਹ ਜਿਹੜਾ ਬਾਰ ਪਾਇਆ ਗਿਆ ਹੈ ਇਸ ਤੇ ਅਮਲ ਹੋਏਗਾ ਕਿ ਨਹੀਂ । ਮੈਂ ਇਹ

ਕਹਿ ਸਕਦਾ ਹਾਂ ਕਿ ਜੋ ਪਹਿਲਾ ਐਕਟ ਹੈ ਉਸ ਨਾਲੋਂ ਇਸ ਵਿਚ ਜ਼ਿਆਦਾ ਚੰਗਾ ਤਰੀਕਾ ਅਖਤਿਆਰ ਕੀਤਾ ਗਿਆ ਹੈ । ਏਸ ਨਾਲ ਜ਼ਿਆਦਾ ਅਮਲ ਹੋਣ ਦੀ ਉਮੀਦ ਹੈ । ਭਵਿਖ ਦੀਆਂ ਗੱਲਾਂ ਕੋਈ ਕਤਈ ਠੀਕ ਤਾਂ ਕਹਿ ਨਹੀਂ ਸਕਦਾ । ਪਰ ਜਿਥੇ ਸਰਕਾਰ ਨੇ ਆਪ ਬੋਝ ਚੁਕ ਲਿਆ ਹੈ ਕਿ ਫਾਰਮਾਂ ਬਨਾਉਣੀਆਂ ਨੇ, ਓਥੇ ਮੈਂ ਸਮਝਦਾ ਹਾਂ ਸਰਕਾਰ ਲਈ ਇਹ ਕਹਿਣਾ ਬੜਾ ਮੁਸ਼ਕਲ ਹੋਏਗਾ ਕਿ ਸਾਡਾ ਅਮਲਾ ਫਾਰਮਾਂ ਨਹੀਂ ਬਣਾਉਂਦਾ ਜਾਂ ਉਹ ਪੂਰਾ ਕੰਮ ਨਹੀਂ ਕਰਦਾ, ਕੋਤਾਹੀ ਕਰਦਾ ਹੈ । ਮੈਂ ਸਮਝਦਾ ਹਾਂ ਅਮਲੇ ਨੇ ਫਾਰਮਾਂ ਬਣਾਉਣੀਆਂ ਹੋਣਗੀਆਂ । ਜ਼ਿਮੀਂਦਾਰ ਜਿਸ ਦੀ ਜ਼ਮੀਨ, ਜਿਤਨੀ ਇਸ ਹਦ ਵਿਚ ਹੋਏ ਉਹ ਫਾਰਮਾਂ ਦੇਵੇ, ਉਹ ਪੂਰਾ co-operate ਕਰੇ । ਵਾਜਬ ਤਾਂ ਹਰ ਇਕ ਸ਼ਹਿਰੀ ਲਈ ਇਹ ਹੈ । ਲੇਕਿਨ ਇਨਸਾਨੀ ਤਬੀਅਤ ਇਸ ਦੇ ਉਲਟ ਹੈ । ਬਜਾਏ ਇਸ ਦੇ ਕਿ ਉਹ co-operate ਕਰੇ ਉਹ ਇਸ ਦੇ ਉਲਟ ਉਨ੍ਹਾਂ ਨਾਲ co-operate ਨਹੀਂ ਕਰਦਾ । ਉਸ ਨੂੰ ਸਜ਼ਾ ਦੇਣ ਦਾ ਬੜਾ ਮੁਸ਼ਕਲ ਮਸਲਾ ਸਾਹਮਣੇ ਆ ਜਾਂਦਾ ਹੈ । ਜਿਥੇ ਹਜ਼ਾਰਾਂ ਆਦਮੀਆਂ ਦਾ ਸੁਭਾ ਇਹ ਹੋਏ, ਕੀ ਗੌਰਮੈਂਟ ਉਨ੍ਹਾਂ ਦੀਆਂ ਜ਼ਮੀਨਾਂ ਖੋਹੇ, ਉਨ੍ਹਾਂ ਨੂੰ ਜੇਲ੍ਹਾਂ ਵਿਚ ਭੇਜੇ ? ਇਹ ਇਕ ਬੜਾ ਕਠਨ ਮਸਲਾ ਆ ਜਾਂਦਾ ਹੈ । ਏਸ ਲਈ ਅਸੀਂ ਜ਼ਿਆਦਾ ਬੋਝ ਪਟਵਾਰੀ ਤੇ ਪਾਇਆ ਹੈ । ਮੈਂ ਸਮਝਦਾ ਹਾਂ ਕਿ 80% ਫਾਰਮਾਂ ਜਿਹੜੀਆਂ ਕਿ ਦਿੱਤੀਆਂ ਜਾਣੀਆਂ ਨੇ ਉਹ ਪਟਵਾਰੀਆਂ ਦੀ ਮਾਰਫਤ ਆ ਜਾਣੀਆਂ ਨੇ । ਇਸ ਮਸਲੇ ਦੇ ਹਲ ਵਿਚ ਸਹੂਲਤ ਹੋਏਗੀ । ਦੂਜੇ ਇਹ ਖਿਆਲ ਹੈ ਕਿ ਪਿੰਡਾਂ ਬਾਰੇ ਵਾਕਫੀਅਤ ਲਈ ਜਾਏ । ਮੈਂ ਸਮਝਦਾ ਹਾਂ ਕਿ ਜ਼ਿਮੀਂਦਾਰਾਂ ਨੇ ਜੋ ਪਹਿਲਾਂ ਇਤਲਾਹ ਦੇਣੀ ਸੀ ਉਸ ਨਾਲੋਂ ਹੁਣ ਇਸ ਮਸਲੇ ਵਿਚ ਸਹੂਲਤ ਹੋ ਜਾਏਗੀ ਕਿਉਂਕਿ ਬਾਕੀ ਵਾਕਫੀਅਤ ਜਿਹੜੀ ਹੈ ਉਹ ਅਸੀਂ ਆਪ ਮੁਹੱਈਆ ਕਰਨੀ ਹੈ ।

ਇਕ ਚੀਜ਼ ਮੌਲਵੀ ਅਬਦੁਲ ਗ਼ਨੀ ਸਾਹਿਬ ਨੇ ਕਹੀ ਸੀ । ਉਨ੍ਹਾਂ ਨੇ ਮੈਨੂੰ ਮੁਬਾਰਕ ਵੀ ਦਿੱਤੀ ਸੀ ਅਤੇ ਨਾਲ ਹੀ contradiction ਵੀ ਕੀਤੀ । ਏਸ ਗੱਲ ਦੇ ਨਾਲ ਇਹ ਵੀ ਕਿਹਾ ਕਿ ਇਨ੍ਹਾਂ ਨੇ ਸਰਦਾਰ ਗੁਰਮੀਤ ਸਿੰਘ ਦੀਆਂ amendments ਮੰਨ ਲਈਆਂ ਨੇ ਜ਼ਿਮੀਂਦਾਰਾਂ ਨੂੰ ਸਹੂਲਤ ਦੇਣ ਲਈ ਔਰ ਇਹ ਵਾਜਬ ਨਹੀਂ । ਹੋਰ ਕੰਮ ਜਿਹੜੇ ਨੇ ਉਨ੍ਹਾਂ ਵਿਚ ਪਟਵਾਰੀ ਤੇ ਬਾਰ ਕਿਉਂ ਨਹੀਂ ਪਾਇਆ, ਇਸ ਵਿਚ ਕਿਉਂ ਬਾਰ ਪਾਇਆ ਜਾ ਰਿਹਾ ਹੈ । ਮੈਂ ਏਸ ਦੇ ਮੁਤੱਲਿਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਬਾਰ ਏਥੇ ਹੀ ਨਹੀਂ, ਜਿਥੇ ਸਰਕਾਰ ਨੇ surcharge ਲਾਉਣਾ ਹੈ, ਹਾਲ੍ਹੇ ਤੇ ਲਾਉਣਾ ਹੈ, ਏਸ ਬਿਲ ਦੇ ਅੰਦਰ ਜੋ ਕਾਨੂੰਨ ਬਣ ਗਿਆ ਹੈ, ਜਿਸ ਨਾਲ ਪੈਪਸੂ ਦੇ ਇਲਾਕੇ ਦੇ ਉਤੇ ਵੀ ਇਹ surcharge ਲਾਉਣਾ ਹੈ, ਅਸੀਂ ਤਾਂ ਓਸ ਵਿਚ ਵੀ ਇਹ ਬਾਰ ਜ਼ਿਮੀਂਦਾਰ ਤੇ ਏਨਾ ਹੀ ਰਖਿਆ ਹੈ । ਜਿਸ ਦੀ ਜ਼ਮੀਨ ਇਕ ਪਟਵਾਰ ਸਰਕਲ ਤੋਂ ਵੱਧ ਪਟਵਾਰ ਸਰਕਲਾਂ ਵਿਚ ਹੋਏ ਉਹ ਆਪਣੇ ਹਾਲੇ ਦੀ ਇਤਲਾਹ ਦੇਵੇ । ਬਾਕੀ ਦੀ ਇਤਲਾਹ ਸਰਕਾਰ ਦਾ ਪਟਵਾਰੀ ਆਪ ਮੁਹੱਈਆ ਕਰ ਲਏਗਾ । ਜ਼ਮੀਨ ਦੇ ਸਿਲਸਲੇ ਵਿਚ ਜੋ ਇਸ ਪ੍ਰਕਾਰ ਦੇ ਕਾਨੂੰਨ ਮੌਜੂਦ ਹਨ ਉਨ੍ਹਾਂ ਵਿਚ ਇਹ ਚੀਜ਼ ਕਹੀ ਹੈ । ਇਸ ਹਾਊਸ ਵਿਚ ਕਹੀ ਗਈ ਹੈ । ਮੌਲਵੀ ਸਾਹਿਬ ਉਸ ਦੀ ਪਾਰਟੀ ਸੀ । ਇਸ ਵਿਚ ਕੋਈ ਉਚੇਚਾ ਇਹ ਨਹੀਂ ਕੀਤਾ, ਬਲਕਿ ਏਸ ਕਾਨੂੰਨ ਨੂੰ ਕਾਬਲੇ ਅਮਲ ਬਨਾਉਣ ਲਈ ਤਰੱਕੀ ਲਈ ਇਹ ਕੁਛ ਸਹੀ ਜਾਪਦਾ ਸੀ । ਇਸ ਲਈ ਇਹ ਰਾਇਜ ਕੀਤਾ ਗਿਆ । ਮੈਂ ਸਮਝਦਾ ਹਾਂ ਕਿ ਰਾਇਜ ਨਹੀਂ, ਬਲਕਿ ਇਸ

[ਮਾਲ ਮੰਤ੍ਰੀ]

ਕੰਮ ਨੂੰ ਮੁਕੰਮਲ ਕਰਨ ਦਾ ਸਿਲਸਲਾ ਹੈ ਔਰ ਵਾਜਿਬ ਸਿਲਸਲਾ ਹੈ। ਏਸ ਲਈ ਇਹ ਅਖਤਿਆਰ ਰਖਿਆ ਗਿਆ ਹੈ। ਬਸ, ਐਨੀਆਂ ਗੱਲਾਂ ਦੇ ਨਾਲ ਮੈਂ ਹਾਊਸ ਦੇ ਪਾਸ ਅਰਜ਼ ਕਰਦਾ ਹਾਂ ਕਿ ਏਸ ਬਿਲ ਨੂੰ ਪਾਸ ਕੀਤਾ ਜਾਵੇ।

Mr. Speaker : Question is—

That the Punjab Security of Land Tenures (Amendment) Bill, 1957, as amended, be passed.

The motion was carried.

ANNOUNCEMENT BY SECRETARY

Secretary : Sir, I have the honour to inform the House that the following Bills which were transmitted to the Punjab Legislative Council for its concurrence have been passed by it and returned without any amendment/recommendation :—

(i) The Punjab Appropriation (No. 3) Bill, 1957.

(ii) The Punjab Courts Laws Extension Bill, 1957.

